
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 52
April 10, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


**ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪਣੇ ਸਾਰੇ ਪਾਠਕਾਂ, ਸਹਿਯੋਗੀਆਂ, ਸ਼ੁਭਚਿੰਤਕ ਸਾਹਿਬਾਨ ਨੂੰ ਖਾਲਸਾ ਜੀ ਦੇ ਸਾਜਨਾ ਦਿਵਸ, ਵਿਸਾਖੀ ਅਤੇ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ**



## ਅਮਰੀਕਾ 'ਚ ਨਾਜਾਇਜ਼ ਆਉਣ ਵਾਲੇ ਭਾਰਤੀਆਂ ਦੀ ਗ੍ਰਿਫ਼ਤਾਰੀ 'ਚ ਕਮੀ

**ਵਾਸ਼ਿੰਗਟਨ (ਬਿਊਰੋ)–** ਮੈਕਸੀਕੋ ਸਰਹੱਦ 'ਤੇ ਦੀਵਾਰ ਬਣਨ ਕਾਰਨ ਅਮਰੀਕਾ ਵਿਚ ਨਾਜਾਇਜ਼ ਤੌਰ 'ਤੇ ਦਾਖਲ ਹੋਣ ਵਾਲੇ ਵਿਦੇਸ਼ੀਆਂ ਦੀ ਗਿਣਤੀ ਵਿਚ ਕਾਫ਼ੀ ਕਮੀ ਆਈ ਹੈ। ਅਮਰੀਕੀ ਪ੍ਰਸ਼ਾਸਨ ਨੇ ਮੈਕਸੀਕੋ ਸਰਹੱਦ ਤੋਂ ਨਾਜਾਇਜ਼ ਤੌਰ 'ਤੇ ਦਾਖ਼ਲ ਹੋਏ ਭਾਰਤੀਆਂ ਦੀ ਗ੍ਰਿਫ਼ਤਾਰੀ ਵਿਚ 56 ਫ਼ੀਸਦੀ ਤਕ ਕਮੀ ਆਉਣ ਦੀ ਜਾਣਕਾਰੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦਿੱਤੀ ਹੈ। ਟਰੰਪ ਪ੍ਰਸ਼ਾਸਨ ਦੱਖਣ ਵਿਚ ਮੈਕਸੀਕੋ ਨਾਲ ਲੱਗਦੀ ਸਰਹੱਦ 'ਤੇ ਦੀਵਾਰ ਖੜ੍ਹੀ ਕਰ ਰਿਹਾ ਹੈ ਜਿਸ ਨਾਲ ਦੇਸ਼ ਵਿਚ ਹੋਣ ਵਾਲੀ ਨਾਜਾਇਜ਼ ਘੁਸਪੈਠ ਨੂੰ ਰੋਕਿਆ ਜਾ ਸਕੇ।

ਸ਼ੁੱਕਰਵਾਰ ਨੂੰ ਕੈਲੀਫੋਰਨੀਆ ਖੇਤਰ ਦੀ ਰਾਊਂਡ ਟੇਬਲ ਗੱਲਬਾਤ ਵਿਚ ਡੇਲ ਰਿਓਸੈਕਟਰ ਦੇ ਚੀਫ ਪੈਟਰੋਲ ਏਜੰਟ (ਗਸ਼ਤੀ ਦਲ ਦੇ ਮੁੱਖ ਅਧਿਕਾਰੀ) ਫੈਲਿਕਸ ਚਾਵੇਜ਼ ਨੇ ਰਾਸ਼ਟਰਪਤੀ ਟਰੰਪ ਨੂੰ ਦੱਸਿਆ ਕਿ ਉਨ੍ਹਾਂ ਦੇ ਸੈਕਟਰ 'ਚ ਅਕਤੂਬਰ 2018 'ਚ ਦੀਵਾਰ ਨਿਰਮਾਣ ਦਾ ਕੰਮ ਪੂਰਾ ਹੋ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਦੇ ਖੇਤਰ 'ਚ ਨਾਜਾਇਜ਼ ਘੁਸਪੈਠ 75 ਫ਼ੀਸਦੀ ਤਕ ਘੱਟ ਹੋ ਗਈ। ਰਾਸ਼ਟਰਪਤੀ ਟਰੰਪ ਸਰਹੱਦ 'ਤੇ ਬਣੀ ਦੀਵਾਰ ਨੂੰ ਵੇਖਣ ਲਈ ਡੇਲ ਰਿਓ ਆਏ ਸਨ। ਮੈਕਸੀਕੋ ਸਰਹੱਦ 'ਤੇ ਦੀਵਾਰ ਦਾ ਨਿਰਮਾਣ ਟਰੰਪ ਦਾ ਚੋਣ ਏਜੰਡਾ ਸੀ। ਸੰਸਦ ਖ਼ਿਲਾਫ਼ ਜਾ ਕੇ ਟਰੰਪ ਅਰਬਾਂ ਡਾਲਰ ਦੀ ਲਾਗਤ ਵਾਲੀ ਇਹ ਦੀਵਾਰ ਬਣਵਾ ਰਹੇ ਹਨ। ਮੀਟਿੰਗ ਵਿਚ ਟਰੰਪ ਨੇ ਕਿਹਾ ਕਿ ਜਦੋਂ ਦੀਵਾਰ ਪੂਰੀ ਤਰ੍ਹਾਂ ਬਣ ਜਾਵੇਗੀ ਤਦ ਇਸ ਦੇ ਪ੍ਰਭਾਵ ਦੀ ਸਮੀਖਿਆ ਕਰਾਂਗੇ ਪ੍ਰੰਤੂ ਦੀਵਾਰ ਦਾ ਜਿੰਨੇ ਵੀ ਹਿੱਸੇ ਵਿਚ ਨਿਰਮਾਣ ਹੋਇਆ ਹੈ ਸਾਲ 2019 ਦੀ ਪਹਿਲੀ ਤਿਮਾਹੀ ਦੀ ਸਮੀਖਿਆ ਵਿਚ ਇਸ ਨੂੰ ਘੁਸਪੈਠ ਰੋਕਣ ਵਿਚ ਬੇਹੱਦ ਉਪਯੋਗੀ ਪਾਇਆ ਗਿਆ ਹੈ।



**(ਬਾਕੀ ਸਫਾ 9 'ਤੇ)**



ਬਹੁਜਨ ਸਮਾਜ ਪਾਰਟੀ ਸਮਰਥਕ ਯੂਨਿਟ ਨਿਊਯਾਰਕ (ਯੂ. ਐਸ. ਏ.) ਵੱਲੋਂ ਮਹਾਤਮਾ ਜੋਤੀਬਾ ਫੂਲੇ ਮਹਾਰਾਜ, ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਸੰਯੁਕਤ ਜਨਮ ਦਿਹਾੜਾ 14 ਅਪ੍ਰੈਲ ਨੂੰ ਫਾਈਵ ਸਟਾਰ ਬੈਂਕੁਇਟ ਹਾਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ।

**(ਸਬੰਧਤ ਜਾਣਕਾਰੀ ਲਈ ਦੇਖੋ ਸਫਾ 2 ਅਤੇ ਸਫਾ 32)**

## ਪੰਜਾਬ 'ਚ 118 ਆਗੂਆਂ 'ਤੇ ਲੋਕ ਸਭਾ ਚੋਣਾਂ ਲੜਨ 'ਤੇ ਲੱਗੀ ਰੋਕ

**ਜਲੰਧਰ (ਬਿਊਰੋ)–** ਚੋਣ ਕਮਿਸ਼ਨ ਨੇ ਪੰਜਾਬ ਦੇ 118 ਆਗੂਆਂ ਦੇ ਇਸ ਵਾਰ ਲੋਕ ਸਭਾ ਚੋਣ ਲੜਨ 'ਤੇ ਰੋਕ ਲਾ ਦਿੱਤੀ ਹੈ। ਕਮਿਸ਼ਨ ਨੂੰ ਪਿਛਲੀਆਂ ਚੋਣਾਂ ਦੇ ਖ਼ਰਚੇ ਦਾ ਵੇਰਵਾ ਨਾ ਦੇਣ ਤੇ ਉਸ ਦਾ ਕੋਈ ਤਸੱਲੀਬਖ਼ਸ਼ ਜਵਾਬ ਨਾ ਦੇਣ ਕਾਰਨ ਇਨ੍ਹਾਂ ਨੂੰ ਚੋਣ ਲੜਨ ਤੋਂ ਅਯੋਗ ਕਰਾਰ ਦਿੱਤਾ ਗਿਆ ਹੈ। ਇਨ੍ਹਾਂ ਆਗੂਆਂ ਨੂੰ ਤਿੰਨ ਸਾਲ ਲਈ ਚੋਣ ਲੜਨ ਤੋਂ ਅਯੋਗ ਵੀ ਕਰਾਰ ਦੇ ਦਿੱਤਾ ਗਿਆ ਹੈ। ਚੋਣ ਕਮਿਸ਼ਨ ਨੇ ਸਾਰੇ ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਇਹ ਸੂਚੀ ਭੇਜ ਦਿੱਤੀ ਹੈ। ਆਗਾਮੀ 19 ਮਈ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਨਾਮਜ਼ਦਗੀ ਪ੍ਰਕਿਰਿਆ ਸ਼ੁਰੂ ਹੋਣ 'ਤੇ ਚੋਣ ਕਮਿਸ਼ਨ ਇਨ੍ਹਾਂ ਆਗੂਆਂ ਜੀਆਂ ਨਾਮਜ਼ਦਗੀਆਂ ਨਹੀਂ ਲਵੇਗਾ ਜਾਂ ਫਿਰ ਸਕਰੂਟਨੀ ਵੇਲੇ ਉਨ੍ਹਾਂ ਦੇ ਨਾਮਜ਼ਦਗੀ ਕਾਗ਼ਜ਼ ਰੱਦ ਕਰ ਦਿੱਤੇ ਜਾਣਗੇ। ਜਿਨ੍ਹਾਂ ਉਮੀਦਵਾਰਾਂ 'ਤੇ ਚੋਣ ਲੜਨ 'ਤੇ ਰੋਕ ਲਾਈ ਗਈ ਹੈ ਉਨ੍ਹਾਂ ਵਿਚ ਜ਼ਿਆਦਾਤਰ ਆਜ਼ਾਦ ਲੜਨ ਵਾਲੇ ਹਨ ਜਦਕਿ ਕੁਝ ਛੋਟੀਆਂ ਪਾਰਟੀਆਂ ਦੇ ਹਨ। ਚੋਣ ਤਹਿਸੀਲਦਾਰ ਮਨਜੀਤ ਸਿੰਘ ਨੇ ਸੂਚੀ ਮਿਲਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਸ ਨੂੰ ਕਾਰਵਾਈ ਲਈ ਚੋਣ ਕਾਰਜ ਨਾਲ ਜੁੜੇ ਅਫਸਰਾਂ ਨੂੰ ਭੇਜ ਦਿੱਤਾ ਗਿਆ ਹੈ।



ਚੋਣ ਕਮਿਸ਼ਨ ਦੀ ਜ਼ਿਲ੍ਹਾ ਅਫਸਰਾਂ ਨੂੰ ਭੇਜੀ ਚੋਣ ਲੜਨ 'ਤੇ ਰੋਕ ਲਾਉਣ ਵਾਲੀ ਆਗੂਆਂ ਦੀ ਸੂਚੀ ਵਿਚ ਪਹਿਲੇ ਨੰਬਰ 'ਤੇ ਲੁਧਿਆਣਾ ਜ਼ਿਲ੍ਹਾ ਹੈ ਜਿੱਥੋਂ 26 ਆਗੂਆਂ ਨੂੰ ਅਯੋਗ ਕਰਾਰ ਦਿਤਾ ਗਿਆ ਹੈ। ਇਸ ਤੋਂ ਬਾਅਦ 17 ਆਗੂਆਂ ਨਾਲ ਸੰਗਰੂਰ ਤੇ 15 ਆਗੂਆਂ ਨਾਲ ਜਲੰਧਰ ਤੀਜੇ ਨੰਬਰ ਹੈ ਜਦਕਿ 11 ਉਮੀਦਵਾਰਾਂ ਨਾਲ ਅੰਮ੍ਰਿਤਸਰ ਚੌਥੇ ਨੰਬਰ 'ਤੇ ਹੈ। ਇਨ੍ਹਾਂ ਤੋਂ ਇਲਾਵਾ ਪਠਾਨਕੋਟ ਤੋਂ ਤਿੰਨ, ਗੁਰਦਾਸਪੁਰ ਤੋਂ ਚਾਰ, ਤਰਨਤਾਰਨ ਤੋਂ ਨੌਂ ਕਪੂਰਥਲਾ ਤੋਂ ਛੇ, ਮੋਹਾਲੀ ਤੋਂ ਪੰਜ, ਮੋਗੇ ਤੋਂ ਚਾਰ, ਫਿਰੋਜ਼ਪੁਰ ਦੇ ਤਿੰਨ, ਸ੍ਰੀ

**(ਬਾਕੀ ਸਫਾ 9 'ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)



SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga




RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਬਹੁਜਨ ਸਮਾਜ ਪਾਰਟੀ ਸਮਰਥਕ ਯੂਨਿਟ ਨਿਊਯਾਰਕ (ਯੂ ਐਸ ਏ) ਮਨਾਏਗਾ ਮਹਾਤਮਾ ਜੋਤੀਬਾ ਫੂਲੇ ਮਹਾਰਾਜ, ਭਾਰਤ ਰਤਨ ਬਾਬਾ ਸਾਹਿਬ ਡਾ.ਅੰਬੇਡਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਦਾ ਜਨਮ ਦਿਹਾੜਾ



ਬਹੁਜਨ ਸਮਾਜ ਪਾਰਟੀ ਸਮਰਥਕ ਯੂਨਿਟ ਨਿਊਯਾਰਕ (ਯੂ. ਐਸ. ਏ.) ਵੱਲੋਂ 14 ਅਪ੍ਰੈਲ 2019 ਦਿਨ ਐਤਵਾਰ ਨੂੰ ਭਾਰਤੀ ਸਿੱਖਿਆ ਦੇ ਜਨਕ ਮਹਾਤਮਾ ਜੋਤੀਬਾ ਫੂਲੇ ਮਹਾਰਾਜ ਜੀ, ਵਿਸ਼ਵ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਅਤੇ ਯੁੱਗ ਪੁਰਸ਼ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਫਾਈਵ ਸਟਾਰ ਬੈਂਕੁਇਟ ਹਾਲ 13-05 43ਵੀਂ ਐਵੇਨਿਊ, ਲੈਗ 15 ਲੈਂਡ ਸਿਟੀ, ਨਿਊਯਾਰਕ 11101 ਵਿਖੇ ਪ੍ਰੋਗਰਾਮ ਮਨਾਇਆ ਜਾ ਰਿਹਾ ਹੈ। ਪ੍ਰੋਗਰਾਮ ਦਾ ਵਕਤ 11 ਵਜੇ ਤੋਂ 5 ਵਜੇ ਤੱਕ ਹੋਵੇਗਾ, ਜਿਸ ਵਿਚ ਪ੍ਰਸਿੱਧ ਕਲਾਕਾਰ ਰਮਨਦੀਪ ਕਲਸੀ, ਲਖਵਿੰਦਰ ਲੱਕੀ, ਮੀਮਾਂ ਮੱਟੂ ਅਤੇ ਮੇਸੀ ਬਰਾੜ ਪਹੁੰਚ ਰਹੇ ਹਨ, ਅਤੇ ਬੁਲਾਰੇ ਪ੍ਰੇਮ ਚੁੰਬਰ, ਬੀ. ਆਰ. ਗੌਤਮ ਅਤੇ ਤਲਵਿੰਦਰ ਖਾਲਸਾ ਜੀ ਪਹੁੰਚ ਰਹੇ ਹਨ।

ਸੋ ਬਹੁਜਨ ਸਮਾਜ ਦੇ ਸਾਰੇ ਸਾਥੀਆਂ ਨੂੰ ਅਪੀਲ ਹੈ ਕਿ ਵੱਧ ਤੋਂ ਵੱਧ ਇਸ ਪ੍ਰੋਗਰਾਮ ਵਿਚ ਹਾਜ਼ਰੀਆਂ ਲਗਵਾਓ ਜੋ ਤਾਂ ਜੋ ਇਹਨਾਂ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਅਪਣਾਉਂਦੇ ਹੋਏ ਮਿਸ਼ਨ 2019 ਵਿਚ ਬਹੁਜਨ ਸਮਾਜ ਪਾਰਟੀ ਨੂੰ ਕਾਮਯਾਬ ਬਣਾ ਕੇ ਭੈਣ ਕੁਮਾਰੀ ਮਾਇਆਵਤੀ ਨੂੰ ਭਾਰਤ ਦੇਸ਼ ਦਾ ਪ੍ਰਧਾਨ ਮੰਤਰੀ ਬਣਾਇਆ ਜਾ ਸਕੇ।



My social philosophy may be said to be enshrined in three words: liberty, equality and fraternity. My philosophy has roots in religion and not in political science. I have derived them from the teachings of my master, the Buddha.

- Dr. Ambedkar

Heartiest congratulations on Dr. Ambedkar's 128th birth anniversary



# Hans Raj Kajla

# SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖਾਲਸਾ ਜੀ ਦਾ ਪ੍ਰਗਟ ਦਿਹਾੜਾ ਅਤੇ ਵਿਸਾਖੀ ਦਾ ਤਿਉਹਾਰ ਮਿਤੀ 12, 13, 14 ਅਪ੍ਰੈਲ 2019 ਨੂੰ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖਾਲਸਾ ਜੀ ਦਾ ਪ੍ਰਗਟ ਦਿਹਾੜਾ ਅਤੇ ਵਿਸਾਖੀ ਦਾ ਤਿਉਹਾਰ ਮਿਤੀ **12, 13, 14 ਅਪ੍ਰੈਲ 2019** ਨੂੰ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਕਸ਼ਮੀਰੀ ਭਾਟੀਆ (ਪ੍ਰਧਾਨ) ਅਤੇ ਬੀਬੀ ਕਮਲਜੀਤ ਭਾਟੀਆ ਜੀ ਵੱਲੋਂ ਕਰਵਾਈ ਜਾਵੇਗਾ। 12 ਅਪ੍ਰੈਲ 2019 (ਸ਼ੁੱਕਰਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਾਰੰਭ ਹੋਣਗੇ, ਜਿਹਨਾਂ ਦੇ ਭੋਗ 14 ਅਪ੍ਰੈਲ 2019 (ਐਤਵਾਰ) ਨੂੰ ਗੁਰੂ ਘਰ ਵਿਖੇ ਸਵੇਰੇ 10 ਵਜੇ ਪਾਏ ਜਾਣਗੇ। ਇਸ ਮੌਕੇ ਪੰਥ ਪ੍ਰਸਿੱਧ ਰਾਗੀ ਜਥਾ ਅਤੇ ਕੀਰਤਨੀ ਜਥੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



"NANAK NAM CHARDI KALA TERE BHANE SARBAT DA BHALA"

Please visit Gurughar website for information: WWW.SriGuruRavidassTemple.com

NOTE: Sewa is available for the dates with ***. Please contact General Secretary at 209.834.4641 for more information.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਅਪ੍ਰੈਲ ਮਹੀਨੇ ਹੋਣ ਵਾਲੇ ਪ੍ਰੋਗਰਾਮ

ਗੁਰੂ ਘਰ ਦੀ ਪ੍ਰਬੰਧਕ ਕਮੀ ਵੱਲੋਂ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਮਿਤੀ 12, 13, 14 ਅਪ੍ਰੈਲ 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਜਾ ਰਹੇ ਹਨ।

**12 ਅਪ੍ਰੈਲ 2019 ਦਿਨ ਸ਼ੁੱਕਰਵਾਰ ਨੂੰ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ।**

**14 ਅਪ੍ਰੈਲ 2019 ਦਿਨ ਐਤਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**



ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਖਾਲਸੇ ਦੇ ਜਨਮ ਦਿਹਾੜੇ ਵੈਸਾਖੀ ਪੁਰਬ ਦੀ ਖੁਸ਼ੀ ਵਿਚ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 19, 29, 21 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਜਾ ਰਹੇ ਹਨ।

**19 ਅਪ੍ਰੈਲ 2019 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**20 ਅਪ੍ਰੈਲ 2019 ਦਿਨ ਸ਼ਨਿਚਰਵਾਰ ਸ਼ਾਮ ਵੇਲੇ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਬਸਤਰਾਂ ਦੀ ਸੇਵਾ।**

**21 ਅਪ੍ਰੈਲ 2019 ਦਿਨ ਐਤਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

ਗੁਰੂ ਘਰ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਬਾਸੀ ਪਰਿਵਾਰ, ਸਹੋਤਾ ਪਰਿਵਾਰ, ਕੰਦੋਲਾ ਪਰਿਵਾਰ ਵੱਲੋਂ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 26, 27, 20 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ।

**26 ਅਪ੍ਰੈਲ 2019 ਦਿਨ ਸ਼ੁੱਕਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**28 ਅਪ੍ਰੈਲ 2019 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

**ਗੁਰੂ ਘਰ ਦਾ ਫੋਨ ਨੰਬਰ 530-674-2564**

**SHRI GURU RAVIDASS TEMPLE**

**1480 HAYNE AVENUE, YUBA CITY, CA 95993**

ੴ ਸਤਿਗੁਰ ਪ੍ਰਸਾਦਿ ।

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ।

ਘਲੇ ਆਵਇ ਨਾਨਕਾ ਸਦਿ ਉਠੀ ਜਾਹਿ।।

## ਰਾਜੂ ਪਰਿਵਾਰ ਨੂੰ ਗਹਿਰਾ ਅਸਹਿ ਸਦਮਾ ਸਪੁੱਤਰ ਡੇਵਿਡ ਪ੍ਰਕਾਸ਼ ਰਾਜੂ ਦਾ ਦੇਹਾਂਤ

ਪਿਟਸਬਰਗ (ਬਿਊਰੋ)- ਪੰਜਾਬੀ ਭਾਈਚਾਰੇ 'ਚ ਇਹ ਖਬਰ ਬੜੇ ਦੁੱਖੀ ਹਿਰਦੇ ਨਾਲ ਪੜ੍ਹੀ ਜਾਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਦੇ ਸਾਬਕਾ ਪ੍ਰਧਾਨ ਸ੍ਰੀ ਰਾਮ ਪ੍ਰਕਾਸ਼ ਰਾਜੂ ਅਤੇ ਸ੍ਰੀਮਤੀ ਪ੍ਰਮਜੀਤ ਕੌਰ ਰਾਜੂ ਦਾ ਸਪੁੱਤਰ ਡੇਵਿਡ ਪ੍ਰਕਾਸ਼ ਰਾਜੂ (46) 4 ਅਪ੍ਰੈਲ 2019 ਨੂੰ ਅਕਾਲ ਚਲਾਣਾ ਕਰ ਗਿਆ ਜੋ ਆਪਣੇ ਪਿੱਛੇ ਮਾਤਾ-ਪਿਤਾ ਤੋਂ ਇਲਾਵਾ ਆਪਣੀ ਧਰਮ ਪਤਨੀ ਸ੍ਰੀਮਤੀ ਪ੍ਰਮਿੰਦਰ ਕੌਰ ਰਾਜੂ, ਦੋ ਸਪੁੱਤਰ ਕਰਨਜੀਤ ਰਾਜੂ ਅਤੇ ਹਰਪ੍ਰੀਤ ਰਾਜੂ ਤੇ ਤਿੰਨ ਲੜਕੀਆਂ ਕਜ਼ੋਲ, ਮਨੀਸ਼ਾ ਤੇ ਪ੍ਰਵੀਨ ਰਾਜੂ ਅਤੇ ਤਿੰਨ ਭੈਣਾਂ ਰੂਬੀ ਰਾਜੂ, ਕੁਲਜੀਤ ਰਾਜੂ ਤੇ ਕਿਰਨ ਰਾਜੂ ਛੱਡ ਗਿਆ। ਸਮੂਹ ਰਾਜੂ ਪਰਿਵਾਰ ਲਈ ਇਹ ਬਹੁਤ ਗਹਿਰਾ ਤੇ ਅਸਹਿ ਸਦਮਾ ਹੈ।

ਸਵਰਗੀ ਡੇਵਿਡ ਪ੍ਰਕਾਸ਼ ਰਾਜੂ ਦਾ ਵਿਊਇੰਗ 12 ਅਪ੍ਰੈਲ ਸ਼ਾਮ 5 ਵਜੇ ਤੋਂ 7 ਵਜੇ ਤੱਕ ਅਤੇ ਅੰਤਿਮ ਸਸਕਾਰ 13 ਅਪ੍ਰੈਲ 2019 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਕੀਤਾ ਜਾਵੇਗਾ।



**ਫਿਊਨਰਲ ਸਥਾਨ**

**Pittsburg Funeral Chapel 2295 Railroad Ave., Pittsburg, CA 94565**

ਸਸਕਾਰ ਉਪਰੰਤ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਹੋਵੇਗੀ।

**ਅੰਤਿਮ ਅਰਦਾਸ ਸਥਾਨ**

**2150 Crestview Drive Pittsburg (CA) 94565**

**ਹੋਰ ਜਾਣਕਾਰੀ ਲਈ (925) 550-1088 ਜਾਂ (925) 642-2944 ਤੇ ਸੰਪਰਕ ਕੀਤਾ ਜਾ ਸਕਦਾ ਹੈ।**

Learn to live in this world with self-respect. You should always cherish some ambition of doing something in this world. But remember that the age of selflessness has ended. A new epoch is set in. All things are now possible because of your being able to participate in the politics and legislature of your country.

- Dr. Ambedkar





**Heartiest congratulations on**

# Dr. Ambedkar's 128th Birth Anniversary



## Momi Brothers

ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ (ਚੇਅਰਮੈਨ, ਸ਼੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ) ਅਤੇ ਪ੍ਰੇਮ ਸੋਢੀ ਮੋਮੀ

DAYS INN
Holiday Inn EXPRESS HOTEL & SUITES
momi

# ਗਦਰੀ ਬਾਬਿਆ ਦੀ ਸੋਚ ਨੂੰ ਸਮਰਪਤ 19 ਵਾਂ ਸਲਾਨਾ ਮੇਲਾ ਫਰਿਜਨੋ ਵਿਚ ਸੰਪਨ

## ਜ਼ਲਿਆਵਾਲੇ ਬਾਗ ਦੇ ਸਾਕੇ ਦੇ ਸ਼ਹੀਦਾ ਨੂੰ ਡਾ ਵਰਿਆਮ ਸਿੰਘ ਸੰਧੂ, ਹੋਰ ਬੁਲਾਰਿਆਂ ਅਤੇ ਹਜ਼ਾਰਾ ਲੋਕਾਂ ਨੇ ਦਿਤੀ ਸ਼ਰਧਾਂਜਲੀ

**ਫਰਿਜਨੋ–** ਅਮ੍ਰਿਤਸਰ ਦੇ ਜ਼ਲਿਆਵਾਲੇ ਬਾਗ ਵਿਚ ਉਸ ਸਮੇਂ ਦੀ ਅਤਿਆਚਾਰੀ ਬਰਤਾਨਵੀ ਸਰਕਾਰ ਵਲੋਂ ਵਰਤਾਏ ਕਹਿਰ ਨੂੰ ਸੌ ਸਾਲ ਹੋ ਗਏ ਹਨ ਜਦੋਂ ਰੋਲਟ ਐਕਟ ਦੇ ਵਿਰੋਧ ਵਿਚ ਰੈਲੀ ਕਰ ਰਹੇ ਕੋਈ 5000 ਦੇ ਕਰੀਬ ਬੇਗੁਨਾਹ ਲੋਕਾਂ ਤੇ ਜਨਰਲ ਡਾਇਰ ਦੇ ਹੁਕਮਾਂ ਤੇ ਅੰਨੇਵਾਹ ਗੋ਼ਲੀਆਂ ਚਲਾਈਆ ਅਤੇ 1500 ਦੇ ਕਰੀਬ ਲੋਕੀ ਮੌਕੇ ਤੇ ਮਾਰੇ ਗਏ ਅਤੇ 11000 ਤੋਂ ਵੱਧ ਜਖਮੀ ਹੋਏ, ਜੋ 24 ਘੰਟੇ ਤੱਕ ਕਿਸੇ ਡਾਕਟਰੀ ਸਹਾਇਤਾ ਤੋਂ ਬਿਨਾ ਤੜਫਦੇ ਰਹੇ ਅਤੇ ਫਿਰ ਇਸ ਕਾਲੇ ਕਾਰਨਾਮੇ ਨੂੰ ਲੰਬੇ ਸਮੇਂ ਤੱਕ ਕਿਸੇ ਅਖਬਾਰ ਰਸਾਲੇ ਵਿਚ ਛਪਣ ਨਾਂ ਦਿਤਾ ਗਿਆ। ਉਸ ਇਤਿਹਾਸਿਕ ਤਰਾਸਦੀ ਨੂੰ ਯਾਦ ਕਰਨ ਅਤੇ ਉਨਾਂ ਸ਼ਹੀਦਾ ਨੂੰ ਸ਼ਰਧਾਜਲੀ ਦੇਣ ਲਈ ਇਕ ਪ੍ਰੋਗਰਾਮ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ 31 ਮਾਰਚ, 2019 ਨੂੰ ਫਰਿਜ਼ਨੋ ਵਿਚ ਕਰਵਾਇਆ ਗਿਆ ਜਿਸ ਵਿਚ ਕੋਈ 1300 ਤੋਂ ਵੱਧ ਲੋਕੀ ਸ਼ਾਮਲ ਹੋਏ।ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਪਿਛਲੇ 19 ਸਾਲਾਂ ਤੋ ਲਗਾਤਾਰ ਮੇਲੇ ਅਤੇ ਹੋਰ ਪ੍ਰੋਗਰਾਮ ਕਰਵਾ ਕੇ ਲੋਕਾਂ ਨੂੰ ਗਦਰੀ ਸ਼ਹੀਦਾ ਅਤੇ ਹੋਰ ਦੇਸ਼ ਭਗਤਾਂ ਦਾ ਵਿਰਾਸਤ ਨਾਲ ਜੋੜਨ ਦਾ ਕੰਮ ਕਰ ਰਿਹਾ ਹੈ।

ਇਸ ਵਾਰ ਮੇਲੇ ਦਾ ਮੁਖ ਆਕਰਸ਼ਣ ਮੁਖ ਮੁਲਾਰੇ ਪ੍ਰਸਿਧ ਕਹਾਣੀਕਾਰ ਅਤੇ ਕਈ ਕਿਤਾਬਾਂ ਦੇ ਰਚਨਾਕਾਰ, ਡਾ ਵਰਿਆਮ ਸਿੰਘ ਸੰਧੂ ਜੀ ਸਨ, ਜੋ ਕਿ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਵੱਧ ਗਦਰੀ ਪੈਦਾ ਕਰਨ ਵਾਲੇ ਪਿੰਡ ਸੁਰ ਸਿੰਘ ਦੇ ਜੰਮ ਪਲ ਹਨ ਜਿਸ ਪਿੰਡ ਨੇ ਅਹਿਮਦ ਸ਼ਾਹ ਅਬਦਾਲੀ ਦੇ ਦਰਬਾਰ ਸਾਹਬ ਢਾਹਣ ਤੇ' ਮੁੜ ਉਸਾਰੀ ਦੀ ਅਗਵਾਈ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਲਈ ਲੜੇ ਹਰ ਘੋਲ ਵਿਚ ਵੱਧ ਚੜ ਕੇ ਹਿਸਾ ਪਾਇਆ ਹੈ। ਜ਼ਲਿਆਵਾਲੇ ਬਾਗ ਦੇ ਸਾਕੇ ਦੀ ਸੌ ਵੀਂ ਬਰਸੀ ਤੇ ਸਹੀਦਾਂ ਨੂੰ ਸ਼ਰਧਾਜਲੀ ਭੇਂਟ ਕਰਦਿਆ ਡਾ ਵਰਿਆਮ ਸਿੰਘ ਨੇ ਕਿਹਾ ਦੇਸ਼ ਲਈ ਕੁਰਬਾਨੀਆਂ ਕਰਨ ਵਾਲਿਆਂ ਨੂੰ ਭਾਰਤ ਦੇ ਕੌਮੀ ਸ਼ੰਘਰਸ਼ ਵਿਚ ਕਦੇ ਵੀ ਜੋਗ ਥਾਂ ਨਹੀਂ ਦਿਤੀ ਗਈ। ਦੇਸ਼ ਦੇ ਅੱਜ ਦੇ ਹਾਕਮ ਵੀ ਬਰਤਨਵੀ ਹਾਕਮਾਂ ਵਾਂਗ ਹੀ ਨਹੀਂ ਚਾਹੁੰਦੇ ਕਿ ਅਸਲੀ ਦੇਸ਼ ਭਗਤਾਂ ਦੀ ਵੀਰ ਗਾਥਾ ਲੋਕਾਂ ਸਾਹਮਣੇ ਪੇਸ਼ ਕੀਤੀ ਜਾਵੇ ਕਿਉ ਕਿ ਅਜ ਦੇ ਹਾਕਮ ਉਨਾਂ ਮਰਜੀਵੜਿਆ ਦੇ ਕਾਰਨਾਮਿਆ ਸਾਹਮਣੇ ਬੌਣੇ ਹਨ। ਭਾਰਤ ਦੇਸ਼ ਦਾ ਇਤਿਹਾਸ ਉਸਦੇ ਸ਼ਹੀਦਾ ਅਤੇ ਉਨਾਂ ਦੇ ਪਰਿਵਾਰਾਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਜੇ ਅਸੀਂ ਚਾਹੁੰਨੇ ਹਾਂ ਕਿ ਅੱਜ ਦੇ ਨੌਜਵਾਨ ਦੇਸ਼ ਦੀ ਉਨਤੀ ਵਿਚ ਆਪਣਾ ਹਿਸਾ ਪਾਉਣ ਤਾਂ ਲੋੜ ਸ਼ਹੀਦਾ ਦੇ ਪਾਏ ਪੂਰਨਿਆਂ ਨੂੰ ਪਿਛੇ ਪਾਉਣ ਦੀ ਨਹੀਂ ਸਗੋਂ ਉਨਾਂ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਦੀ ਹੈ। ਉਨਾਂ ਕਿਹਾ ਕਿ ਬਾਬਾ ਸੋਹਣ ਸਿੰਘ ਭਕਨਾ ਕਿਹਾ ਕਰਦੇ ਸਨ ਕਿ ਅਗਰੇਜ਼ਾ ਦੇ ਜ਼ੁਲਮ ਤਸੀਹੇ ਅਤੇ ਮਕੁਦਮੇ ਮੇਰੀ ਧੌਣ ਨਹੀਂ ਝੁਕਾ ਸਕੇ ਪਰ ਆਜ਼ਾਦ ਦੇਸ਼ ਦੇ ਹਾਕਮਾਂ ਨੇ ਮੇਰੀ ਕਮਰ ਕੁਬੀ ਕਰ ਦਿਤੀ ਹੈ ਜੋ ਕਿ ਸ਼ਹੀਦਾ ਦੀ ਪਿਠ ਲੁਆਣ ਤੇ ਤੁਲੇ ਹੋਏ ਹਨ ਅਤੇ ਲੋਕਾਂ ਨੂੰ ਵਰਗਲਾ ਕੇ ਝੂਠੇ ਪਾਠ ਪੜ੍ਹਾ ਰਹੇ ਹਨ।ਉਨਾਂ ਕਿਹਾ ਕਿ ਗਦਰ ਪਾਰਟੀ ਅਤੇ ਹੋਰ ਸ਼ਹੀਦਾਂ ਨੂੰ ਸੱਚੀ ਸ਼ਰਧਾਜਲੀ ਅੱਜ ਸਾਰੇ ਭਾਈਚਾਰਿਆਂ ਵਿਚ ਪਿਆਰ ਅਤੇ ਸਹਿਣਸ਼ੀਲਤਾ ਉਸਾਰਨ ਵਿਚ ਹੈ ਤਾਂ ਕਿ ਲੋਕਾਂ ਦੇ ਅਸਲੀ ਮੁਸਲਿਆ ਦੀ ਲੜਾਈ ਲੜੀ ਜਾ ਸਕੇ। ਉਨਾਂ ਨੇ ਕਿਹਾ ਕਿ ਸਾਨੂੰ ਦੇਸ਼ ਲਈ ਸ਼ਹੀਦ ਹੋਣ ਵਾਲਿਆਂ ਦੇ ਨਾਲ ਨਾਲ ਲੰਬੀਆਂ ਜੇਲਾਂ,



ਸ਼ਖਤ ਸਜਾਵਾਂ ਅਤੇ ਹੋਰ ਕਈ ਅਣਕਿਆਸੇ ਤਸੀਹੇ ਸਹਿਣਵਾਲੇ ਦੇਸ਼ ਭਗਤਾਂ ਅਤੇ ਉਨਾਂ ਦੀਆਂ ਪਤਨੀਆ, ਮਾਵਾਂ, ਧੀਆ ਪੁਤਰਾਂ ਅਤੇ ਪਰਿਵਾਰਾ ਦੇ ਵੀ ਰਿਣੀ ਹੋਣਾ ਚਾਹੀਦਾ ਹੈ।

ਇਸ ਇਕੱਠ ਵਿਚ ਫੋਰਮ ਦੇ ਬੁਲਾਰੇ ਸ੍ਰ ਗੁਰਦੀਪ ਸਿੰਘ ਅਣਖੀ ਨੇ ਸ਼ਹੀਦਾ ਨੂੰ ਸਿਰ ਝੁਕਾਉਦਿਆਂ ਕਿਹਾ ਕਿ ਅਗਰੇਜ਼ਾ ਦੇ ਘੋਰ ਜ਼ੁਲਮਾ ਦੇ ਸਤਾਏ ਲੋਕੀ ਹਰ ਤਰਾਂ ਦੀ ਕੁਰਬਾਨੀ ਕਰਨ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਤਿਆਰ ਹੋ ਗਏ ਸਨ ਅਤੇ ਜਲਿਆਂਵਾਲੇ ਬਾਗ ਵਿਚ 13 ਅਪਰੈਲ 1919 ਦੀ ਵਿਸਾਖੀ ਵਾਲੇ ਦਿਨ ਅਣਮਨੁਖੀ ਰੋਲਟ ਐਕਟ ਦੇ ਖਿਲਾਫ ਹੋਇਆ ਮਹਾਨ ਇਕੱਠ ਇਸ ਤਹੀਏ ਦਾ ਪ੍ਰਤੀਕ ਸੀ ਅਤੇ ਡਾਇਰ ਵਲੋਂ ਕੀਤੀ ਫਾਇਰਿੰਗ ਅੰਗਰੇਜ਼ੀ ਹਕੂਮਤ ਦੀ ਕਾਇਰਤਾ ਸੀ। ਦੇਸ਼ ਭਗਤ ਸੂਰਮਿਆਂ ਨੇ ਜੇਲਾ ਭਰ ਦਿਤੀਆ, ਕਾਲੇ ਪਾਣੀਆਂ ਦੀਆਂ ਜੇਲਾਂ ਵਿਚ ਅਣਮਨੁਖੀ ਤਸੀਹੇ ਝੱਲੇ, ਸਾਲਾਂ ਬੱਧੀ ਪਿੰਜਰਿਆ ਵਿਚ ਬੰਦ ਰਹੇ ਪਰ ਕੋਈ ਜ਼ੁਲਮ ਉਨਾਂ ਨੂੰ ਝੁਕਾ ਨਾ ਸਕਿਆ।ਉਨਾ ਕਿਹਾ ਕਿ ਅੱਜ ਲੋੜ ਹੈ ਕਿ ਫਿਰਕਾ ਪ੍ਰਸਤੀ ਦਾ ਭੋਗ ਪਾ ਕੇ ਗਦਰੀ ਬਾਬਿਆ ਦੇ ਸਾਂਝੀਵਾਲਤਾ ਦੇ ਸੁਨੇਹੇ ਨੂੰ ਅਗਲੀਆਂ ਪੀੜੀਆ ਤੱਕ ਪਹੁਚਾਇਆ ਜਾਵੇ।

ਮੇਲੇ ਦੀ ਸ਼ੁਰੂਆਤ ਛੋਟੇ ਬੱਚੇ ਬੱਚੀਆਂ ਨੇ ਸ਼ਹੀਦਾਂ ਨੂੰ ਯਾਦ ਕਰਨ ਵਾਲੀਆ ਆਪਣੀਆ ਗੀਤਾਂ, ਕਵਿਤਾਵਾਂ ਅਤੇ ਤਕਰੀਰਾਂ ਨਾਲ ਕੀਤੀ ਜਿਨਾਂ ਵਿਚ ਤਰਸ਼ਨੀਤ ਬੁਟਰ, ਤਨਸ਼ਪ੍ਰੀਤ ਕੌਰ, ਗੁਰਲੀਨ ਸਿਧੂ, ਬਬਲੀਨ ਸਿੱਧੂ, ਮਹਿਕਦੀਪ ਕੌਰ, ਸਿਮਵੀਰ ਹੇਅਰ ਅਤੇ ਵਾਰਸ ਗਿੱਲ ਸ਼ਾਮਲ ਸਨ। ਇਨਾਂ ਸਾਰੇ ਬੱਚਿਆਂ ਦਾ ਮੈਡਲਾ ਨਾਲ ਸਨਮਾਨ ਕੀਤਾ ਗਿਆ। ਇਸ ਮੇਲੇ ਵਿਚ ਉਨੌਜਵਾਨ ਸੀਨੀਅਰ" ਪੰਜਾਬੀ ਅਥਲੀਟ ਸ੍ਰ ਗੁਰਬਖਸ ਸਿੰਘ ਸਿਧੂ ਅਤੇ ਸੁਖਚੈਨ ਸਿੰਘ ਵੀ ਸ਼ਾਮਲ ਸਨ ਜਿਨਾਂ ਨੂੰ ਅਮਰੀਕਾ ਵਿਚ ਸੀਂਨੀਅਰ ਖੇਡਾਂ ਵਿਚ ਹਿਸਾ ਲੈ ਕੇ ਹੈਮਰ ਥਰੋ, ਡਿਸਕਸ ਥਰੋ, ਲੌਂਗ ਜੰਪ ਅਤੇ ਟਰਿਪਲ ਜੰਪ ਦੀਆ ਖੇਡਾ ਵਿਚ ਅਵਲ ਪੁਜੀਸ਼ਨਾ ਪ੍ਰਾਪਤ ਕਰਨ ਬਦਲੇ, ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿਲ ਨੇ ਸਨਮਾਨਿਤ ਕੀਤਾ। ਪ੍ਰੋ ਪਰਮਪਾਲ ਸਿੰਘ ਨੇ ਗੁਰੁ ਗੋਬਿੰਦ ਸੰਘ ਜੀ ਦੇ ਪਰਿਵਾਰ ਦੀਆ ਸ਼ਹੀਦੀਆਂ ਦਾ ਜ਼ਿਕਰ ਕਰਦਿਆ ਜ਼ਲਿਆਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਜਲੀ ਭੇਂਟ ਕੀਤਾ ਉਨਾਂ ਕਿਹਾ ਕਿ ਦੇਸ਼ ਦਾ ਇਤਿਹਾਸ ਦੇਸ਼ ਦੇ ਅਣਗਿਣਤ ਸ਼ਹੀਦਾ ਦਾ ਇਤਿਹਾਸ ਹੈ ਅਤੇ ਸਾਰਾ ਦੇਸ਼ ਉਨਾਂ ਦਾ ਰਿਣੀ ਹੈ।

ਸਟੇਜ ਦੀ ਮਲਿਕਾ ਸ੍ਰੀ ਮਤੀ ਆਸ਼ਾ ਸ਼ਰਮਾ ਨੇ ਮੇਲੇ ਵਿਚ ਆਏ ਹੋਏ ਸਾਰੇ ਲੋਕਾਂ ਦਾ ਸਵਾਗਤ ਕਰਦਿਆ ਸੁੰਦਰ ਕਵਿਤਾਵਾਂ ਨਾਲ ਸਟੇਜ਼ ਦੀ ਸ਼ੁਰੂਆਤ ਕੀਤੀ। ਉਨਾਂ ਨੇ ਵੱਖ ਵੱਖ ਬੁਲਾਰਿਆ, ਗਾਇਕਾਂ ਅਤੇ ਪਰਫਾਰਮਰਾਂ ਨੂੰ ਪੇਸ਼ ਕਰਦਿਆਂ ਆਪਣੀਆ ਦਿਲਚਸਪ ਅਤੇ ਕਾਵਿਕ ਗੱਲਾਂ ਨਾਲ ਸਭ ਨੂੰ ਸਟੇਜ ਨਾਲ ਜੋੜੀ ਰੱਖਿਆ। ਯਮਲਾ ਜੱਟ ਫਾਉਡੇਸ਼ਨ ਦੇ ਬਾਨੀ ਰਾਜ ਬਰਾੜ ਜੀ ਨੇ ਸ਼ਹੀਦਾਂ ਨੂੰ ਯਾਦ ਕਰਦਾ ਇਕ ਗੀਤ ਆਪਣੀ ਸੁਰੀਲੀ ਅਤੇ ਬੁਲੰਦ ਆਵਾਜ ਵਿਚ ਗਾਇਆ। ਹਰਜੀਤ ਸਿੰਘ ਮਰਸਿਡ ਨੇ ਵੀ ਇਕ ਗੀਤ ਗਾ ਕੇ ਆਪਣੀ ਹਾਜ਼ਰੀ ਲਵਾਈ। ਬੇਕਰਜਫੀਲਡ ਤੋਂ ਵਿਸ਼ੇਸ ਤੌਰ ਦੇ ਪਹੁੰਚੇ ਗਾਇਕ ਸਨੀ ਬੱਬਰ ਨੇ ਆਪਣੇ ਦੋ ਗੀਤ ਗਾ ਕੇ ਸਾਰਿਆਂ ਨੂੰ ਪ੍ਰਭਾਵਤ ਕੀਤਾ। ਫਰਿਜ਼ਨੋ ਦੇ ਸੈਟਰਲ ਸਕੂ਼ਲ ਡਿਸਟਰਿਕਟ ਤੋਂ ਨਵੇ ਚੁਣੇ ਬੋਰਡ ਮੈਂਬਰ ਨੈਨਦੀਪ ਸਿੰਘ ਚੰਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਫੋਰਮ ਵਲੋਂ ਉਨਾਂ ਨੂੰ ਦੁਸ਼ਾਲਾ ਦੇ ਕੇ ਸਨਮਾਨਤ ਕੀਤਾ ਗਿਆ। ਫੋਰਮ ਦੇ ਮੀਡੀਆ ਸਕੱਤਰ ਕੁਲਵੀਰ ਹੇਅਰ ਦੀ ਬੇਟੀ ਆਂਚਲ ਹੇਅਰ ਨੇ ਆਪਣੇ ਸੁੰਦਰ ਭਾਸ਼ਣ ਨਾਲ ਸਭ ਤੋਂ ਪ੍ਰਭਾਵਤ ਕੀਤਾ ਅਤੇ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਬਾਰੇ ਇਕ ਕਵਿਤਾ ਸੁਣਾਈ ਉਸਨੂੰ ਨਗਦ ਇਨਾਮ ਅਤੇ ਸ਼ਾਲ ਨਾਲ ਸਨਮਾਨਤ ਕੀਤਾ ਗਿਆ।

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਸਮੁਚੀ ਟੀਮ ਅਤੇ ਸ੍ਰ ਚਰਨਜੀਤ ਸਿੰਘ ਬਾਠ ਨੇ ਉਘੇ ਵਿਦਵਾਨ ਅਤੇ ਚਿੰਤਕ ਡਾ ਗੁਰੂਮੇਲ ਸਿੱਧੂ ਨੂੰ ਸਾਇੰਸ ਅਤੇ ਪੰਜਾਬੀ ਸਾਹਿਤ ਅਤੇ ਗਦਰ ਪਾਰਟੀ ਤੇ ਖੋਜ ਅਧਾਰਤ ਚਾਰ ਪੁਸਤਕਾ ਲਿਖਣ ਲਈ ਅਤੇ ਡਾ ਵਰਿਆਮ ਸਿੰਘ ਸੰਧੂ ਨੂੰ ਪੰਜਬੀ ਸਾਹਿਤ, ਗਦਰ ਪਾਰਟੀ ਤੇ ਖੋਜ ਭਰਪੂਰ ਕਿਤਾਬਾਂ ਲਿਖਣ ਅਤੇ ਗਦਰ ਪਾਰਦੀ ਦੇ ਇਤਿਹਾਸ ਨੂੰ ਇਲਕਟਰੌਨਿਕ ਮੀਡੀਏ ਰਾਹੀ ਸਾਂਭਣ ਦੇ ਉਦਮਾਂ ਲਈ ਪਲੇਕਾਂ ਅਤੇ ਦੁਸ਼ਾਲੇ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬੋਲਦਿਆ ਸ੍ਰ ਗੁਰਦੀਪ ਸਿੰਘ ਅਣਖੀ ਨੇ ਸਮੁਚੇ ਪੰਜਾਬੀ ਭਾਈਚਾਰੇ ਵਲੋਂ ਇਨਾਂ ਦੋਵੇ ਸ਼ਖਸੀਅਤਾ ਦਾ ਧੰਨਵਾਦ ਕੀਤਾ।

ਸਾਡੇ ਇਲਾਕੇ ਦੇ ਜਾਣੇ ਪਹਿਚਾਣੇ ਅਤੇ ਕੁਲਦੀਪ ਮਾਣਕ ਦੀ ਬੁਲੰਦ ਗਾਈਕੀ ਨੂੰ ਪਰਣਾਏ ਹੋਏ ਜੀਤਾ ਗਿਲ ਇਸ ਪ੍ਰੋਗਰਾਮ ਦੇ ਮੁੱਖ ਗਾਇਕ ਸਨ। ਉਨਾਂ ਦੀ ਸੁਰੀਲੀ ਬਲੰਦ ਆਵਾਜ ਨੇ ਲੋਕਾਂ ਨੂੰ ਇਕ ਵਾਰ ਫੇਰ ਸਟੇਜ ਨਾਲ ਜੋੜ ਲਿਆ। ਪੱਪੀ ਭਦੌੜ ਨੇ ਵੀ ਇਕ ਸ਼ਾਨਦਾਰ ਗੀਤ ਗਾਇਆ। ਹਾਈ ਸਕੂਲ ਜਾਂ ਕਾਲਜ ਦੇ 4.0 ਗਰੇਡ ਜਾਂ ਇਸ ਤੋਂ ਵੱਧ ਪ੍ਰਾਪਤੀ ਵਾਲੇ ਵਿਦਿਆਰਥੀਆਂ ਨੂੰ ਹਰ ਸਾਲ ਦੀ ਤਰਾਂ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਰੰਗਾ ਰੰਗ ਪ੍ਰੌਗਰਾਮ ਵਿਚ ਸਿਮਰਨ ਹੇਅਰ ਵਲੋਂ ਤਿਆਰ ਕੀਤੀ ਬੱਚੀਆ ਦੀ ਗਿਧੇ ਦੀ ਟੀਮ ਅਤੇ ਫੋਰਮ ਦੀ ਸਹਿਯੋਗੀ ਸੰਸਥਾਂ ਜੀ ਐਚ ਜੀ ਡਾਂਸ ਐਡ ਸੰਗੀਤ ਅਕੈਡਮੀ ਦੀਆਂ ਦੋ ਭੰਗੜੇ ਦੀਆ ਟੀਮਾ ਨੇ ਪਰਫਾਰਮ ਕੀਤਾ। ਸਾਰੇ ਬੱਚਿਆ ਅਤੇ ਕੋਚਾਂ ਨੂੰ ਸਨਮਾਨ ਚਿਨ ਭੇਂਟ ਕੀਤੇ ਗਏ।

ਸੁਰਿੰਦਰ ਸਿੰਘ ਜਨਲਿਸਟ ਨੇ ਬੋਲਦਿਆਂ ਕਿਹਾ ਕਿ ਨਸਲੀ ਭੇਦ ਭਾਵ ਹਾਕਮ ਜਮਾਤਾਂ ਦਾ ਹਥਿਆਰ ਹੈ ਅਤੇ ਆਪਸੀ ਵਿਚਾਰ ਵਿਟਾਦਰਾਂ ਹੀ ਵੱਖ ਵੱਖ ਧਰਮਾਂ ਅਤੇ ਫਿਰਕਿਆਂ ਦੇ ਵਿਚਕਾਰ ਸੱਦਭਾਵਨਾ ਪੈਦਾ ਕਰ ਸਕਦਾ ਹੈ। ਲੋਕਾਂ ਨੂੰ ਵੰਡਣ ਦੀ ਸਿਆਸਤ ਭੱਦੀ ਸਿਆਸਤ ਹੈ। ਉਨਾਂ ਨੇ ਪੰਜਾਬ ਦੇ ਪਾਣੀਆ ਵਿਚ ਕੀਟ ਨਾਸ਼ਕਾ ਦੇ ਘੁਲ ਰਹੇ ਜਹਿਰਾਂ ਪ੍ਰਤੀ ਜਾਗਰੂਕ ਹੋਣ ਲਈ ਕਿਹਾ।

ਫੋਟੋਗਰਾਫੀ ਦੀਆਂ ਸਵੇਵਾਂ ਮੋਗਾ ਵਿਡਿਓ ਵਲੋਂ ਅਜੀਤ ਸਿੰਘ ਗਿਲ ਨੇ ਨਿਭਾਈਆ। ਪੀ ਟੀ ਸੀ ਨਿਉਜ ਚੈਨਲ ਵਲੋਂ ਸੰਜੀਵ ਕੁਮਾਰ ਨੇ ਕਵਰੇਜ਼ ਕੀਤੀ ਅਤੇ ਏਬੀ 24 ਲਾਈਵ ਟੀ ਵੀ ਵਲੋਂ ਸੰਜੀਵ ਭਾਰਦਵਾਜ ਹੋਣਾ ਨੇ ਵਿਡਿਉ ਅਤੇ ਫੋਟੋਗਰਾਫੀ ਦੀਆ ਸੇਵਾਂਵਾਂ ਨਿਭਾਈਆਂ ਗਈਆਂ। ਫੋਰਮ ਵਲੋਂ ਸਾਰੇ ਦਰਸ਼ਕਾਂ, ਸਪਾਂਸਜ ਅਤੇ ਸਹਾਇਕਾਂ ਦਾ ਧੰਨਵਾਦ ਕੀਤਾ ਗਿਆ। **(ਤਸਵੀਰਾਂ ਦੇਖੋ ਸਫਾ 31 'ਤੇ)**


# 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**

**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**

**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com    www.ambedkartimes.com


# ਡੈਮੋਕਰੈਟਿਕ ਕਾਨੂੰਨਘਾੜੇ ਸ਼ਰਨ ਦੀ ਮੰਗ ਕਰ ਰਹੇ ਦੱਖਣ ਏਸ਼ੀਆਈ ਲੋਕਾਂ ਦੇ ਹੱਕ ਵਿਚ ਨਿਤਰੇ




**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਨੇਕਾਂ ਡੈਮੋਕਰੈਟਿਕ ਕਾਨੂੰਨਘਾੜਿਆਂ ਨੇ ਸਾਊਥ ਏਸ਼ੀਅਨ-ਅਮੈਰੀਕਨ ਐਡਵੋਕਸੀ ਗਰੁੱਪਾਂ ਦਾ ਸਮਰਥਨ ਕੀਤਾ ਹੈ ਜੋ ਗਰੁੱਪ ਭਾਰਤ ਤੇ ਉਪ ਮਹਾਂਦੀਪ ਦੇ ਹੋਰ ਦੇਸ਼ਾਂ ਦੇ ਸ਼ਰਨਾਰਥੀ ਦਾਅਵੇਦਾਰਾਂ ਨੂੰ ਦਰਪੇਸ਼ ਮੁਸ਼ਕਿਲਾਂ ਤੇ ਮੁੱਦਿਆਂ ਦੇ ਹੱਲ ਲਈ ਯਤਨਸ਼ੀਲ ਹਨ। ਇਸ ਸਬੰਧ ਵਿਚ 'ਸਾਊਥ ਏਸ਼ੀਅਨ ਅਮੈਰੀਕਨ ਲੀਡਿੰਗ ਟੂਗੈਦਰ' ( ਸਾਲਟ) ਦੇ ਮੈਂਬਰਾਂ ਨੇ ਵਾਈਟ ਹਾਊਸ ਅਗੇ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨ ਦਾ ਮਕਸਦ ਮੈਕਸੀਕੋ ਦੇ ਬਾਰਡਰ ਤੇ ਅਮਰੀਕਾ ਵਿਚ ਹੋਰ ਥਾਵਾਂ 'ਤੇ ਮੌਜੂਦ ਡਿਟੈਨਸ਼ਨ ਕੇਂਦਰਾਂ ਉਪਰ ਧਿਆਨ ਕੇਂਦਰਿਤ ਕਰਨਾ ਸੀ। ਇਸ ਮੌਕੇ ਅਮਰੀਕਾ ਵਿਚ ਸ਼ਰਨ ਦੀ ਉਡੀਕ ਕਰ ਰਹੇ ਦੱਖਣ ਏਸ਼ੀਆਈ ਲੋਕਾਂ ਨਾਲ ਇਕਜੁੱਟਤਾ ਪ੍ਰਗਟਾਈ ਗਈ । ਇਸ ਪ੍ਰਦਰਸ਼ਨ ਵਿਚ ਸਾਲਟ ਨਾਲ ਹੋਰ ਜਿਹੜੇ ਗਰੁੱਪਾਂ ਤੇ ਸੰਸਥਾਵਾਂ ਨੇ ਸ਼ਮੂਲੀਅਤ ਕੀਤੀ ਉਨਾਂ ਵਿਚ ਸਿੱਖ ਕੁਲੀਸ਼ਨ, ਸਿੱਖ ਅਮੈਰੀਕਨ ਲੀਗਲ ਡਿਫੈਂਸ ਐਂਡ ਐਜਕੇਸ਼ਨ ਫੰਡ (ਸਾਲਡਫ), ਅਨਡੋਕੂ ਬਲੈਕ ਨੈਟਵਰਕ, ਡਿਟੈਨਸ਼ਨ ਵਾਚ ਨੈਟਵਰਕ, ਯੁਨਾਈਟਿਡ ਵੀ ਡਰੀਮ ਤੇ ਫਰੀਮਡ ਫਾਰ ਇਮੀਗਰਾਂਟਸ ਸ਼ਾਮਿਲ ਹਨ। ਸੰਮੇਲਨ ਵਿਚ ਲਕਸ਼ਮੀ ਸ੍ਰੀਡਾਰਨ ਅੰਤ੍ਰਿਮ ਸਹਿ ਕਾਰਜਕਾਰੀ ਡਾਇਰੈਕਟਰ ਸਾਲਟ, ਰੂਬੀ ਕੌਰ ਅਟਾਰਨੀ, ਦੀਪ ਸਿੰਘ ਕਾਰਜਕਾਰੀ ਡਾਇਰੈਕਟਰ ਜਕਾਰਤਾ ਮੂਵਮੈਂਟ ਤੇ ਹੋਰਨਾਂ 'ਤੇ ਅਧਾਰਤ ਪੈਨਲ ਨੇ ਦੋਸ਼ ਲਾਇਆ ਕਿ ਡਿਟੈਨਸ਼ਨ ਕੇਂਦਰਾਂ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਕੈਦੀਆਂ ਨੂੰ ਸਿਹਤ ਸਹੂਲਤਾਂ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਤੇ ਉਨਾਂ ਦੀਆਂ ਧਾਰਮਿਕ ਮਾਨਤਾਵਾਂ ਦੀ ਉਲੰਘਣਾ ਹੋ ਰਹੀ ਹੈ ਜਿਸ ਕਾਰਨ ਕੈਦੀਆਂ ਨੂੰ ਭੁੱਖ ਹੜਤਾਲ ਕਰਨੀ ਪਈ। ਇਸ ਮੌਕੇ ਹਾਜਰ ਸੰਸਦ ਮੈਂਬਰਾਂ ਵਿਚ ਜੂਟੀ ਚੂ , ਕਾਰੇਨ ਬਾਸ ਤੇ ਮਾਰਕ ਟਕਾਨੋ (ਸਾਰੇ ਕੈਲੀਫੋਰਨੀਆ), ਸੁਜ਼ਾਨੇ ਬੋਨਾਮਿਕੀ ਓਰਗੇਨ, ਗਰੇਸ ਮੈਂਗ ਨਿਊਯਾਰਕ ਤੇ ਵੈਰੋਨੀਕਾ ਐਸਕੋਬਲ ਟੈਕਸਾਸ ਸ਼ਾਮਿਲ ਸਨ। ਇਨਾਂ ਕਾਂਗਰਸ ਸੰਸਦ ਮੈਂਬਰਾਂ ਨੇ ਡਿਟੈਨਸ਼ਨ ਕੇਂਦਰਾਂ ਵਿਚਲੇ ਹਾਲਾਤ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਦੀ ਨਿੰਦਾ ਕੀਤੀ ਤੇ ਕਿਹਾ ਕਿ ਉਨਾਂ ਨੇ ਡਿਟੈਨਸ਼ਨ ਕੇਂਦਰਾਂ ਦੇ ਦੌਰੇ ਦੌਰਾਨ ਉਥੋਂ ਦੇ ਮਾੜੇ ਹਾਲਾਤ ਵੇਖੇ ਹਨ।

ਦੇਸ਼ ਦੁਆਬਾ

# ਡਾ. ਅੰਬੇਡਕਰ, ਇਕ ਵਿਚਾਰਧਾਰਾ ਦਾ ਨਾਂ

ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਦਾ 128ਵਾਂ ਜਨਮ ਦਿਹਾੜਾ ਮਨਾਉਂਦਿਆਂ ਅੱਜ ਅਸੀਂ ਬਾਬਾ ਸਾਹਿਬ ਬਾਰੇ ਤਾਂ ਬਹੁਤ ਕੁਝ ਕਹਿੰਦੇ ਹਾਂ, ਉਹਨਾਂ ਨੂੰ ਮਹਾਨ ਵਿਦਵਾਨ ਕਹਿੰਦੇ ਹਾਂ, ਮਨੁੱਖੀ ਅਧਿਕਾਰ ਚੈਂਪੀਅਨ, ਭਾਰਤੀ ਸੰਵਿਧਾਨ ਦਾ ਨਿਰਮਾਤਾ ਕਹਿੰਦੇ ਹਾਂ ਅਤੇ ਦੱਬੇ-ਕੁਚਲੇ ਸਮਾਜ ਲਈ ਲੜਨ ਵਾਲਾ ਯੋਧਾ ਵੀ ਕਹਿੰਦੇ ਹਾਂ। ਆਮ ਲੋਕੀਂ ਵੀ ਡਾ. ਅੰਬੇਡਕਰ ਦੀ ਵਿਦਵਤਾ ਦੇ ਕਾਇਲ ਹਨ ਪਰ ਉਹਨਾਂ ਦੀਆਂ ਸਿੱਖਿਆਵਾਂ ਤੇ ਅਮਲ ਅਤੇ ਵਿਚਾਰ ਬਹੁਤ ਘੱਟ ਹੁੰਦਾ ਹੈ। ਅਸੀਂ ਬਾਬਾ ਸਾਹਿਬ ਜਾਂ ਬਹੁਜਨ ਸਮਾਜ ਦੇ ਹੋਰ ਮਹਾਂਪੁਰਖਾਂ ਦਾ ਗੁਣਗਾਣ ਬਹੁਤ ਕਰਦੇ ਹਾਂ, ਉਹਨਾਂ ਨੂੰ ਮੰਨਦੇ ਵੀ ਹਾਂ ਪਰ ਉਹਨਾਂ ਦੇ ਦਰਸਾਏ ਮਾਰਗ 'ਤੇ ਨਹੀਂ ਚੱਲਦੇ। ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਸਾਰੇ ਧਰਮਾਂ, ਫਿਰਕਿਆਂ ਦੇ ਲੋਕ ਡਾ. ਅੰਬੇਡਕਰ ਨੂੰ ਮਹਾਨ ਵਿਦਵਾਨ ਮੰਨਦੇ ਹਨ ਪਰ ਉਹਨਾਂ ਨੂੰ ਪੜ੍ਹਨ, ਉਹਨਾਂ ਦੀ ਵਿਦਵਤਾ ਨੂੰ ਗਹਿਰਾਈ ਨਾਲ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਭਾਰਤ ਦੀਆਂ ਸਰਕਾਰਾਂ- ਸਿਆਸੀ ਪਾਰਟੀਆਂ ਜਨਮ ਦਿਨ ਤੇ ਅਨੇਕਾਂ ਭਲਾਈ ਯੋਜਨਾਵਾਂ ਬਣਾਉਣ 'ਚ ਜੁਟੀਆਂ ਹਨ ਪਰ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਜਿੱਥੇ ਉਹ ਦਲਿਤ ਸਮਾਜ ਅਤੇ ਔਰਤ ਵਰਗ ਦੇ ਨਾਲ-ਨਾਲ ਸਾਰੇ ਮੁਲਕ ਦਾ ਭਲਾ ਚਾਹੁੰਦੇ ਸਨ, ਉਹ ਅਜੇ ਦੂਰ ਦੀ ਗੱਲ ਨਜ਼ਰ ਆਉਂਦੀ ਹੈ। ਡਾ. ਅੰਬੇਡਕਰ ਨੇ ਆਪਣਾ ਬਹੁਤਾ ਸਮਾਂ ਦਲਿਤ ਅਤੇ ਦੱਬੇ ਕੁਚਲੇ ਵਰਗ ਨੂੰ ਉਪਰ ਚੁੱਕਣ ਅਤੇ ਉਹਨਾਂ ਦੇ ਕਲਿਆਣ ਲਈ ਲਗਾਇਆ ਪਰ ਅੱਜ ਸਿਆਸੀ ਪਾਰਟੀਆਂ ਇਸ ਵਰਗ ਨੂੰ ਵੋਟ ਬੈਂਕ ਹੀ ਮੰਨਦੀਆਂ ਹਨ।

ਭਾਰਤ ਵਿਚ ਡਾ. ਅੰਬੇਡਕਰ ਦੁਆਰਾ ਦਿੱਤੀ ਗਈ ਸੰਵਿਧਾਨਕ ਰਿਜ਼ਰਵੇਸ਼ਨ ਦੀ ਮੰਗ ਦਿਨੋ ਦਿਨ ਪ੍ਰਬੱਲ ਹੁੰਦੀ ਜਾ ਰਹੀ ਹੈ। ਭਾਰਤ ਵਿਚ ਇਸ ਨੂੰ ਲੈ ਕੇ ਨਫਰਤ ਦੀ ਰਾਜਨੀਤੀ ਵੀ ਹੁੰਦੀ ਹੈ ਅਤੇ ਸਮਾਜਿਕ ਤੌਰ ਤੇ ਵੀ ਵਿਰੋਧੀਆਂ ਵੱਲੋਂ ਨਫਰਤ ਵਾਲਾ ਮਾਹੌਲ ਬਣਾਇਆ ਜਾਂਦਾ ਹੈ। ਭਾਰਤ ਵਿਚ ਰਿਜ਼ਰਵੇਸ਼ਨ ਦੇ ਹੱਕਦਾਰ ਲੋਕ ਜਦੋਂ ਵਿਦੇਸ਼ ਵਿਚ ਜਾਂਦੇ ਹਨ ਅਤੇ ਰਹਿੰਦੇ ਹਨ ਤਾਂ ਉਹ ਵਿਦੇਸ਼ਾਂ ਵਿਚ ਕਦੇ ਵੀ ਰਿਜ਼ਰਵੇਸ਼ਨ ਦੀ ਮੰਗ ਨਹੀਂ ਕਰਦੇ, ਕਿਉਂ? ਕਿਉਂਕਿ ਇਥੇ ਰੁਜਗਾਰ ਦੇ ਇੰਨੇ ਜਿਆਦਾ ਮੌਕੇ ਹਨ ਕਿ ਰਿਜ਼ਰਵੇਸ਼ਨ ਦੀ ਲੋੜ ਨਹੀਂ ਪੈਂਦੀ। ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਜਾਤੀਵਾਦ ਭਾਰਤ ਵਰਗਾ ਹੈ ਹੀ ਨਹੀਂ ਅਤੇ ਨਾ ਹੀ ਵਿਤਕਰਾ ਕੀਤਾ ਜਾਂਦਾ। ਪੱਛਮੀ ਮੁਲਕਾਂ ਨੇ ਆਪਣਾ ਸਿਸਟਮ ਹੀ ਅਜਿਹਾ ਵਧੀਆ ਬਣਾਇਆ ਹੈ ਕਿ ਉਥੇ ਹਰੇਕ ਨਾਗਰਿਕ ਦੇ ਕਲਿਆਣ ਲਈ ਪੂਰਾ ਸਿਸਟਮ ਕੰਮ ਕਰਦਾ ਹੈ। ਭਾਰਤ ਵਿਚ ਅਸਮਾਨਤਾ ਹੋਣ ਦੇ ਕਾਰਨ ਹੀ ਰਿਜ਼ਰਵੇਸ਼ਨ ਦੀ ਵਿਵਸਥਾ ਕਰਨੀ ਪਈ ਅਤੇ ਅੱਜ ਇਹ ਸਿਆਸੀ ਅਤੇ ਸਮਾਜਿਕ ਨਫਰਤ ਦਾ ਸ਼ਿਕਾਰ ਵੀ ਹੋ ਰਹੀ ਹੈ। ਕਿਉਂ ਨਾ ਭਾਰਤ ਸਰਕਾਰ ਇਕ ਅਜਿਹਾ ਹੀ ਸਿਸਟਮ ਅਖਤਿਆਰ ਕਰੇ, ਜਿਸ ਵਿਚ ਸਾਰੇ ਨਾਗਰਿਕਾਂ ਨੂੰ ਬਰਾਬਰੀ ਮਿਲੇ ਅਤੇ ਬਰਾਬਰ ਆਪਣੀ ਤਰੱਕੀ ਦਾ ਮੌਕਾ ਮਿਲੇ, ਫਿਰ ਭਾਰਤ ਵਿਚ ਵੀ ਰਿਜ਼ਰਵੇਸ਼ਨ ਦੀ ਲੋੜ ਨਹੀਂ ਰਹੇਗੀ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਸਮੇਂ ਦੀਆਂ ਸਰਕਾਰਾਂ ਦੁਆਰਾ ਸਦੀਆਂ ਤੋਂ ਲਤਾੜੇ ਗਏ ਵਰਗ ਨੂੰ ਬਰਾਬਰ ਖੜ੍ਹਾ ਕੀਤਾ ਜਾਂਦਾ।

ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਜਿਵੇਂ ਬਾਬਾ ਸਾਹਿਬ ਦੇ ਜਨਮ ਦਿਨ ਮਨਾਉਣ ਦੀ, ਖਾਸ ਕਰਕੇ ਬਾਬਾ ਸਾਹਿਬ ਦਾ 125ਵਾਂ ਜਨਮ ਦਿਨ ਮਨਾਉਣ 'ਚ ਰੁਚੀ ਦਿਖਾਈ ਗਈ, ਕਿੰਨਾ ਚੰਗਾ ਹੋਵੇਗਾ ਜੇਕਰ ਡਾ. ਅੰਬੇਡਕਰ ਵੱਲੋਂ ਦਿੱਤੀ ਸੰਵਿਧਾਨਕ ਨਸੀਹਤ ਧਿਆਨ ਵਿਚ ਰੱਖ ਕੇ, ਭਾਰਤ ਸਰਕਾਰ ਤੇ ਉਥੋਂ ਦੀਆਂ ਰਾਜ ਸਰਕਾਰਾਂ ਅਮਲੀ ਰੂਪ 'ਚ ਉਹਨਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਵੀ ਸੁਹਿਰਦਤਾ ਨਾਲ ਕੰਮ ਕਰਨ।

ਇਹੀ ਬਾਬਾ ਸਾਹਿਬ ਨੂੰ ਸੱਚੀ ਵਧਾਈ ਹੋ ਸਕਦੀ ਹੈ।

ਅਦਾਰਾ 'ਦੇਸ਼ ਦੁਆਬਾ' ਬਾਬਾ ਸਾਹਿਬ ਦੇ ਜਨਮ ਦਿਨ ਤੇ ਆਪਣੇ ਸਾਰੇ ਪਾਠਕਾਂ ਅਤੇ ਸ਼ੁਭਚਿੰਤਕਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ।


ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# "ਡੇਰੇਦਾਰਾਂ ਤੇ ਅਜੋਕੀ ਸ਼੍ਰੋਮਣੀ ਕਮੇਟੀ ਵੱਲੋਂ ਬਾਦਲ ਬਦਨੀਤੀ ਤੇ ਲਾਲਚੀ ਹਥੌੜੇ ਨਾਲ ਸਿੱਖ ਇਤਿਹਾਸ, ਵਿਰਾਸਤੀ ਯਾਦਗਾਰਾਂ ਅਤੇ ਸਿੱਖ ਲਿਟ੍ਰੇਚਾਰ ਦਾ ਮਲੀਆਮੇਟ"



ਅਵਤਾਰ ਸਿੰਘ ਮਿਸ਼ਨਰੀ
510-432-5827

ਜਿੱਥੇ ਕਾਰਸੇਵਾ ਦੇ ਨਾਂ ਤੇ ਟੋਕਰੀਆਂ ਵਿੱਚ ਮਾਇਆ, ਕੰਨਟੇਨਰਾਂ ਵਿੱਚ ਦੁੱਧ ਅਤੇ ਬੋਰੀਆਂ ਵਿੱਚ ਅਨਾਜ ਇਕੱਠਾ ਕਰਨ ਵਾਲੇ ਵਿਹਲੜ ਸੰਤ ਬਾਬੇ, ਇਤਿਹਾਸਕ ਸੋਮੇ, ਇਤਿਹਾਸਕ ਬੀੜਾਂ ਦਾ ਸਸਕਾਰ, ਸਿੱਖ ਗੁਰੂ ਸਹਿਬਾਨਾਂ ਅਤੇ ਸ਼ਹੀਦਾਂ ਦੀਆਂ ਵਿਰਾਸਤੀ ਯਾਦਗਾਰਾਂ ਆਦਿਕ ਇਤਿਹਾਸਕ ਸੋਮਿਆਂ ਤੇ ਅੰਧਵਿਸ਼ਵਾਸ਼, ਨਵੀਨੀਕਰਨ ਅਤੇ ਨਵੀਂ ਬਿਲਡਿੰਗ ਉਸਾਰਨ ਦੀ ਕਮਾਈ ਦੇ ਲਾਲਚ ਦਾ ਬਲਡੋਜਰ ਚਲਾ ਕੇ, ਡੇਰੇਦਾਰ ਸਾਧਾਂ ਦੀ ਗ੍ਰਿਫਤ ਵਿੱਚ ਆ ਚੁੱਕੀ ਸ਼੍ਰੋਮਣੀ ਕਮੇਟੀ ਨਾਲ ਮਿਲ ਕੇ, ਮਲੀਆਮੇਟ ਕਰੀ ਜਾ ਰਹੇ ਹਨ ਓਥੇ ਸਿੱਖੀ ਵਿਰੋਧੀ ਤਾਕਤਾਂ ਤੇ ਸਰਕਾਰਾਂ ਸਿੱਖਾਂ ਦੀ




ਬਹਾਦਰੀ ਭਰੇ ਕਾਰਨਾਮੇ ਅਤੇ ਸ਼ਹੀਦੀਆਂ ਦੇ ਇਤਿਹਾਸ ਨੂੰ, ਦਿਨ ਬਾਦਿਨ ਬਦਨੀਤੀ ਦੇ ਤੇਸੇ ਨਾਲ ਛਿੱਲੀ ਅਤੇ ਬੇਇਨਸਾਫੀ ਦੀ ਕਲਮ ਨਾਲ ਲਿਖ ਕੇ, ਵਿਗਾੜੀ ਜਾ ਰਹੀਆਂ ਹਨ। ਬਹੁਤੇ ਇਤਿਹਾਸਕ ਗੁਰਦੁਆਰੇ ਜਿਵੇਂ ਬੇਬੇ ਨਾਨਕੀ ਦਾ ਘਰ, ਅਨੰਦਪੁਰ ਦਾ ਕਿਲਾ, ਚਮਕੌਰ ਦੀ ਕੱਚੀ ਗੜੀ, ਸਰਹੰਦ ਦੀ ਦੀਵਾਰ, ਮਾਤਾ ਗੁਜਰੀ ਦਾ ਠੰਡਾ ਬੁਰਜ, 1984 ਦਾ ਅਕਾਲ ਤਖਤ ਤੇ ਅੱਜ 2019 ਦੇ ਮਾਰਚ ਮਹੀਨੇ ਤਰਨ ਤਾਰਨ ਸਾਹਿਬ ਦਰਬਾਰ ਦੀ ਇਤਿਹਾਸਕ ਦਰਸ਼ਨੀ ਡਿਉੜੀ ਢਾਹੁਣੀ ਆਦਿ। ਸ਼੍ਰੋਮਣੀ ਕਮੇਟੀ ਦੀਆਂ ਪ੍ਰਕਾਸ਼ਤ ਇਤਿਹਾਸਕ ਪੁਸਤਕਾਂ ਵਿੱਚ ਸਿੱਖ ਗੁਰੂਆਂ ਦਾ ਘਟੀਆ ਕਿਰਦਾਰ ਪੇਸ਼ ਕਰਨਾ, ਧਰਮ ਪੁਸਤਕਾਂ ਵਿੱਚ ਥੋਥੇ ਕਰਮਕਾਂਡ ਤੇ ਅੰਨੀ ਸ਼ਰਧਾ ਵਾਲੀਆਂ ਅਣਹੋਈਆਂ ਕਰਾਮਾਤਾਂ ਦੀਆਂ ਮਨਘੜਤ ਸਾਖੀਆਂ ਦਾ ਰਲਾ ਕਰਨਾ ਅਤੇ ਗੁਰੂ ਨਿੰਦਕ ਗੁਰਬਿਲਾਸ ਪਾਤਸ਼ਾਹੀ 6ਵੀਂ ਅਤੇ ਅਖੌਤੀ ਦਸਮ ਗ੍ਰੰਥ ਵਰਗੀਆਂ ਬਚਿੱਤ੍ਰ ਨਾਟਕੀ ਪੁਸਤਕਾਂ, "ਸ਼ਬਦ ਗੁਰੂ ਗ੍ਰੰਥ ਸਾਹਿਬ" ਦੇ ਬਰਾਬਰ ਪ੍ਰਕਾਸ਼ ਕਰਕੇ, ਉਨ੍ਹਾਂ ਦਾ ਕੀਰਤਨ ਤੇ ਕਥਾ ਕਰਨੀ। ਪੁਰਾਤਨ ਗੁਰੂ ਗ੍ਰੰਥ ਸਾਹਿਬ ਦੀਆਂ ਇਤਿਹਾਸਕ ਬੀੜਾਂ ਤੇ ਹੋਰ ਵਡਮੁੱਲੇ ਇਤਿਹਾਸਕ ਗ੍ਰੰਥ ਸਸਕਾਰ ਕਰਨ ਦੀ ਸ਼ਰਧਾ ਨਾਲ ਸਾੜ ਕੇ ਮਲੀਆਮੇਟ ਕਰਨੇ। ਔਰਤ ਤੇ ਮਰਦ ਦੀ ਧਰਮ ਬਰਾਬਰਤਾ ਖਤਮ ਕਰਨੀ, ਜਾਤਾਂ ਪਾਤਾਂ ਨੂੰ ਬੜਾਵਾ ਦੇਣਾ, ਸੰਪ੍ਰਦਾਵਾਂ, ਡੇਰੇ ਅਤੇ ਟਕਸਾਲਾਂ ਸਿੱਖ ਪੰਥ ਵਿੱਚ ਘਸੋੜਨੀਆਂ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਆਦਿਕ ਸਿੱਖ ਲੀਡਰਸ਼ਿਪ ਕੁਰਸੀ ਪਾਓ ਅਤੇ ਬਚਾਓ ਵੱਲ ਲੱਗੀ ਹੋਈ ਹੈ। ਨੌਜਵਾਨਾਂ ਨੂੰ ਨਸ਼ਿਆਂ ਅਤੇ ਵਿਸ਼ੇ ਵਿਕਾਰਾਂ ਵੱਲ ਧੱਕਿਆ ਜਾ ਰਿਹਾ ਹੈ। ਬਹੁਤਾ ਸਾਧ ਲਾਣਾ ਅਤੇ ਸੰਪ੍ਰਦਾਈ ਪ੍ਰਚਾਰਕ ਸਿੱਖੀ ਦੇ ਸੋਮੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਨੂੰ ਛੱਡ ਕੇ, ਹੋਰਨਾਂ ਗ੍ਰੰਥਾਂ ਦੇ ਮੱਗਰ ਆਪ ਲੱਗੇ ਅਤੇ ਸੰਗਤ ਨੂੰ ਲਾ ਰਹੇ ਹਨ।

ਇਸ ਲਈ ਘੱਟ ਤੋਂ ਘੱਟ ਸਿੱਖਾਂ ਨੂੰ ਪੰਜਾਬ ਵਿੱਚ ਆ ਰਹੀਆਂ ਚੋਣਾਂ ਵਿੱਚ ਹਿੱਸਾ ਲੈ ਕੇ, ਸਰਮਾਏਦਾਰ, ਲਾਲਚੀ, ਗਦਾਰਾਂ ਅਤੇ ਬਾਮਣਵਾਦ ਨੂੰ ਜਮੀਰਾਂ ਵੇਚ ਚੁੱਕੇ ਠੱਗ ਲੀਡਰਾਂ ਅਤੇ ਪਾਖੰਡੀ ਸਾਧਾਂ ਤੋਂ ਖਹਿੜਾ ਛਡਾਉਂਣਾ ਚਾਹੀਦਾ ਹੈ। ਆ ਰਹੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਚੰਗੇ ਕਿਰਦਾਰ ਵਾਲੇ, ਸ਼ਬਦ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਾਇਣ, ਨਸ਼ਿਆਂ ਤੋਂ ਮੁਕਤ, ਪੜ੍ਹੇ ਲਿਖੇ, ਪਰਉਪਕਾਰੀ ਜਨਤਾ ਦੀ ਸੇਵਾ-ਭਾਵਨਾਂ ਵਾਲੇ ਨੌਜਵਾਨ ਸਿੰਘ-ਸਿੰਘਣੀਆਂ ਅਤੇ ਸੇਵਕਾਂ ਨੂੰ ਜਿਤਾ ਕੇ, ਸਿੱਖਾਂ ਦੀ ਸ੍ਰੋਮਣੀ ਸੰਸਥਾ ਦੀ ਵਾਗ ਡੋਰ, ਕਿਰਤੀ ਅਤੇ ਉੱਚੇ ਕਿਰਦਾਰ ਵਾਲੇ ਗੁਰਸਿੱਖਾਂ ਨੂੰ ਸੌਂਪੋ, ਫਿਰ ਹੀ ਇਹ ਇਤਿਹਾਸਕ ਵਿਰਸੇ ਨੂੰ ਮਲੀਆਮੇਟ ਕਰਨ ਵਾਲਿਆਂ ਤੋਂ ਬਚਾਇਆ ਜਾ ਸਕਦੈ ਵਰਨਾ ਸਭ ਕੁਝ ਜਾਂਦਾ ਰਹੇਗਾ।

# ਜਾਤੀ ਨਫ਼ਰਤ ਦਾ ਗ੍ਰਹਿਣ

ਸਾਰੇ ਦੇਸ਼ ਵਿਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਬਾਰੇ ਭਰਪੂਰ ਚਰਚਾ ਛਿੜੀ ਹੋਈ ਹੈ ।ਕੋਈ ਪਾਰਟੀ ਬੇਰੁਜ਼ਗਾਰੀ , ਰਿਸ਼ਵਤਖੋਰੀ ਤੇ ਕਿਸਾਨ ਸੰਕਟ ਦੇ ਮੁੱਦੇ ਉਭਾਰ ਰਹੀ ਹੈ ਅਤੇ ਕੋਈ ਪਾਰਟੀ ਰਾਸ਼ਟਰਵਾਦ , ਰਾਮ ਮੰਦਰ , ਕੌਮੀ ਸੁਰੱਖਿਆ ਅਤੇ ਗਵਾਂਢੀ ਦੇਸ਼ ਨੂੰ ਸਬਕ ਸਿਖਾਉਣ ਦੇ ।ਰਾਸ਼ਟਰਵਾਦ ਦੇ ਮੁੱਦੇ ਬਾਰੇ ਚਰਚਾ ਕਰਦਿਆਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਾਡੇ ਦੇਸ਼ ਦੀ ਸੱਭਿਅਤਾ ਸਭ ਤੋਂ ਮਹਾਨ ਹੈ ।ਮਰਿਆਦਾ ਤੇ ਰਵਾਇਤਾਂ ਦੀ ਮਹਾਨਤਾ ਦੀ ਚਰਚਾ ਦੇ ਨਾਲ ਨਾਲ ਇਸ ਦੇਸ਼ ਵਿੱਚ ਕੁਝ ਇਹੋ ਜਿਹਾ ਵਾਪਰਿਆ ਹੈ ਜਿਸ ਉੱਤੇ ਬਹੁਤ ਘੱਟ ਚਰਚਾ ਹੋਈ ਹੈ ।ਦੁਨੀਆਂ ਦੇ ਚੋਟੀ ਦੇ ਚਾਰ ਸੌ ਵਿਦਵਾਨਾਂ ਨੇ ਇੰਡੀਅਨ ਇੰਸਟੀਟਿਊਟ ਆਫ਼ ਟੈਕਨਾਲੋਜੀ ( ਆਈਆਈਟੀ ) ਕਾਨਪੁਰ ਵਿਚ ਪੜ੍ਹਾ ਰਹੇ ਸਹਾਇਕ ਪ੍ਰੋਫ਼ੈਸਰ ਸੁਬਰਾਮਨੀਅਮ ਸਦਰੇਲਾ ਹਮਾਇਤ ਵਿਚ ਆਵਾਜ਼ ਉਠਾਈ ਹੈ ਜਿਸ ਨੂੰ ਉਸ ਸੰਸਥਾ ਵਿਚ ਜਾਤੀਵਾਦੀ ਘਿਰਣਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ।ਇਨ੍ਹਾਂ ਵਿਦਵਾਨਾਂ ਵਿਚ ਆਸਾਮ ਦੇ ਮਸ਼ਹੂਰ ਲੇਖਕ ਹਿਰਨ ਗੋਹਾਈ ਮੈਸੇਚਿਉਟਸ ਆਫ਼ ਟੈਕਨਾਲੋਜੀ ਦੇ ਨਿਓਮ ਚੌਮਸਕੀ ਤਕ ਸ਼ਾਮਲ ਹਨ ।ਪ੍ਰਾਪਤ ਖ਼ਬਰਾਂ ਅਨੁਸਾਰ ਪਹਿਲਾਂ ਤਾਂ ਡਾ .ਸਦਰੇਲਾ ਨੂੰ ਜਾਤੀ ਦਵੈਸ਼ ਤੇ ਘਿਰਣਾ ਦਾ ਨਿਸ਼ਾਨਾ ਬਣਾਇਆ ਗਿਆ ਅਤੇ ਇਸ ਤੋਂ ਬਾਅਦ ਜਾਤੀ ਨਫ਼ਰਤ ਦੀ ਗਹਿਰ ਏਨੀ ਜ਼ਿਆਦਾ ਚੜੀ ਕਿ ਤਥਾਕਥਿਤ ਉੱਚੀਆਂ ਜਾਤੀਆਂ ਨਾਲ ਸਬੰਧਤ ਪਰਾਅਧਿਆਪਕਾਂ ਨੇ ਉਸ ਦੇ ਪੀਐੱਚਡੀ ਦੇ ਥੀਸਿਸ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ ।ਡਾ .ਸਦਰੇਲਾ ਆਂਧਰਾ ਪ੍ਰਦੇਸ਼ ਇਕ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੈ ਅਤੇ ਉਸ ਨੇ ਬੀਟੈੱਕ , ਐੱਮਟੈੱਕ ਅਤੇ ਪੀਐੱਚਡੀ ਦੀਆਂ ਡਿਗਰੀਆਂ ਆਈਆਈਟੀ ਕਾਨਪੁਰ ਤੋਂ ਹਾਸਲ ਕੀਤੀਆਂ ਹਨ।

ਇਹ ਸਾਰਾ ਘਟਨਾਕ੍ਰਮ ਅਗਸਤ 2017 ਵਿਚ ਸ਼ੁਰੂ ਹੋਇਆ ।ਬਾਕੀ ਆਈਆਈਟੀ ਸੰਸਥਾਵਾਂ ਵਾਂਗ ਕਾਨਪੁਰ ਆਈਆਈਟੀ ਵਿਚ ਵੀ ਅਨੁਚਿਤ ਜਾਤੀਆਂ ਕਬੀਲਿਆਂ ਨਾਲ ਸਬੰਧਤ ਪੜਾਉਣ ਵਾਲੇ ਅਧਿਆਪਕਾਂ ਦੀ ਸੰਖਿਆ ਬਹੁਤ ਘੱਟ ਹੈ ।ਇਸ ਲਈ ਉਨ੍ਹਾਂ ਉਮੀਦਵਾਰਾਂ , ਜੋ ਰਾਖਵੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦੇ ਹਨ , ਤੋਂ ਵੱਖ ਵੱਖ ਆਸਾਮੀਆਂ ਲਈ ਅਰਜ਼ੀਆਂ ਮੰਗੀਆਂ ਗਈਆਂ ।ਆਈਆਈਟੀ ਵਿਚ ਕਿਸੇ ਵੀ ਸਹਾਇਕ ਪ੍ਰੋਫ਼ੈਸਰ ਦੀ ਚੋਣ ਕਰਨ ਦਾ ਢੰਗ - ਤਰੀਕਾ ਕਾਫ਼ੀ ਪਾਰਦਰਸ਼ੀ ਹੈ ਅਤੇ ਉਮੀਦਵਾਰ ਨੂੰ ਆਖ਼ਰੀ ਚੋਣ ਕਮੇਟੀ ਦੇ ਸਾਹਮਣੇ ਪਹੁੰਚਣ ਤੋਂ ਪਹਿਲਾਂ ਕਈ ਪੜਾਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ ।ਪਹਿਲੇ ਪੜਾਅ ਉੱਤੇ ਵਿਭਾਗ ਦੀ ਸਲਾਹਕਾਰ ਕਮੇਟੀ ( ਡਿਪਾਰਟਮੈਂਟ ਫੈਕਲਟੀ ਅਡਵਾਇਜ਼ਰੀ ਕਮੇਟੀ ਉਮੀਦਵਾਰਾਂ ਨੂੰ ਇਕ ਸੈਮੀਨਾਰ ਦੇਣ ਲਈ ਕਹਿੰਦੀ ਹੈ ਅਤੇ ਇਸ ਤੋਂ ਬਾਅਦ ਇਸ ਕਮੇਟੀ ਦੁਆਰਾ ਉਮੀਦਵਾਰਾਂ ਬਾਰੇ ਸੰਸਥਾ ਦੀ ਸਲਾਹਕਾਰ ਕਮੇਟੀ ( ਇੰਸਟੀਟਿਊਟ ਫੈਕਲਟੀ ਅਡਵਾਇਜ਼ਰੀ ਕਮੇਟੀ ) ਨਾਲ ਗੱਲਬਾਤ ਕੀਤੀ ਜਾਂਦੀ ਹੈ । ਆਖ਼ਰੀ ਚੋਣ ਕਮੇਟੀ ਸੰਸਥਾ ਦੇ ਡਾਇਰੈਕਟਰ ਦੀ ਅਗਵਾਈ ਵਿਚ ਹੁੰਦੀ ਹੈ ਜਿਸ ਵਿਚ ਬਾਹਰ ਤੋਂ ਤਿੰਨ ਮਾਹਿਰ ਸੱਦੇ ਜਾਂਦੇ । ਡਾ. ਸਦਰੇਲਾ ਇਹੋ ਜਿਹੀ ਕਠਿਨ ਪ੍ਰਕਿਰਿਆ ਰਾਹੀਂ ਏਅਰੋਸਪੇਸ ਇੰਜੀਨੀਅਰਿੰਗ ਵਿਭਾਗ ਲਈ ਚੁਣਿਆ ਗਿਆ ।ਉਸ ਲਈ ਇਹ ਚੋਣ ਉਸ ਦੇ ਸੁਪਨੇ ਦਾ ਸਾਕਾਰ ਹੋਣਾ ਸੀ ਕਿਉਂਕਿ ਉਸ ਨੇ ਸਾਰੀ ਪੜ੍ਹਾਈ ਉਸੇ ਸੰਸਥਾ ਤੋਂ ਕੀਤੀ ਸੀ ।

ਜਿਉਂ ਹੀ ਉਸ ਨੇ ਵਿਭਾਗ ਵਿਚ ਕੰਮ ਕਰਨਾ ਸ਼ੁਰੂ ਕੀਤਾ ਤਾਂ ਜਾਤੀਵਾਦੀ ਸੋਚ ਰੱਖਣ ਵਾਲੇ ਕੁਝ ਪ੍ਰੋਫੈਸਰਾਂ ਨੇ ਉਹਦੇ ਵਿਰੁੱਧ ਤਰ੍ਹਾਂ- ਤਰ੍ਹਾਂ ਦੀਆਂ ਅਫ਼ਵਾਹਾਂ ਫੈਲਾਉਣੀਆਂ ਸ਼ੁਰੂ ਕੀਤੀਆਂ ।ਇਹ ਪ੍ਰਚਾਰ ਕੀਤਾ ਗਿਆ ਕਿ ਵਿਭਾਗ ਦਾ ਪੱਧਰ ਡਿੱਗ ਰਿਹਾ ਹੈ ਅਤੇ ਡਾ .ਸਦਰੇਲਾ ਦੀ ਚੋਣ ਹੀ ਗ਼ਲਤ ਸੀ ।ਇਸ ਬਾਰੇ ਸੰਸਥਾ ਦੇ ਬੋਰਡ ਆਫ਼ ਗਵਰਨਰਜ਼ ਨੂੰ ਈਮੇਲ ਭੇਜੀ ਗਈ ।ਡਾ .ਸਦਰੋਲਾ ਇਸ ਤੋਂ ਬਹੁਤ ਦੁਖੀ ਹੋਇਆ ਅਤੇ ਉਸ ਨੇ ਕਾਰਜਕਾਰੀ ਡਾਇਰੈਕਟਰ ਨੂੰ ਮਿਲ ਕੇ ਅਸਤੀਫ਼ਾ ਦੇਣ ਦੀ ਪੇਸ਼ਕਸ਼ ਕੀਤੀ ।ਉਹਦੇ ਵਿਰੁੱਧ ਨਫ਼ਰਤ ਭਰਿਆ ਪ੍ਰਚਾਰ ਵਧਦਾ ਗਿਆ ਅਤੇ ਇਹੋ ਜਿਹੀ ਈਮੇਲ ਥਾਂ ਥਾਂ ਤੇ ਭੇਜੀ ਗਈ ਜਿਸ ਵਿਚ ਇਹ ਕਿਹਾ ਗਿਆ ਕਿ ਇਸ ਜਾਤੀ ਨਾਲ ਸਬੰਧਤ ਪੜ੍ਹਾਉਣ ਵਾਲੇ ਦਾ ਆਉਣਾ ਸੰਸਥਾ ਲਈ ਇਕ ਤਰ੍ਹਾਂ ਦਾ ਸਰਾਪ ਹੈ ।ਕਾਰਜਕਾਰੀ ਡਾਇਰੈਕਟਰ ਨੇ ਤੱਥ ਲੱਭਣ ਲਈ ਕਮੇਟੀ ਬਣਾਈ ਅਤੇ ਸੁਲ੍ਹਾ - ਸਫ਼ਾਈ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਜਾਤੀਵਾਦ ਦਾ ਪ੍ਰਚਾਰ ਕਰਨ ਵਾਲੇ ਪ੍ਰੋਫ਼ੈਸਰਾਂ ਨੂੰ ਇਹ ਮਨਜ਼ੂਰ ਨਹੀਂ ਸੀ ।ਬੋਰਡ ਆਫ਼ ਗਵਰਨਰਜ਼ ਨੇ ਇਕ ਸੇਵਾ-ਮੁਕਤ ਜੱਗ ਤੋਂ ਜਾਂਚ ਕਰਾਉਣ ਦਾ ਫੈਸਲਾ ਲਿਆ ।ਇਸੇ ਹੀ ਸਮੇਂ ਡਾ .ਸਦਰੇਲਾ ਨੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕੌਮੀ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਅਤੇ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਕਿ ਚਾਰ ਪ੍ਰੋਫ਼ੈਸਰਾਂ ਦੇ ਵਿਰੁੱਧ ਐੱਫਆਈਆਰ ਦਰਜ ਕਰਾਈ ਜਾਵੇ ।ਇਨ੍ਹਾਂ ਪ੍ਰੋਫੈਸਰਾਂ ਨੇ ਕਮਿਸ਼ਨ ਦੇ ਆਦੇਸ਼ ਵਿਰੁੱਧ ਅਲਾਹਾਬਾਦ ਹਾਈ ਕੋਰਟ ਤੋਂ ਸਟੇਅ ਲੈ ਲਈ।

ਅਲਾਹਾਬਾਦ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਐੱਸ .ਐੱਡ , ਸਦੀਕੀ ਨੂੰ ਜਾਂਚ ਸੌਂਪੀ ਗਈ ।ਜਸਟਿਸ ਸਦੀਕੀ ਨੇ ਪੜਤਾਲ ਕਰਕੇ ਇਹ ਪਾਇਆ ਕਿ ਚਾਰ ਪ੍ਰੋਫ਼ੈਸਰਾਂ ਨੇ ਅਨੁਸੂਚਿਤ ਜਾਤੀਆਂ K ਜਨਜਾਤੀਆਂ ਬਾਰੇ ਐਕਟ ਦੀਆਂ ਕਈ ਧਾਰਾਵਾਂ ਦੀ ਉਲੰਘਣਾ ਕੀਤੀ ਅਤੇ ਉਨਾਂ ਦਾ ਵਿਵਹਾਰ ਅਸੱਭਿਅਕ ਸੀ ।ਰਿ-ਪੋਰਟ ਬੋਰਡ ਆਫ਼ ਗਵਰਨਰਜ਼ ਵਿਚ ਪੇਸ਼ ਕੀਤੀ ਗਈ ਅਤੇ ਉਸ ਤੋਂ ਉਚਿਤ ਕਾਰਵਾਈ ਕਰਦਿਆਂ ਤਿੰਨ ਪ੍ਰੋਫ਼ੈਸਰਾਂ ਦੇ ਅਹੁਦੇ ਘਟਾ ਦਿੱਤੇ ਗਏ ਅਤੇ ਇਕ ਨੂੰ ਚਿਤਾਵਨੀ ਦਿੱਤੀ ਗਈ ।ਇਸ ਤੋਂ ਬਾਅਦ ਇਹ ਦੋਸ਼ ਲੱਗਣੇ ਸ਼ੁਰੂ ਹੋਏ ਕਿ ਡਾ .ਸਦਰੇਲਾ ਨੇ ਆਪਣੇ ਪੀਐੱਚਡੀ ਦੇ ਥੀਸਿਸ ਵਿਚ ਦੂਸਰੇ ਸ੍ਰੋਤਾਂ ਤੋਂ ਨਕਲ ਮਾਰੀ ਸੀ ।ਇਸ ਦੀ ਨਿਰਖ - ਪਰਖ ਦੌਰਾਨ ਇਹ ਪਾਇਆ ਗਿਆ ਕਿ ਉਸ ਦੇ ਪੀਐੱਚਡੀ ਦੇ ਥੀਸਿਸ ਵਿਚ ਮੁੱਖ ਬੰਦ ਜਾਣ - ਪਛਾਣ ਤੇ ਪੁਰਾਣੀ ਖੋਜ ਬਾਰੇ ਜਾਣਕਾਰੀ ਦੇਣ ਵਾਲੇ ਅਧਿਆਇ ਵਿਚ ਕੁਝ ਹਿੱਸੇ ਇਕ ਪਹਿਲੇ ਥੀਸਿਸ ਤੋਂ ਲਏ ਗਏ ਸਨ । ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਅਕਾਦਮਿਕ ਨੈਤਿਕ ਸੈੱਲ , ਜਿਸ ਨੇ ਇਹ ਜਾਂਚ - ਪੜਤਾਲ ਕੀਤੀ , ਨੂੰ ਉਸ ਦੀ ਖੋਜ ਤੇ ਖੋਜ ਤੇ ਪਾਪਤ ਸਿੱਟਿਆਂ ਵਿਚ ਕੋਈ ਵੀ ਗ਼ਲਤੀ ਨਾ ਲੱਭੀ ।ਇਸ ਲਈ ਉਸ ਨੂੰ ਆਪਣੇ ਥੀਸਿਸ ਵਿਚ ਬਦਲਾਓ ਕਰਕੇ ਦੁਬਾਰਾ ਪੇਸ਼ ਕਰਨ ਲਈ ਕਿਹਾ ਗਿਆ ।ਇਹ ਮਾਮਲਾ ਹੱਲ ਹੋਣ ਵਾਲਾ ਹੀ ਸੀ ਕਿ ਜਾਤੀਵਾਦੀ ਘਿਰਣਾ ਫੈਲਾਉਣ ਵਾਲਿਆਂ ਨਵਾਂ ਦਾਅ ਖੇਡਿਆ ਤੇ ਇਹ ਪ੍ਰਚਾਰ ਕੀਤਾ ਕਿ ਉਸ ਨੇ ਆਪਣੇ ਐੱਮਟੈੱਕ ਦੇ ਥੀਸਿਸ ਵਿਚ ਵੀ ਨਕਲ ਮਾਰੀ ਸੀ ।ਜਦ ਪਾਣੀ ਸਿਰ ਤੋਂ ਲੰਘਦਾ ਦਿਖਾਈ ਦਿੱਤਾ ਤਾਂ ਡਾ .ਸਦਰੇਲਾ ਨੇ ਚਾਰ ਪ੍ਰੋਫ਼ੈਸਰਾਂ ਅਤੇ ਅਣਜਾਣ ਸਰੋਤਾਂ ਤੋਂ ਈਮੇਲ ਭੇਜਣ ਵਾਲਿਆਂ ਵਿਰੁੱਧ ਫ਼ੌਜਦਾਰੀ ਕੇਸ ਦਰਜ ਕਰਾਇਆ ।ਜਾਤੀਵਾਦੀ ਤੱਤ ਇਕੱਠੇ ਹੁੰਦੇ ਗਏ ਅਤੇ ਸੈਨੇਟ ਵਿਚ ਇਹ ਮਤਾ ਪਾਸ ਕਰਵਾਇਆ ਗਿਆ ਕਿ ਉਸ ਦੀ ਪੀਐੱਚਡੀ ਦੀ ਡਿਗਰੀ ਰੱਦ ਕੀਤੀ ਜਾਏ ।ਇਸ ਸੰਦਰਭ ਵਿਚ ਵੀ 160 ਦੇਸ਼ਾਂ ਦੇ ਚਾਰ ਸੌ ਪ੍ਰਸਿੱਧ ਵਿਦਵਾਨ ਨੇ ਉਸ ਦੀ ਹਮਾਇਤ ਵਿਚ ਆਵਾਜ਼

(ਬਾਕੀ ਸਫਾ 11 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮੀਟਿੰਗ

**ਯੂਬਾ ਸਿਟੀ–** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਸੈਕਰਾਮੈਂਟੋ, ਯੂਬਾ ਸਿਟੀ ਦੀ ਮੀਟਿੰਗ 31 ਮਾਰਚ ਦਿਨ ਐਤਵਾਰ ਨੂੰ ਟੈਰਾ ਬਿਉਨਾ ਯੂਬਾ ਸਿਟੀ ਗੁਰੂ ਘਰ ਦੇ ਮੀਟਿੰਗ



ਹਾਲ ਵਿਚ ਆਯੋਜਿਤ ਕੀਤੀ ਗਈ, ਜਿਸ ਵਿਚ ਸਭ ਤੋਂ ਪਹਿਲਾਂ ਕਾਰਜਕਾਰਨੀ ਮੈਂਬਰ ਅਤੇ ਬੋਰਡ ਆਫ ਡਾਇਰੈਕਟਰ ਦੇ ਮੈਂ-ਬਰਾਂ ਦੀ ਮੀਟਿੰਗ ਹੋਈ, ਜਿਸ ਵਿਚ 28 ਅਪ੍ਰੈਲ 2019 ਦਿਨ ਐਤਵਾਰ ਨੂੰ ਕਰਵਾਈ ਜਾ ਰਹੀ ਅੰਤਰ ਰਾਸ਼ਟਰੀ ਕਾਨਫਰੰਸ ਜਿਹੜੀ ਕਿ ਲਕਸ਼ਮੀ ਨਰਾਇਣ ਮੰਦਰ 7495 ਐਲਡਰ ਕਰੀਕ ਤੇ ਹਾਲ ਵਿਚ ਨਿਸਚਿਤ ਕੀਤੀ ਗਈ ਹੈ, ਉਸਦੇ ਬਾਰੇ ਵਿਚਾਰਾਂ ਕੀਤੀਆਂ ਗਈਆਂ ਅਤੇ ਹਾਜ਼ਰ ਮੈਂਬਰਾਂ ਨੇ ਆਪਣੇ ਆਪਣੇ ਸੁਝਾਅ ਦਿੱਤੇ।

ਇਸ ਪਿੱਛੋਂ ਕਹਾਣੀ ਦਰਬਾਰ ਵਿਚ ਪਰਮਿੰਦਰ ਰਾਏ ਖਾਨਖਾਨਾਂ ਅਤੇ ਮਨਜੀਤ ਕੌਰ ਸੇਖੋਂ ਨੇ ਆਪਣੀਆਂ ਕਹਾਣੀਆਂ ਪੜ੍ਹੀਆਂ।

ਚਾਹ ਦੀ ਬਰੇਕ ਤੋਂ ਪਿੱਛੋਂ ਕਵੀ ਦਰਬਾਰ ਵਿਚ ਜਿਹਨਾਂ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ, ਉਹਨਾਂ ਦੇ ਨਾਮ ਇਸ ਪ੍ਰਕਾਰ ਹਨ- ਹਰਬੰਸ ਸਿੰਘ ਜਗਿਆਸੂ, ਪਰਮਿੰਦਰ ਰਾਏ ਖਾਨਖਾਨਾ, ਜਸਵੰਤ ਜੱਸੀ ਸ਼ੀਮਾਰ, ਹਰਭਜਨ ਸਿੰਘ ਢੇਰੀ, ਰਾਠੇਸ਼ਵਰ ਸੂਰਾਪੁਰੀ, ਮਹਿੰਦਰ ਸਿੰਘ ਘੱਗ, ਫਕੀਰ ਸਿੰਘ ਮੱਲ੍ਹੀ, ਦਿਲ ਨਿੱਝਰ, ਤਰਦੀਪ ਸਿੰਘ, ਇੰਦਰਜੀਤ ਗਰੇਵਾਲ, ਜਤਿੰਦਰ ਸਿੰਘ ਢਿੱਲੋਂ, ਮਨਜੀਤ ਕੌਰ ਸੇਖੋਂ, ਅਜੈਬ ਚੀਮਾ, ਜਸਪਾਲ ਅਤੇ ਮਾਲੜੀ। ਸਕੱਤਰ ਦੀ ਸੇਵਾ ਪਰਮਿੰਦਰ ਰਾਏ ਖਾਨਖਾਨਾਂ ਨੇ ਨਿਭਾਈ। ਇਸ ਦਿਨ ਨਿਰਮਲ ਸਿੰਘ ਲਾਲੀ ਜੀ ਦੀ ਕਿਤਾਬ ਜ਼ਿੰਦਗੀ ਦੀ ਕੁੰਜੀ ਲੋਕ ਅਰਪਿਤ ਕੀਤੀ ਗਈ।

## ਨਿਊਜ਼ੀਲੈਂਡ ਬੇਦੋਸ਼ੇ ਲੋਕਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਤੇ ਮੋਮਬੱਤੀਆਂ ਜਲਾ ਕੇ ਸ਼ਰਧਾਂਜਲੀ ਭੇਂਟ ਕੀਤੀ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪਿਛਲੇ ਦਿਨੀਂ ਨਿਊਜ਼ੀਲੈਂਡ ਵਿਖੇ ਨਫਰਤ ਦੀ ਅੱਗ ਵਿਚ ਬਲ ਰਹੇ ਮਨੁੱਖ ਵੱਲੋਂ ਮਨੁੱਖਤਾ ਦੇ ਖਿਲਾਫ ਅਤਿ ਘਿਨਾਉਣਾ ਕਾਰਾ ਕੀਤਾ ਗਿਆ, ਉਸ ਦੇ ਸੋਗ ਵਿਚ ਗੁਰਦੁਆਰਾ ਸਿੱਖ ਸੈਂਟਰ ਸਿਆਟਲ ਬੋਥਲ ਵਿਖੇ ਸੰਗਤਾਂ ਦਾ ਭਾਰੀ ਇਕੱਠ ਹੋਇਆ, ਜਿਸ ਵਿਚ ਜਾਨਾਂ ਗੁਆ ਚੁੱਕੇ ਬੇਦੋਸ਼ੇ ਲੋਕਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਗਈ ਅਤੇ ਮੋਮਬੱਤੀਆਂ ਬਾਲ ਕੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਇਕੱਠ ਵਿਚ ਸਿੱਖਾਂ ਤੋਂ ਇਲਾਵਾ ਹਿੰਦੂ, ਮੁਸਲਿਮ ਅਤੇ ਇਸਾਈ ਧਰਮ ਦੇ ਲੋਕਾਂ ਨੇ ਵੀ ਸ਼ਿਰਕਤ ਕੀਤੀ। ਸੋਚ ਸੰਸਥਾ ਦੇ ਬਾਨੀ ਬਲਵੰਤ ਸਿੰਘ ਔਲਖ ਤੇ ਸੁਖਚੈਨ ਸਿੰਘ ਸੰਧੂ ਨੇ ਇਸ ਅਣਮਨੁੱਖੀ ਵਾਰਦਾਤ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਾਨੂੰ ਸਭ ਨੂੰ ਮਿਲ ਕੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ ਤਾਂ ਜੋ ਇਸ ਤਰ੍ਹਾਂ ਦੀ ਵਹਿਸ਼ੀ ਮਾਨਸਿਕਤਾ ਵਾਲੇ ਸ਼ਿਕਾਰ ਲੋਕਾਂ ਤੋਂ ਬਚਿਆ ਜਾ

# ਅਲੀਵਾਲ ਖੇਡ ਮੇਲੇ ਚ ਵੱਡੀ ਗਿਣਤੀ ਵਿੱਚ ਪਹੁੰਚੇ ਖਿਡਾਰੀ

**ਪਟਿਆਲਾ, ਭੁਨਰਹੇੜੀ–** 14 ਵਾਂ ਸਲਾਨਾ ਕਬੱਡੀ ਖੇਡ ਮੇਲਾ ਅਲੀਵਾਲ ਵਿਖੇ ਖਿਡਾਰੀਆ ਨੇ ਵੱਡੀ ਗਿਣਤੀ ਚ ਸਿ-ਰਕਰਤ ਕਰਕੇ ਖੇਡ ਮੇਲੇ ਦੀਆਂ ਰੌਣਕਾ ਵਿੱਚ ਭਾਰੀ ਵਾਧਾ ਕੀਤਾ। ਐਨ.ਆਰ.ਆਈ., ਪੰਜ-ਆਬ ਸੇਵਾ ਮੰਚ, ਮੱਲ੍ਹੀ ਪਰਿਵਾਰਾਂ ਅਤੇ ਇਲਾਕਾ ਨਿਵਾਸੀਆ ਦੇ ਸਹਿਯੋਗ ਨਾਲ ਸਿੱਧ ਬਾਬਾ ਲੱਛਮਣ ਜੱਤੀ ਯੂਥ ਸਪੋਰਟਸ ਕਲੱਬ ਅਲੀਵਾਲ ਦੇ ਉਦਮ ਸੱਦਕਾ ਕਰਵਾਏ ਮੈਚਾਂ ਦਾ ਦਰਸ਼ਕਾ ਨੇ ਅੱਧੀ ਰਾਤ ਤੱਕ ਖੂਬ ਆਨੰਦ ਮਾਣਿਆ। ਦੋ ਰੋਜਾ ਕੱਬਡੀ ਖੇਡ ਮੇਲੇ ਦੌਰਾਨ 82 ਟੀਮਾਂ ਨੇ ਭਾਗ ਲਿਆ। ਪਹਿਲੇ ਦਿਨ ਕਿਲੋ ਵਰਗ ਦੇ 33 ਟੀਮਾਂ ਦੇ ਮੈਚ ਹੋਏ। ਦੂਸਰੇ ਦਿਨ 75 ਕਿਲੋ ਵਰਗ ਅਤੇ ਇੱਕ ਪਿੰਡ ਓਪਨ ਦੇ 49 ਟੀਮਾਂ ਦੇ ਮੁਕਾਬਲੇ ਹੋਏ। ਪਹਿਲੇ ਦਿਨ 47-57-65 ਕਿਲੋ ਵਰਗ ਦੀਆਂ 33 ਟੀਮਾਂ ਦੇ ਫਸਮੇ ਮੈਚ ਹੋਏ। ਦੂਸਰੇ ਦਿਨ 75 ਕਿਲੋਂ ਅਤੇ ਇੱਕ ਪਿੰਡ ਓਪਨ ਦੀਆਂ 49 ਟੀਮਾਂ ਦੇ ਦਿਲਚਪਸ ਮੈਂਚਾ ਦਾ ਦਰਸ਼ਕਾਂ ਨੇ ਲਾਈਟਾਂ ਦੀ ਰੋਸ਼ਨੀ ਵਿੱਚ



ਅੱਧੀ ਰਾਤ ਤੱਕ ਖੂਬ ਆਨੰਦ ਮਾਣਿਆ। 75 ਕਿਲੋ ਵਰਗ ਦਾ ਫਾਇਨਲ ਮੈਚ ਭਾਗਲ ਅਤੇ ਢਢੋਲੀ ਕਲਾ ਵਿੱਚ ਹੋਇਆ ਜਿਸ ਵਿੱਚ ਪਹਿਲਾ ਜੇਤੂ ਇਨਾਮ ਭਾਗਲ (ਹਰਿਆਣਾ) ਨੇ ਜਿੱਤਿਆ। ਇੱਕ ਪਿੰਡ ਓਪਨ ਦੇ ਫਾਇਨਲ ਮੈਚ ਬਲਬੇੜਾ ਅਤੇ ਧੂਰੀ ਵਿਚਾਲੇ ਖੇਡਿਆ ਗਿਆ। ਜਿਸ ਵਿੱਚੋਂ ਬਲਬੇੜਾ ਦੀ ਟੀਮ ਸ਼ਾਨਦਾਰ ਪ੍ਰਦਸ਼ਨ ਕਰਦੀ ਪਹਿਲੇ ਇਨਾਮ ਤੇ ਹੱਕ ਜਮਾ ਗਈ।

ਖੇਡ ਟੂਰਨਾਮੈਂਟ ਵਿੱਚ ਟੀਮਾਂ ਨੂੰ ਇਨਾਮ ਮੁੱਖ ਮਹਿਮਾਨ ਡਾ. ਪਰਮਜੀਤ ਸਿੰਘ ਸਰੋਆ, ਮੱਖਣ ਸਿੰਘ ਮੱਲ੍ਹੀ, ਕੁਲਜੀਤ ਸਿੰਘ ਮੱਲ੍ਹੀ, ਲਵਪ੍ਰੀਤ ਸਿੰਘ ਕਲੱਬ ਪ੍ਰਧਾਨ, ਕਰਨਬੀਰ ਲਵਲੀ ਕਲੱਬ ਚੇਅਰਮੈਨ ਵੱਲੋਂ ਤਕਸੀਮ ਕੀਤੇ ਗਏ। ਡਾ. ਪਰਮਜੀਤ ਸਿੰਘ ਸਰੋਆ ਵਧੀਕ ਸੈਕਟਰੀ ਪਬਲੀ ਸਿਟੀ ਨੇ ਖੇਡ ਮੇਲੇ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੋਬਿੰਦ ਸਿੰਘ ਲੌਂਗੋਵਾਲ ਦੀ ਹਾਜ਼ਰੀ ਲਵਾਉਦੇ ਹੋਏ ਕਿਹਾ ਕਿ ਪ੍ਰਬੰਧਕਾਂ ਦਾ ਉਪਰਾਲਾ ਸ਼ਲਾਘਾਯੋਗ ਹੈ। ਖੇਡਾ ਜਿਥੇ ਸਾਡੇ ਤਨ ਅਤੇ ਮਨ ਨੂੰ ਤਕੜਾ ਕਰਦੀਆ ਹਨ। ਉਥੇ ਨਸ਼ਿਆਂ ਤੋਂ ਦੂਰ ਰਹਿ ਕੇ ਤੰਦਰੁਸਤ ਸਰੀਰ ਦੀ ਸਿਰਜਣਾ ਵੀ ਕਰਦੀਆਂ ਹਨ। ਚੰਗੇ ਸਮਾਜ ਦੀ ਸਿਰਜਣਾ ਮਨ ਦੀ ਤੰਦਰੁਸਤੀ ਅਤੇ ਸਿਹਤ ਦੀ ਤੰਦਰੁਸਤੀ ਨਾਲ ਹੀ ਕੀਤੀ ਜਾ ਸਕਦੀ ਹੈ।

ਖੇਡ ਮੇਲੇ ਦੌਰਾਨ ਸ:ਜਗਜੀਤ ਸਿੰਘ ਕੋਹਲੀ ਓ.ਐਸ.ਡੀ., ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਪੀ.ਆਰ.ਟੀ.ਸੀ. ਦੇ ਸਾਬਕਾ ਐਮ.ਡੀ. ਸ: ਮਨਜੀਤ ਸਿੰਘ ਨਾਰੰਗ, ਜਸਵਿੰਦਰ ਸਿੰਘ ਰਾਣਾ, ਸੁਖਦਰਸ਼ਨ ਸਿੰਘ ਮਿਹੋਣ, ਇੰਦਰਜੀਤ ਸਿੰਘ ਸੰਧੂ, ਗੁਰਮੀਤ ਸਿੰਘ ਬਾਜਵਾ, ਗੁਰਜੀਤ ਸਿੰਘ ਉਪਲੀ, ਅਮਰਿੰਦਰ ਸਿੰਘ ਭੁਨਰਹੇੜੀ, ਗੁਲਜਾਰ ਸਿੰਘ ਭੁਨਰਹੇੜੀ, ਸਰਬਨ ਸਿੰਘ ਮੱਲੀ, ਲੈਬਰ ਸਿੰਘ ਮੱਲੀ, ਜਰਨੈਲ ਸਿੰਘ ਔਲਖ, ਜਸਵਿੰਦਰ ਪੰਜੇਟਾ, ਬਲਕਾਰ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ ਸਾਬਕਾ ਸਰਪੰਚ, ਸ਼ੇਰ ਸਿੰਘ ਬੋੜ, ਬਹਾਦਰ ਸਿੰਘ ਮੱਲੀ, ਪਰਮਜੀਤ ਸਿੰਘ ਭੱਟੀਆ ਆਦਿ ਹਾਜ਼ਰ ਸਨ।

**ਕੁਲਜੀਤ ਸਿੰਘ ਮੱਲ੍ਹੀ, 93162-02394**



ਦੇਸ਼ ਦੀ ਸਭ ਤੋਂ ਵੱਡੀ ਸਿਵਲ ਸੇਵਾ ਪ੍ਰੀਖਿਆ 2018 ਦਾ ਨਤੀਜਾ ਸੰਘ ਲੋਕ ਸਭਾ ਕਮਿਸਨ ਨੇ ਸ਼ੁੱਕਰਵਾਰ ਨੂੰ ਜਾਰੀ ਕੀਤਾ ਹੈ। ਇਸ ਮੁਤਾਬਕ ਮੁਲਕ ਨੂੰ 756 ਪੁਰਸ਼ ਅਤੇ 182 ਔਰਤ ਅਧਿਕਾਰੀ ਬਣਨਗੇ।ਇਹਨਾਂ ਵਿਚ ਕਨਿਸ਼ਕ ਕਟਾਰੀਆ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ। ਕਨਿਸ਼ਕ ਆਈ. ਆਈ. ਟੀ. ਬੰਬੇ ਤੋਂ ਕੰਪਿਊਟਰ ਸਾਇੰਸ ਵਿਚ ਇੰਜੀਨੀਅਰਿੰਗ ਕਰ ਚੁੱਕੇ ਹਨ। ਉਹਨਾਂ ਨੇ ਗਣਿਤ ਵਿਸ਼ੇ ਨਾਲ ਇਹ ਪ੍ਰੀਖਿਆ ਪਾਸ ਕੀਤੀ ਹੈ ਅਤੇ ਉਹ ਐਸ. ਸੀ. ਵਰਗ ਤੋਂ ਹੈ। ਉਥੇ ਹੀ ਔਰਤ ਉਮੀਦਵਾਰਾਂ ਵਿਚ ਸ੍ਰਿਸ਼ਟੀ ਜਯੰਤ ਦੇਯਮੁਖ ਟੌਪਰ ਰਹੀ। ਮੁੱਖ ਸੂਚੀ ਵਿਚ ਇਹ ਪੰਜਵੇਂ ਸਥਾਨ 'ਤੇ ਹੈ। ਸ੍ਰਿਸ਼ਟੀ ਨੇ ਭੋਪਾਲ ਦੇ ਰਾਜੀਵ ਗਾਂਧੀ ਤਕਨੀਕੀ ਯੂਨੀਵਰਸਿਟੀ ਤੋਂ ਕੈਮੀਕਲ ਇੰਜੀਨੀਅਰਿੰਗ ਕੀਤੀ ਹੈ।

# ਮੁਹੰਮਦ ਸਦੀਕ ਨੂੰ ਲੋਕ ਸਭਾ ਹਲਕਾ ਫਰੀਦਕੋਟ ਤੋਂ ਟਿਕਟ ਮਿਲਣ ਤੇ ਵਰਕਰਾਂ 'ਚ ਖੁਸ਼ੀ ਦਾ ਮਾਹੌਲ

**ਜੈਤੋ (ਅਸ਼ੋਕ ਧੀਰ):** ਲੋਕ ਸਭਾ ਹਲਕਾ ਫਰੀਦਕੋਟ ਤੋਂ ਕਾਂਗਰਸ ਪਾਰਟੀ ਦੀ ਟਿਕਟ ਹਲਕਾ ਜੈਤੋ ਦੇ ਇੰਚਾਰਜ 'ਤੇ ਵਿਸ਼ਵ ਪ੍ਰਸਿੱਧ ਗਾਇਕ ਜਨਾਬ ਮੁਹੰਮਦ ਸਦੀਕ ਨੂੰ ਦੇਣ ਤੇ ਲੋਕ ਸਭਾ ਹਲਕਾ ਫਰੀਦਕੋਟ ਦੇ ਕਾਂ-ਗਰਸੀ ਆਗੂਆਂ ਵੱਲੋਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਹੁਲ ਗਾਂਧੀ , ਸ਼੍ਰੀਮਤੀ ਸੋਨੀਆ ਗਾਂਧੀ ਅਤੇ ਹਾਈ ਕਮਾਂਡ ਦਾ ਧੰਨਵਾਦ ਕੀਤਾ ਗਿਆ। ਉਹਨਾਂ ਕਿਹਾ ਕਿ ਜਨਾਬ ਮੁਹੰਮਦ ਸਦੀਕ ਨੂੰ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿ ਉਹ ਇੱਕ ਵਿਸ਼ਵ ਪ੍ਰਸਿੱਧ ਗਾਇਕ, ਦਰਵੇਸ਼, ਮਿਹਨਤੀ, ਇਮਾਨਦਾਰ, ਹਰ ਇੱਕ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋਣ ਵਾਲੇ ਅਤੇ ਹਉਮੈਂ ਹੰਕਾਰ ਤੋਂ ਰਹਿਤ ਇਨਸਾਨ ਹਨ। ਉਹ ਕਾਂਗਰਸੀ ਪਾਰਟੀ ਦੇ ਬਹੁਤ ਹੀ ਪ੍ਰਭਾਵਸ਼ਾਲੀ, ਮਿਹਨਤੀ ਅਤੇ ਚੰਗੇ ਵਤੀਰੇ ਵਾਲੇ ਇਨਸਾਨ ਹਨ। ਲੋਕ ਸਭਾ ਹਲਕਾ ਫਰੀਦਕੋਟ ਦੇ ਸਮੂਹ ਲੋਕਾਂ ਦਾ ਮੰਨਣਾ ਹੈ ਕਿ ਜਨਾਬ ਮੁਹੰਮਦ ਸਦੀਕ ਹੀ ਇੱਕ ਅਜਿਹੇ ਯੋਗ ਕਾਂਗਰਸ ਪਾਰਟੀ ਦੇ ਆਗੂ ਹਨ ਜੋ ਕਿ ਲੋਕ ਸਭਾ ਫਰੀਦਕੋਟ ਦੀ ਸੀਟ ਜਿੱਤ ਕੇ ਰਾਹੁਲ ਗਾਂਧੀ ਅਤੇ ਕਾਂਗਰਸੀ ਪਾਰਟੀ ਦੀ ਝੋਲੀ ਪਾ ਸਕਦੇ ਹਨ।



### ਮੁਹੰਮਦ ਸਦੀਕ ਜੀ ਦੇ ਜੀਵਨ ਪਿਛੋਕੜ ਤੇ ਇੱਕ ਝਾਤ

ਵਰਣਨਯੋਗ ਹੈ ਕਿ ਮਹੁੰਮਦ ਸਦੀਕ ਨੇ ਸਾਲ 2012 ਦੇ ਵਿਧਾਨ ਸਭਾ ਚੋਣਾਂ ਵਿੱਚ ਭਦੌੜ ਹਲਕੇ ਤੋਂ ਚੋਣ ਲੜੀ ਜਿਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਦਰਬਾਰਾ ਸਿੰਘ ਗੁਰੂ ਨੂੰ ਹਰਾਕੇ ਜਿੱਤ ਪ੍ਰਾਪਤ ਕੀਤੀ। ਯਾਦ ਰਹੇ ਕਿ ਅਕਾਲੀ ਦਲ ਦੇ ਉਮੀਦਵਾਰ ਦਰਬਾਰਾ ਸਿੰਘ ਗੁਰੂ ਨੇ ਚੁਣੌਤੀ ਦਿੱਤੀ ਸੀ ਕਿ ਮੁਹੰਮਦ ਸਦੀਕ ਇਕ ਮੁਸਲਮਾਨ ਹੈ ਜੋ ਕਿ ਅਨੁਸੂਚਿਤ ਜਾਤੀ ਨਾਲ ਸਬੰਧਤ ਨਹੀਂ ਹੈ ਜਿਸ ਕਾਰਨ ਇਹ ਰਿਜਰਵ ਸੀਟ ਹੈ ਤੇ ਇਹ ਚੋਣ ਲੜਨ ਦੇ ਆਯੋਗ ਹੈ ਤੇ ਹਾਈਕੋਰਟ ਨੇ ਇਹ ਚੋਣ ਰੱਦ ਕਰ ਦਿੱਤੀ ਸੀ ਪਰ ਸੁਪਰੀਮ ਕੋਰਟ ਨੇ ਹਾਈਕੋਰਟ ਦੇ ਹੁਕਮਾਂ ਤੇ ਰੋਕ ਲਗਾ ਦਿੱਤੀ ਸੀ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਹ ਜੈਤੋ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸਨ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਾਸਟਰ ਬਲਦੇਵ ਸਿੰਘ ਤੋਂ ਵੱਡੇ ਫਰਕ ਨਾਲ ਹਾਰ ਗਏ ਸਨ। ਮਹੁੰਮਦ ਸਦੀਕ ਦਾ ਜਨਮ 1942 ਵਿਚ ਪੰਜਾਬੀ ਮੁਸਲਿਮ ਪਰਿਵਾਰ ਚ ਹੋਇਆ, ਪਿਤਾ ਵਾਤਾਏਤ ਅਲੀ ਅਤੇ ਮਾਤਾ ਪਾਰਸੀਨੀ ਜੋ ਕਿ ਰਾਮਪੁਰ, ਲੁਧਿਆਣਾ ਜਿਲ੍ਹੇ ਵਿੱਚ ਹੈ। 1947 ਵਿੱਚ ਦੰਗਿਆਂ ਦੌਰਾਨ ਉਸਦੇ ਪਰਿਵਾਰ ਨੂੰ ਪਿੰਡ ਛੱਡਕੇ ਮਲੇਰਕੋਟਲਾ ਰਹਿਣਾ ਪਿਆ ਸੀ।



# ਵੋਟਰ ਜਾਗਰੂਕਤਾ ਦੌਰਾਨ ਚੁਣਾਵ ਪਾਠਸ਼ਾਲਾ ਤੇ ਸਵੀਪ ਐਕਟਿਵਟੀ ਕਰਵਾਈ




**ਬਟਾਲਾ (ਬਰਨਾਲ)–** ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਅਤੇ ਜਿਲਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਗੁਰਦਾਸਪੁਰ ਜੀ ਆਦੇਸ਼ਾ ਦੀ ਪਾਲਣਾ ਹਿਤ ਅਸੈਬਲੀ ਹਲਕਾ, ਫਤਹਿਗੜ ਚੂੜੀਆਂ 9 ਦੇ ਬੂਥ ਨੰਬਰ 204, 205 ਤੇ ਚੁਣਾਂਵ ਪਾਠਸ਼ਾਲਾ ਤਿਆਰ ਕੀਤੀ ਗਈ। ਪ੍ਰਿੰਸੀਪਲ ਰਵਿੰਦਰਪਾਲ ਸਿੰਘ ਚਾਹਲ, ਜੀ ਦੀ ਅਗਵਾਈ ਵਿਚ ਵੋਟਰ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ, ਨਵੀਆਂ ਤੇ ਤਾਜਾਂ ਹਦਾਇਤਾਂ ਦੀ ਪਾਲਣਾ ਹਿੱਤ ਸਕੂਲ ਚੁਣਾਵ ਪਾਠਸ਼ਾਂਲਾ ਤਿਆਰ ਕੀਤੀ ਗਈ ਤੇ ਸਵੀਪ ਐਕਟਿਵਟੀਆਂ ਕੀਤੀਆ ਗਈਆਂ । ਵੋਟਰਾਂ ਨੂੰ ਜਾਗਰੂਕ ਕਰਨ ਹਿਤ, ਬੱਚਿਆਂ ਵੱਲੋ ਚਾਰਟ ਮੇਕਿੰਗ ਤੇ ਸਲੋਗਨ ਬੋਲੇ ਗਏ। ਜਿਸ ਵਿਚ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਰਵਿੰਦਰਪਾਲ ਸਿੰਘ ਚਾਹਲ, ਸੁਪਰਵਾਈਜਰ ਗੁਰਮੀਤ ਸਿੰਘ ਖਹਿਰਾ, ਬੀ ਐਲ ਰਾਮੇਸ਼ ਕੁਮਾਰ, ਬੱਚੇ ਤੇ ਉਹਨਾਂ ਦੇ ਮਾਤਾ ਪਿਤਾ ਹਾਜਰ ਸਨ।



Shangara Ram
Realtor CalBRE# 01969522

BERKSHIRE HATHAWAY
Home Services
ELITE REAL ESTATE

MLS
BERKSHIRE HATHAWAY BH HS HOMESERVICES

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

# ਲੋਕ ਸਭਾ ਚੋਣਾਂ ਦੋਰਾਨ ਅਦਰਸ਼ ਚੋਣ ਯਾਫਤੇ ਦੀ ਪਾਲਣਾ ਯਕੀਨੀ ਹੋਵੇ- ਡਾ ਸੁਮੀਤ ਜਾਰੰਗਲ

**ਸ੍ਰੀ ਅਨੰਦਪੁਰ ਸਾਹਿਬ–** ਸਰਹੱਦੀ ਖੇਤਰ ਵਿਚ ਅਦਰਸ਼ ਚੋਣ ਜਾਪਦੇ ਦੀ ਪਾਲਣਾ ਕਰਦੇ ਹੋਏ ਲੋਕ ਸਭਾ ਚੋਣਾ ਦੋਰਾਨ ਨਿਰਪੱਖ ਚੋਣਾ ਕਰਵਾਉਣ ਅਤੇ ਕਾਨੂੰਨ ਅਤੇ ਵਿਵਸਥਾ ਨੂੰ ਕਾਇਮ ਰੱਖਣ ਲਈ ਪੰਜਾਬ ਅਤੇ ਹਿਮਾਚਲ ਦੇ ਸਰਹੱਦੀ ਖੇਤਰ ਦੇ ਜਿਲਾ ਅਧਿਕਾਰੀਆਂ ਦੀ ਇਕ ਵਿਸੇਸ਼ ਮੀਟਿੰਗ ਸਥਾਨਕ ਕਿਸਾਨ ਹਵੇਲੀ ਸ੍ਰੀ ਅਨੰਦਪੁਰ ਸਾਹਿਬ ਵਿਚ ਹੋਈ ਜਿਸ ਵਿਚ ਸਰਹੱਦੀ ਖੇਤਰ ਵਿਚ ਚੋਣਾ ਦੋਰਾਨ ਸੁਚੱਜੇ ਪਰ੍ਬੰਧ ਕਰਨ ਹਿੱਤ ਵਿਚਾਰ ਵਟਾਂਦਰਾ ਕੀਤਾ ਗਿਆ।

ਅੱਜ ਦੀ ਇਸ ਮੀਟਿੰਗ ਵਿਚ ਡਿਪਟੀ ਕਮਿਸ਼ਨਰ ਰੂਪਨਗਰ-ਕਮ-ਜਿਲਾ ਚੋਣ ਅਫਸਰ ਡਾ ਸੁਮੀਤ ਜਾਰੰਗਲ ਨੇ ਨਿਰਪੱਖ ਚੋਣਾ ਕਰਵਾਉਣ ਅਤੇ ਅਦਰਸ਼ ਚੋਣ ਜਾਪਤੇ ਦੀ ਪਾਲਣਾ ਲਈ ਅਧਿਕਾਰੀਆਂ ਨੂੰ ਆਪਣੀ ਡਿਊਟੀ ਪੂਰੀ ਮਿਹਨਤ , ਲਗਨ ਅਤੇ ਤਨਦੇਹੀ ਨਾਲ ਕਰਨ ਲਈ ਕਿਹਾ. ਇਸ ਮੀਟਿੰਗ ਵਿਚ ਆਈ.ਜੀ.ਪੁਲਿਸ ਬੀ ਨਿਰਜਾ,ਆਈ ਜੀ ਸੀ ਆਰ ਮੰਡੀ ਐਨ ਵੇਨੂ ਗੋਪਾਲ, ਡਵੀਜ਼ਨਲ ਕਮਿਸ਼ਨਰ ਮੰਡੀ ਵਿਕਾਸ ਲੱਬਰੂ, ਐਸ ਐਸ ਪੀ ਰੂਪਨਗਰ ਸਵਪਨ ਸ਼ਰਮਾਂ, ਐਸ ਐਸ ਪੀ ਬਿਲਾਸਪੁਰ ਅਸੋਕ ਕੁਮਾਰ, ਡਿਪਟੀ ਕਮਿਸ਼ਨਰ ਬਿਲਾਸਪੁਰ ਵਿਵੇਕ ਭਾਟੀਆਂ, ਐਸ ਡੀ ਐਮ ਕਨੂੰ ਗਰਗ, ਡੀ ਐਸ ਪੀ ਚੰਦ ਸਿੰਘ, ਡੀ ਐਸ ਪੀ ਨੰਗਲ ਜੀ ਪੀ ਸਿੰਘ, ਵਧੀਕ ਡਿਪਟੀ ਕਮਿਸ਼ਨਰ ਸ਼ਾਕਸ਼ੀ ਸਾਹਨੀ, ਐਸ ਪੀ ਜਗਜੀਤ ਸਿੰਘ ਜੱਲਾ, ਐਸ ਡੀ ਐਮ ਨੈਣਾ ਦੇਵੀ ਅਨੀਲ ਚੋਹਾਨ, ਡੀ ਐਸ ਪੀ ਨੈਣਾ ਦੇਵੀ ਸੰਜੇ ਸ਼ਰਮਾਂ ਅਤੇ ਹੋਰ ਅਧਿਕਾਰੀ ਹਾਜ਼ਰ ਸਨ।



ਮੀਟਿੰਗ ਵਿਚ ਮਾਦਕ ਪਦਾਰਥਾਂ, ਸ਼ਰਾਬ ਆਦਿ ਦੀ ਗੈਰ-ਕਾਨੂੰਨੀ ਢੋ-ਢੁਆਈ ਹਥਿਆਰਾਂ ਨੂੰ ਗੈਰ ਕਾਨੂੰਨੀ ਲੈ ਕੇ ਜਾਣ, ਬਿਨਾਂ ਦਸਤਾਵੇਜ ਨਗਦ ਰਾਸ਼ੀ ਲੈ ਕੇ ਜਾਣ ਉਤੇ ਰੋਕ ਲਗਾਉਣ ਦੇ ਨਿਰਦੇਸ਼ ਦਿੱਤੇ. ਇਸ ਤੋਂ ਇਲਾਵਾ ਸੂਚਨਾ ਦਾ ਅਦਾਨ-ਪ੍ਰਦਾਨ ਕਰਨ ਅਤੇ ਸਰਹੱਦੀ ਖੇਤਰ ਦੇ ਪੁਲਿਸ ਅਧਿਕਾਰੀਆਂ ਨਾਲ ਚੋਣਾ ਦੋਰਾਨ ਲਗਾਤਾਰ ਬੈਠਕਾਂ ਕਰਕੇ ਚੋਣ ਪ੍ਰਕਿਰਿਆਂ ਨੂੰ ਸੰਚਾਰੂ ਰੱਖਣ ਦੇ ਨਿਰਦੇਸ਼ ਵੀ ਦਿੱਤੇ. ਇਸ ਤੋਂ ਇਲਾਵਾ ਦੋਵੇ ਸੂਬਿਆਂ ਦੀ ਪੁਲਿਸ ਵਲੋਂ ਸਯੁੰਕਤ ਨਾਕੇਬੰਦੀ, ਛਾਪੇਮਾਰੀ ਅਤੇ ਗਸਤ ਕਰਨ ਤੇ ਸਰਹੱਦੀ ਖੇਤਰ ਦੇ ਮਾਰਗਾ ਉਤੇ ਸੀ ਸੀ ਟੀ ਵੀ ਕੈਮਰੇ ਲਗਾ ਕੇ ਨਿਗਰਾਨੀ ਰੱਖਣ ਦੇ ਵੀ ਨਿਰਦੇਸ਼ ਦਿੱਤੇ ਗਏ।

ਦੋਵੇ ਸੂਬਿਆਂ ਦੇ ਅਧਿਕਾਰੀਆਂ ਨੇ ਚੋਣਾ ਦੋਰਾਨ ਅਮਨ ਅਤੇ ਕਾਨੂੰਨੀ ਦੀ ਬਹਾਲੀ ਰੱਖਣ, ਗੈਰ ਕਾਨੂੰਨੀ ਕੰਮ ਕਰਨ ਵਾਲਿਆਂ ਉਤੇ ਸਖਤੀ ਵਰਤਨ ਅਤੇ ਐਸ ਐਸ ਟੀ ਉਡਣ ਦਸਤਿਆਂ ਵਿਚ ਤਾਲਮੇਲ ਰੱਖਣ ਤੇ ਵਧੇਰੇ ਜੋਰ ਦਿੱਤਾ। ਮੀਟਿੰਗ ਵਿਚ ਦੋਵੇ ਸੂਬਿਆਂ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਅਤੇ ਸਿਵਲ ਪ੍ਰਸਾਸ਼ਨ ਦੇ ਅਧਿਕਾਰੀਆਂ ਵਲੋਂ ਚੋਣਾ ਦੋਰਾਨ ਅਦਰਸ਼ ਚੋਣ ਜਾਪਦੇ ਦੀ ਪਾਲਣਾ ਹਿੱਤ ਹਰ ਤਰਾਂ ਦੇ ਸੰਚਾਰੂ ਪ੍ਰਬੰਧ ਕਰਨ ਲਈ ਵਿਸੇਸ਼ ਡਿਊਟੀਆਂ ਲਗਾਈਆਂ ਗਈਆਂ।

# 13 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਹੋ ਰਿਹਾ ਲਾਮਿਸਾਲ ਸੂਬਾਈ ਸਮਾਗਮ- ਜਲ੍ਹਿਆਂਵਾਲਾ ਬਾਗ਼ ਸ਼ਤਾਬਦੀ ਕਮੇਟੀ

ਅੰਮ੍ਰਿਤਸਰ– "ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦੀ ਪਹਿਲੀ ਸ਼ਤਾਬਦੀ ਮੌਕੇ ਅੰਮ੍ਰਿਤਸਰ 'ਚ 13 ਅਪ੍ਰੈਲ ਨੂੰ ਹੋ ਰਹੀ ਲਾ-ਮਿਸਾਲ ਸੂਬਾਈ ਕਾਨਫਰੰਸ ਅਤੇ ਜਲ੍ਹਿਆਂਵਾਲਾ ਬਾਗ਼ ਤੱਕ ਹੋ ਰਿਹਾ ਇਤਿਹਾਸਕ ਮਾਰਚ, ਐਲਾਨ ਕਰੇਗਾ ਕਿ, 1947 ਤੋਂ ਅੱਜ ਤੱਕ ਵੀ ਬੁਨਿਆਦੀ ਤੌਰ 'ਤੇ ਉਹ ਰਾਜ ਅਤੇ ਸਮਾਜ ਨਹੀਂ ਬਦਲਿਆ, ਜਿਸਦੀ ਲੁੱਟ ਅਤੇ ਕੁੱਟ ਤੋਂ ਨਾਬਰ ਲੋਕ ਬਾਗ਼ 'ਚ ਜੁੜੇ ਸੀ; ਇਸ ਲਈ ਨਵੀਂ ਆਜ਼ਾਦੀ, ਜਮਹੂਰੀਅਤ, ਸਾਂਝੀਵਾਲਤਾ ਅਤੇ ਲੋਕਾਂ ਦੀ ਪੁੱਗਤ ਵਾਲਾ ਖ਼ੁਸ਼ਹਾਲ ਸਮਾਜ ਅਤੇ ਰਾਜ ਸਿਰਜਣ ਲਈ ਲੋਕ-ਸੰਗਰਾਮ ਹੋਰ ਵੀ ਵੇਗ ਅਤੇ ਉਤਸ਼ਾਹ ਨਾਲ ਜਾਰੀ ਰੱਖਿਆ ਜਾਏਗਾ।"

ਇਹ ਵਿਚਾਰਾਂ ਦਾ ਪ੍ਰਗਟਾਵਾ ਅੱਜ ਜਲ੍ਹਿਆਂਵਾਲਾ ਬਾਗ਼ ਸ਼ਤਾਬਦੀ ਸਮਾਗਮ ਕਮੇਟੀ, ਪੰਜਾਬ ਦੇ ਪ੍ਰਤੀਨਿਧਾਂ ਵੱਲੋਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਕੀਤੀ ਕਾਨਫਰੰਸ 'ਚ ਕੀਤਾ ਗਿਆ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼ਤਾਬਦੀ ਸਮਾਗਮ ਕਮੇਟੀ ਦੇ ਪ੍ਰਤੀਨਿੱਧ ਅਮੋਲਕ ਸਿੰਘ, ਕੰਵਲਜੀਤ ਖੰਨਾ, ਡਾ. ਪਰਮਿੰਦਰ ਸਿੰਘ, ਨੌਨਿਹਾਲ ਸਿੰਘ, ਨਰਾਇਣ ਦੱਤ ਅਤੇ ਹਰਕੇਸ਼ ਚੌਧਰੀ ਨੇ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਨੂੰ ਲਾਮਬੰਦ ਅਤੇ ਜਾਗਰਤ ਕਰਦੀ, ਇਨਕਲਾਬੀ ਜਨਤਕ ਲਹਿਰ, ਹੋਰ ਵੀ ਵਿਸ਼ਾਲ ਅਤੇ ਪਰਚੰਡ ਕਰਕੇ, ਹਾਕਮਾਂ ਦੀ ਅਦਲਾ-ਬਦਲੀ ਦੀ ਬਜਾਏ, ਸਮੁੱਚੇ ਰਾਜ ਭਾਗ ਦਾ ਮੱਕੜ-ਜਾਲ ਤੋੜਕੇ, ਲੋਕਾਂ ਨੂੰ ਸਵੈ-ਮਾਣ ਭਰੀ ਨਵੀਂ ਜ਼ਿੰਦਗੀ ਦੇਣ ਲਈ, ਜਲ੍ਹਿਆਂਵਾਲਾ ਬਾਗ਼ 'ਚ ਸ਼ਹੀਦੀ ਜਾਮ ਪੀਣ ਵਾਲੇ ਸੂਰਮੇ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਲਈ, ਸਾਮਰਾਜਵਾਦ ਅਤੇ ਉਸਦੇ ਸੇਵਾਦਾਰਾਂ ਤੋਂ ਮੁਕਤੀ ਲਈ, ਇਨਕਲਾਬ ਦਾ ਪਰਚਮ ਬੁਲੰਦ ਕਰਨਾ ਹੀ ਇਕੋ ਇਕ ਸੁਵੱਲੜਾ ਰਾਹ ਹੈ। ਇਹ ਕੇਂਦਰੀ ਸੁਨੇਹਾ ਦੇਵੇਗਾ ਜਲ੍ਹਿਆਂਵਾਲਾ ਬਾਗ਼ ਸ਼ਤਾਬਦੀ ਸਮਾਗਮ।

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਵੋਟਾਂ ਦਾ ਬੋਹਲ ਇਕੱਠਾ ਕਰਨ ਦੀ ਕੋਝੀ ਨੀਅਤ ਅਤੇ ਨੀਤੀ ਵਾਲੇ ਹਾਕਮ ਜਮਾਤੀ ਧੜੇ, ਜਲ੍ਹਿਆਂਵਾਲਾ ਬਾਗ਼ ਸਾਕੇ ਦੀ ਸ਼ਤਾਬਦੀ ਮਨਾਉਣ ਦੇ ਜੋ ਮਰਜ਼ੀ ਖੇਖਣ ਕਰਨ, ਉਹਨਾਂ ਨਾਲੋਂ ਸਪੱਸ਼ਟ ਨਿਖੇੜੇ ਦੀ ਲੀਕ ਖਿੱਚਵਾਂ ਹੋਏਗਾ ਸ਼ਤਾਬਦੀ ਕਮੇਟੀ ਦੀ ਅਗਵਾਈ 'ਚ ਹੋਣ ਵਾਲਾ ਮਿਸ-ਾਲੀ ਇਕੱਠ ਅਤੇ ਮਾਰਚ।

ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਦੇ ਕੋਨੇ ਕੋਨੇ 'ਚ ਜਾਗੋਆਂ, ਪ੍ਰਭਾਤ-ਫੇਰੀਆਂ, ਜਨਤਕ ਇਕੱਤਰਤਾਵਾਂ, ਮਸ਼ਾਲ ਮਾਰਚ, ਨਾਟਕ, ਗੀਤ-ਸੰਗੀਤ ਅਤੇ ਵਿਚਾਰ ਗੋਸ਼ਟੀਆਂ ਦੀ ਜ਼ਬਰਦਸਤ ਮੁਹਿੰਮ ਚੱਲ ਰਹੀ ਹੈ।

ਪੰਜਾਬ ਦੇ ਕੋਨੇ ਕੋਨੇ ਤੋਂ 20 ਹਜ਼ਾਰ ਦੇ ਕਰੀਬ ਲੋਕ, 13 ਅਪ੍ਰੈਲ ਨੂੰ ਹਰਤੇਜ਼ ਹਸਪਤਾਲ ਲਾਗੇ, ਰਣਜੀਤ ਐਵਨਿਊ, ਅੰਮ੍ਰਿਤਸਰ ਦੀ ਖੁੱਲ੍ਹੀ ਗਰਾਉਂਡ 'ਚ ਕਾਨਫਰੰਸ ਕਰਨ ਉਪਰੰਤ, ਜਲ੍ਹਿਆਂਵਾਲਾ ਬਾਗ਼ ਤੱਕ ਮਾਰਚ ਕਰਕੇ, ਬਾਗ਼ ਦੀ ਲਹੂ-ਰੱਤੀ ਮਿੱਟੀ ਨੂੰ ਸਲਾਮ ਕਰਦੇ ਹੋਏ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਦਾ ਅਹਿਦ ਕਰਨਗੇ। ਪ੍ਰੈਸ ਕਾਨਫਰੰਸ 'ਚ ਇਹ ਐਲਾਨ ਵੀ ਕੀਤਾ ਗਿਆ ਕਿ 13 ਅਪ੍ਰੈਲ ਦੇ ਸੂਬਾਈ ਸਮਾਗਮ ਤੋਂ ਪਹਿਲਾਂ 7, 8 ਅਤੇ 9 ਅਪ੍ਰੈਲ ਨੂੰ ਪੰਜਾਬ ਦੀਆਂ ਅਨੇਕਾਂ ਥਾਵਾਂ 'ਤੇ ਬੱਝਵੇਂ ਸਮਾਗਮ ਕੀਤੇ ਜਾਣਗੇ। ਇਹਨਾਂ ਤਾਰੀਖ਼ਾਂ ਦੀ ਵਿਸ਼ੇਸ਼ਤਾ ਦਾ ਜ਼ਿਕਰ ਕਰਦਿਆਂ ਆਗੂਆਂ ਨੇ ਦੱਸਿਆ ਕਿ 7 ਅਪ੍ਰੈਲ ਤਰਕਸ਼ੀਲ ਭਵਨ ਬਰਨਾਲਾ ਵਿਖੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸਮਾਗਮ ਨੂੰ ਸਹਿਯੋਗ ਦਿੱਤਾ ਜਾਏਗਾ।



8 ਅਪ੍ਰੈਲ 1929 ਨੂੰ ਪਬਲਿਕ ਸੇਫ਼ਟੀ ਬਿੱਲ ਅਤੇ ਟ੍ਰੇਡ ਡਿਸਪੀਊਟ ਬਿੱਲ ਖਿਲਾਫ਼ ਐਸੰਬਲੀ ਹਾਲ ਦਿੱਲੀ ਵਿੱਚ ਭਗਤ ਸਿੰਘ ਅਤੇ ਬੀ.ਕੇ.ਦੱਤ ਵੱਲੋਂ ਹੱਥ ਪਰਚੇ ਸੁੱਟਣ, ਬੰਬ ਧਮਾਕਾ ਕਰਕੇ ਇਹ ਐਲਾਨ ਕਰਨ ਕਿ, "ਬੋਲਿਆਂ ਨੂੰ ਸੁਣਾਉਣ ਲਈ ਗਰਜ਼ ਦੀ ਲੋੜ ਹੁੰਦੀ ਹੈ" ਵਾਲੇ ਦਿਨ ਪੰਜਾਬ ਭਰ 'ਚ ਉਚੇਚੇ ਸਮਾਗਮ ਕਰਕੇ ਅਜੋਕੇ ਸਮੇਂ ਦੇ ਹਾਕਮਾਂ ਨੂੰ ਸੁਣਾਉਣੀ ਕੀਤੀ ਜਾਏਗੀ ਕਿ ਉਹ 1918-19 ਦੇ ਰੌਲਟ ਐਕਟ ਨਾਲੋਂ ਵੀ ਕਾਲ਼ੇ ਕਾਨੂੰਨ (ਪਬਲਿਕ ਰੱਖਿਆ ਕਾਨੂੰਨ, ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.)), ਆਰਮਡ ਫੋਰਸਜ਼ ਸਪੈਸ਼ਲ ਪਾਵਰ ਐਕਟ (ਅ ਫ ਸ ਪਾ), 124-ਏ (ਦੇਸ਼ ਧ੍ਰੋਹ) ਮੜ੍ਹਕੇ ਲੋਕਾਂ ਦੀ ਜ਼ੁਬਾਨਬੰਦੀ ਕਰਨ, ਹੱਕ, ਸੱਚ, ਇਨਸਾਫ਼ ਦੀ ਗੱਲ ਕਰਦੇ ਨਾਮਵਰ ਬੁੱਧੀਜੀਵੀਆਂ, ਲੇਖਕਾਂ, ਇਨਕਲਾਬੀ, ਜਮਹੂਰੀ ਕਾਮਿਆਂ ਨੂੰ ਸੀਖਾਂ ਪਿੱਛੇ ਡੱਕਣ ਅਤੇ ਜਾਨੋਂ ਮਾਰਨ ਵਰਗੇ ਕਾਰੇ ਕਰਨ ਵਾਲੀਆਂ ਸੰਸਥਾਵਾਂ/ਵਿਅਕਤੀਆਂ ਨੂੰ ਥਾਪੜਾ ਦੇਣਾ ਬੰਦ ਕੀਤਾ ਜਾਏ।

9 ਅਪ੍ਰੈਲ 1919 ਨੂੰ ਰਾਮਨੌਮੀ ਦਾ ਤਿਓਹਾਰ ਲੋਕਾਂ ਨੇ ਮਿਲਕੇ ਮਨਾਉਣ ਦੀ ਸ਼ਾਨਦਾਰ ਭਾਈਚਾਰਕ ਸਾਂਝ ਦਾ ਇਜ਼ਹਾਰ ਕੀਤਾ ਸੀ। ਅੱਜ ਸੌ ਸਾਲ ਬਾਅਦ ਇਸ ਸਾਂਝੇ ਆਲ੍ਹਣੇ ਨੂੰ ਤੀਲਾ ਤੀਲਾ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਏ ਜਾਣ ਖਿਲਾਫ਼ ਲੋਕ-ਸਾਂਝ ਦੀ ਮਿਲਕੇ ਆਵਾਜ਼ ਉਠਾਉਂਦੇ ਸਮਾਗਮ ਕੀਤੇ ਜਾਣਗੇ। ਇਸ ਮੁਹਿੰਮ ਦਾ ਸਿਖ਼ਰ ਹੋਏਗਾ 13 ਅਪ੍ਰੈਲ ਨੂੰ ਅੰਮ੍ਰਿਤਸਰ ਹੋ ਰਿਹਾ ਸੂਬਾਈ ਸਮਾਗਮ। ਦਲਿਤਾਂ, ਮੁਸਲਮਾਨ ਭਾਈਚਾਰੇ, ਆਦਿਵਾਸੀਆਂ, ਕਸ਼ਮੀਰੀਆਂ ਉਪਰ ਆਨੇ ਬਹਾਨੇ ਘੜਕੇ ਕਹਿਰ ਹਨੇਰੀ ਝੁਲਾਉਣ, ਕੌਮੀ ਜਨੂੰਨ ਦੀ ਹਨੇਰੀ ਵਗਾ ਕੇ, ਹਕੀਕੀ ਲੋਕ-ਮਸਲਿਆਂ ਤੋਂ ਧਿਆਨ ਲਾਂਭੇ ਕਰਨ, ਵਿਸ਼ੇਸ਼ ਕਰਕੇ ਦੇਸ਼ ਭਗਤੀ ਦਾ ਝੂਠਾ ਸ਼ੋਰ ਮਚਾ ਕੇ ਵੋਟਾਂ ਦਾ ਝਾੜ ਵਧਾਉਣ ਦੇ ਮਨਸੂਬਿਆਂ ਨੂੰ ਪੱਠੇ ਪਾਉਣ ਦੀਆਂ ਕੋਝੀਆਂ ਚਾਲਾਂ ਖਿਲਾਫ਼ ਸੂਬਾਈ ਸ਼ਤਾਬਦੀ ਮੁਹਿੰਮ ਅਤੇ 13 ਅਪ੍ਰੈਲ ਦਾ ਸਿਖ਼ਰ ਸਮਾਗਮ ਇੱਕ ਚਾਨਣ ਮੁਨਾਰਾ ਹੋਏਗਾ।

13 ਅਪ੍ਰੈਲ ਦੇ ਸਮਾਗਮ 'ਚ ਉੱਘੇ ਬੁੱਧੀਜੀਵੀ, ਸਮਾਜਕ ਜਮਹੂਰੀ ਕਾਮੇ ਹਿਮਾਂਸ਼ੂ ਕੁਮਾਰ, ਸਿੱਖਿਆ ਸ਼ਾਸਤਰੀ ਡਾ. ਅਨਿਲ ਸਦਗੋਪਾਲ, ਉੱਘੇ ਫ਼ਿਲਮਸਾਜ਼ ਸੰਜੇ ਕਾਕ, ਜੇ.ਐਨ.ਯੂ. ਦੀ ਅਧਿਆਪਕ ਜੱਥੇਬੰਦੀ ਦੇ ਪ੍ਰਧਾਨ ਡਾ. ਅਤੁਲ ਸੂਦ, ਉੱਘੀ ਸੀਨੀਅਰ ਅਦਾਕਾਰਾ ਮਨਜੀਤ ਕੌਰ ਔਲਖ ਸਮੇਤ ਸੈਂਕੜੇ ਵਿਦਵਾਨ, ਨਾਮਵਰ ਲੇਖਕ, ਰੰਗ ਕਰਮੀ, ਸੰਗੀਤਕਾਰ, ਗੀਤਕਾਰ, ਫ਼ਿਲਮਸਾਜ਼ ਸ਼ਾਮਲ ਹੋਣਗੇ। ਵਰਨਣਯੋਗ ਹੈ ਕਿ ਉੱਘੇ ਕਹਾਣੀਕਾਰ ਪ੍ਰੋ. ਵਰਿਆਮ ਸਿੰਘ ਸੰਧੂ, ਉੱਘੇ ਨਾਵਲਕਾਰ ਬਲਦੇਵ ਸੜਕਨਾਮਾ, ਨਾਮਵਰ ਨਾਟਕਕਾਰ ਕੰਵਲ ਧਾਲੀਵਾਲ, ਡਾ. ਨਵਸ਼ਰਨ ਹੋਰ ਕਿੰਨੇ ਹੀ ਵਿਦਵਾਨ, ਰੰਗ ਕਰਮੀਆਂ ਤੋਂ ਇਲਾਵਾ ਪੰਜਾਬ ਦੇ ਚੋਟੀ ਦੇ ਮਜ਼ਦੂਰ ਕਿਸਾਨ, ਮੁਲਾਜ਼ਮ, ਵਿਦਿਆਰਥੀ, ਨੌਜਵਾਨ, ਸਾਹਿਤ/ਸਭਿਆਚਾਰ ਖੇਤਰ ਨਾਲ ਜੁੜੇ ਕਾਮੇ ਪਹਿਲਾਂ ਹੀ ਸ਼ਤਾਬਦੀ ਕਮੇਟੀ ਦੀ ਅਗਲੀ ਪਾਲ 'ਚ ਸ਼ਾਮਲ ਹੋ ਕੇ ਸਮਾਗਮ ਦੀ ਸਫ਼ਲਤਾ ਲਈ ਜੁਟੇ ਹੋਏ ਹਨ। ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਸਮਾਗਮ 'ਚ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

# ਪੰਜਾਬ ਯੂਨੀਵਰਸਿਟੀ ਨੇ ਪੰਜਾਬ ਦੇ ਦਲਿਤ ਵਿਦਿਆਰਥੀਆਂ ਦੀ ਡਿਗਰੀਆਂ 'ਤੇ ਰੋਕ ਲਗਾਈ

**ਚੰਡੀਗੜ੍ਹ–** ਪੰਜਾਬ ਯੂਨੀਵਰਸਿਟੀ ਨੇ ਪੰਜਾਬ ਦੇ ਦਲਿਤ ਵਿਦਿਆਰਥੀਆਂ ਦੀ ਡਿਗਰੀਆਂ 'ਤੇ ਰੋਕ ਲਗਾਈ ਹੈ। ਕਾਰਨ



ਹੈ ਕਿ ਪੰਜਾਬ ਸਰਕਾਰ ਨੇ ਅਜੇ ਤੱਕ ਇਨ੍ਹਾਂ ਵਿਦਿਆਰਥੀਆਂ ਦੀਆਂ ਫੀਸਾਂ ਨਹੀਂ ਜਮ੍ਹਾਂ ਕਰਵਾਈਆਂ। ਜਿਸ ਕਰਕੇ ਯੂਨੀਵਰਸਿਟੀ ਮੁਤਾਬਕ, ਪੰਜਾਬ ਸਰਕਾਰ ਨੇ ਐਸ.ਸੀ.-ਐਸ.ਟੀ. ਵਿਦਿਆਰਥੀਆਂ ਦੀ ਫੀਸ ਦਾ 10 ਕਰੋੜ ਰੁਪਏ ਦਾ ਭੁਗਤਾਨ ਨਹੀਂ ਕੀਤਾ। ਪੰਜਾਬ ਯੂਨੀਵਰਸਿਟੀ ਤੇ ਸਰਕਾਰ ਦੀ ਇਸ ਖਿੱਚੋਤਾਣ 'ਚ ਹਜ਼ਾਰਾਂ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ 'ਚ ਹੈ। ਅਜਿਹੇ 'ਚ ਕੁਝ ਵਿਦਿਆਰਥੀ ਆਪਣੀ ਡਿਗਰੀ ਲੈਣ ਯੂਨੀਵਰਸਿਟੀ ਪਹੁੰਚੇ ਅਤੇ ਉਨ੍ਹਾਂ ਨੂੰ ਡਿਗਰੀਆਂ ਮਿਲ ਗਈਆਂ ਕਿਉਂਕਿ ਉਨ੍ਹਾਂ ਦੇ ਬਕਾਏ ਪ੍ਰਾਪਤ ਹੋ ਗਏ ਸਨ।ਕੇਂਦਰ ਸਰਕਾਰ ਵੱਲੋਂ ਹਰ ਸਾਲ ਪੋਸਟ ਮੈਟ੍ਰਿਕ ਸਕਾਲਰਸ਼ਿਪ ਜਾਰੀ ਕੀਤੀ ਜਾਂਦੀ ਹੈ। ਕਈ ਜਗ੍ਹਾ 'ਤੇ ਇਹ ਰਾਸ਼ੀ ਸਿੱਧੇ ਤੌਰ 'ਤੇ ਵਿਦਿਆਰਥੀਆਂ ਦੇ ਖਾਤਿਆਂ 'ਚ ਜਾਂਦੀ ਹੈ, ਪਰ ਪੰਜਾਬ 'ਚ ਇਹ ਰਕਮ ਸੂਬਾ ਸਰਕਾਰ ਨੂੰ ਮਿਲਦੀ ਹੈ, ਜਿਸ ਤੋਂ ਅੱਗੇ ਆਪਣੇ ਵਿੱਦਿਅਕ ਅਦਾਰਿਆਂ ਨੂੰ ਪਹੁੰਚਾਈ ਜਾਂਦੀ ਹੈ।

ਪੰਜਾਬ ਯੂਨੀਵਰਸੀਟੀ ਨਾਲ ਸਬੰਧਿਤ ਕਾਲਜਾਂ 'ਚ ਹਜ਼ਾਰਾਂ ਐਸ.ਸੀ.ḳਐਸ.ਟੀ. ਵਿਦਿਆਰਥੀ ਦਾਖਲਾ ਲੈਂਦੇ ਹਨ। ਇਸ 'ਚ ਪੰਜਾਬ, ਹਰਿਆਣਾ ਅਤੇ ਹਿਮਾਚਲ ਤੇ ਹੋਰ ਸੂਬਿਆਂ ਦੇ ਵਿਦਿਆਰਥੀ ਵੀ ਸ਼ਾਮਲ ਹਨ। ਸਾਲ 2015 ਤੋਂ ਲੇ ਕੇ 2018 ਤੱਕ ਯੂਨੀਵਰਸੀਟੀ ਅਤੇ ਕਾਲਜਾਂ 'ਚ ਅੱਠ ਹਜ਼ਾਰ ਤੋਂ ਜ਼ਿਆਦਾ ਵਿਦਿਆਰਥੀਆਂ ਨੇ ਗ੍ਰੈਜੁਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਕੀਤੀ ਹੈ, ਜਿਨ੍ਹਾਂ 'ਤੇ ਪੰਜਾਬ ਯੂਨੀਵਰਸਿਟੀ ਦਾ 10 ਕਰੋੜ ਰੁਪਏ ਖ਼ਰਚ ਹੋਇਆ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਨਿਹੰਗ ਬਾਬਾ ਸਮਸ਼ੇਰ ਸਿੰਘ ਜੀ ਦੀ ਯਾਦ ਵਿੱਚ ਫਰਿਜ਼ਨੋ ਵਿਖੇ ਵਿਸ਼ੇਸ਼ ਸਮਾਗਮ ਹੋਏ






**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਪੰਜਾਬ ਦੀ ਧਰਤੀ ਦੇ ਜਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਗੁਰੂਸਰ ਸੁਧਾਰ ਦੀਆਂ "ਗੁਰੂ ਹਰਗੋਬਿੰਦ ਸਾਹਿਬ ਜੀ" ਦੇ ਨਾਂ ਹੇਠ ਚਲ ਰਹੀਆਂ ਸਮੂੰਹ ਵਿਦਿਅਕ ਸੰਸਥਾਵਾ ਦੇ ਬਾਨੀ ਨਿਹੰਗ ਬਾਬਾ ਸਮਸੇਰ ਸਿੰਘ ਬ੍ਰਹਮ ਗਿਆਨੀ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਹੋਏ।

ਇਹ ਸਮਾਗਮ ਉੱਥੋ ਦੇ ਸਮੂੰਹ ਪੜੇ ਲਿਖੇ ਸਾਬਕਾ ਵਿਦਿਆਰਥੀਆਂ ਦੀ ਐਸ਼ੋਏਸ਼ਨ ਅਤੇ ਇਲਾਕਾ ਨਿਵਾਸੀਆਂ ਨੇ ਰਲ ਕੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਮਨਾਏ। ਜਿੱਥੇ ਸਹਿਜ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀ ਭਾਈ ਸਰਬਜੀਤ ਸਿੰਘ ਅਤੇ ਸਾਥੀਆਂ ਨੇ ਹਾਜ਼ਰੀ ਭਰੀ। ਇਸ ਉਪਰੰਤ ਕਥਾ ਵਾਚਕ ਭਾਈ ਮਲਕੀਤ ਸਿੰਘ ਕਰਨਾਲ ਵਾਲਿਆ ਨੇ ਸੰਗਤਾ ਨਾਲ ਸਿੱਖ ਇਤਿਹਾਸ ਨਾਲ ਸੰਬੰਧਤ ਵਿਚਾਰਾ ਸਾਂਝੀਆਂ ਕੀਤੀਆਂ। ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਪ੍ਰੋ. ਭਾਈ ਸਰਬਜੀਤ ਸਿੰਘ ਧੂੰਦਾ ਨੇ ਵੀ ਗੁਰਬਾਣੀ ਕਥਾ ਕਰਦੇ ਹੋਏ ਹਾਜ਼ਰੀ ਭਰੀ। ਇਸ ਪ੍ਰੋਗਰਾਮ ਦੌਰਾਨ ਨਿਹੰਗ ਬਾਬਾ ਸ਼ਮਸ਼ੇਰ ਸਿੰਘ ਜੀ ਦੀ ਉੱਤਮ ਸੱਚੀ-ਸੁੱਚੀ ਜ਼ਿੰਦਗੀ ਅਤੇ ਇਲਾਕੇ ਭਰ ਨੂੰ ਵਿੱਦਿਅਕ ਦੇਣ ਸੰਸੰਧੀ ਵਿਚਾਰਾ ਹੋਈਆ। ਉੱਥੋ ਦੇ ਸਮੁੱਚੇ ਇਲਾਕੇ ਦਾ ਪੜੇ ਲਿਖੇ ਹੋਣਾ ਅਤੇ ਉੱਚ ਅਹੁਦਿਆਂ 'ਤੇ ਨੌਕਰੀਆਂ ਕਰਨੀਆਂ ਆਦਿਕ ਬਾਬਾ ਜੀ ਦੇਣ ਹੈ। ਗੁਰੂਸਰ ਸੁਧਾਰ ਦੇ ਇਸ ਕਾਲਜ ਨੂੰ ਪੰਜਾਬ ਦੇ ਪਹਿਲੇ ਪੇਂਡੂ ਕਾਲਜ ਹੋਣ ਦਾ ਮਾਣ ਵੀ ਪ੍ਰਾਪਤ ਹੈ। ਬੀਬੀ ਗੁੱਡੀ ਸਿੱਧੂ ਨੇ ਵੀ ਸਮੂੰਹ ਸਾਬਕਾ ਵਿਦਿਆਰਥੀਆਂ ਨੂੰ ਇਹੋ ਜਿਹੇ ਮਹਾਨ ਪੁਰਸਾ ਦੇ ਦਿਨ ਮਨਾਉਣ 'ਤੇ ਵਧਾਈ ਦਿੱਤੀ। ਇਸ ਤੋਂ ਇਲਾਵਾ ਹੋਰ ਪੱਤਵੰਤੇ ਸੱਜਣਾਂ ਨੇ ਵੀ ਸੰਗਤਾਂ ਨੂੰ ਸੰਬੋਧਿਤ ਕੀਤਾ। ਗੁਰੂਘਰ ਵਿੱਚ ਅਮਰੀਕਾ ਦੇ ਵੱਖ ਵੱਖ ਹਿੱਸਿਆ ਵਿੱਚੋ ਪਹੁੰਚ ਕੇ ਜਿੱਥੇ ਸਾਬਕਾ ਵਿਦਿਆਰਥੀ ਆਪਸ ਵਿੱਚ ਮਿਲ ਕੇ ਕਾਲਜ਼ ਦੀਆਂ ਪੁਰਾਣੀਆਂ ਯਾਦਾ ਸਾਂਝੀਆਂ ਕਰਦੇ ਰਹੇ, ਉੱਥੇ ਆਪਣੇ ਕਾਲਜ਼ ਅਤੇ ਬਾਬਾ ਜੀ ਪ੍ਰਤੀ ਨਿੱਘੀ ਯਾਦ ਮਨਾਉਦੇ ਹੋਏ ਸਰਧਾ ਦੇ ਫੁੱਲ ਵੀ ਭੇਟ ਕੀਤੇ।

ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਅਤੇ ਸਾਬਕਾ ਵਿਦਿਆਰਥੀਆ ਦੀ ਇਕੱਤਰਤਾ ਕਰਨ ਵਿੱਚ ਸੁਰਿੰਦਰ ਗੌਗੀ ਗਿੱਲ, ਸਤਵੰਤ ਸਿੰਘ ਵਿਰਕ ਅਤੇ ਰਣਜੀਤ ਸਿੰਘ ਗਿੱਲ ਵਧਾਈ ਦੇ ਪਾਤਰ ਹਨ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗਤਾਂ ਨੇ ਗੁਰਬਾਣੀ, ਗੁਰ-ਇਤਿਹਾਸ ਅਤੇ ਗੁਰੂ ਦੇ ਲੰਗਰਾਂ ਦਾ ਅਨੰਦ ਮਾਣਿਆਂ।

## ਵਿਸਾਖੀ ਨੂੰ ਮੁੱਖ ਰੱਖਕੇ ਪੀਸੀਏ ਵੱਲੋਂ ਗੁਰਦਆਰਾ ਸਿੰਘ ਸਭਾ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ



**ਫਰਿਜ਼ਨੋਂ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਸਮੂਹ ਮੈਂਬਰ ਜਿਹੜੇ ਕਿ ਸਮੇ ਸਮੇ ਸਿਰ ਉਸਾਰੂ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਪ੍ਰੋਗਰਾਮ ਕਰਵਾਉਣ ਕਰਕੇ ਸਦਾ ਚਰਚਾ ਵਿੱਚ ਰਹਿੰਦੇ ਹਨ, ਵੱਲੋਂ ਵਿਸਾਖੀ ਦੇ ਮੌਕੇ ਨੂੰ ਮੁਖ ਰੱਖਕੇ ਸਥਾਨਿਕ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ 4 ਅਪ੍ਰੈਲ ਤੋਂ 7 ਅਪ੍ਰੈਲ ਤੱਕ ਵਿਸ਼ੇਸ਼ ਗੁਰਮਤਿ ਦੀਵਾਨ ਸਜਾਏ ਗਏ। ਇਹਨਾਂ ਦੀਵਾਨਾ ਵਿੱਚ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਉਚੇਚੇ ਤੌਰ ਤੇ ਹਾਜ਼ਰੀ ਭਰਨ ਲਈ ਪਹੁੰਚੇ ਹੋਏ ਸਨ ਅਤੇ ਇਹਨਾਂ ਦੀਵਾਨਾ ਦਾ ਮੁੱਖ ਉਦੇਸ਼ ਸਾਡੀ ਨਵੀਂ ਪੀੜ੍ਹੀ ਨੂੰ ਗੁਰੂ ਸਿਧਾਂਤ ਤੋਂ ਜਾਣੂ ਕਰਵਾਉਣਾ ਅਤੇ ਸੰਗਤਾ ਨੂੰ ਸਿੱਖੀ ਨਾਲ ਜੋੜਨਾ ਹੈ। ਇਹਨਾਂ ਦੀਵਾਨਾਂ ਵਿੱਚ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਸ਼ਬਦ ਗੁਰੂ ਦੀ ਵਿਚਾਰ ਭਾਈ ਸਰਬਜੀਤ ਸਿੰਘ ਧੂੰਦਾ ਕੋਲੋ ਸਰਵਣ ਕੀਤੀ। ਇਸ ਮੌਕੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਦੀਵਾਨਾ ਵਿੱਚ ਹਾਜ਼ਰੀ ਭਰਕੇ ਸੰਗਤ ਨੂੰ ਵਹਿਮਾਂ ਭਰਮਾ ਦਾ ਪੱਲ੍ਹਾ ਛੱਡਕੇ ਗੁਰੂ ਸ਼ਬਦ ਤੇ ਪਹਿਰਾ ਦੇਣ ਦੀ ਪੁਰਜ਼ੋਰ ਅਪੀਲ ਕੀਤੀ। ਇਸ ਮੌਕੇ ਬਹੁਤ ਸਾਰੀਆਂ ਸੰਗਤਾਂ ਅੰਮ੍ਰਿਤ ਛਕਕੇ ਗੁਰੂ ਵਾਲੀਆ ਬਣੀਆਂ । ਇਸ ਮੌਕੇ ਗੁਰੂ-ਘਰ ਦੇ ਹਜ਼ੂਰੀ ਰਾਗੀ ਡਾਕਟਰ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ-ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਸਟੇਜ ਸੰਚਾਲਨ ਗੁਰਪ੍ਰੀਤ ਸਿੰਘ ਮਾਨ ਨੇ ਬਾਖੂਬੀ ਕੀਤਾ।

## ਅਮਰੀਕਾ 'ਚ ਨਾਜਾਇਜ਼ ਆਉਣ ਵਾਲੇ ਭਾਰਤੀਆਂ ਦੀ ਗ੍ਰਿਫ਼ਤਾਰੀ 'ਚ ਕਮੀ

(ਸਫਾ 1 ਦੀ ਬਾਕੀ)

ਮੀਟਿੰਗ ਵਿਚ ਚਾਵੇਜ਼ ਨੇ ਦੱਸਿਆ ਕਿ ਮੱਧ ਅਮਰੀਕੀ ਦੇਸ਼ਾਂ ਦੇ ਨਾਗਰਿਕ ਘੁਸਪੈਠ ਲਈ ਅਕਸਰ ਇਸੇ ਸਰਹੱਦ ਦੀ ਵਰਤੋਂ ਕਰਦੇ ਸਨ ਪ੍ਰੰਤੂ ਕੁਝ ਹੀ ਇਲਾਕਿਆਂ ਵਿਚ ਦੀਵਾਰ ਬਣਨ ਪਿੱਛੋਂ ਉਨ੍ਹਾਂ ਘੁਸਪੈਠੀਆਂ ਦੀ ਗ੍ਰਿਫ਼ਤਾਰੀ 'ਚ 86 ਫ਼ੀਸਦੀ ਦੀ ਗਿਰਾਵਟ ਆਈ ਹੈ। ਭਾਰਤੀ ਨਾਗਰਿਕਾਂ ਦੇ ਅਮਰੀਕਾ ਦੇ ਨਾਜਾਇਜ਼ ਦਾਖਲੇ ਦਾ ਸਿਲਸਿਲਾ ਵੀ ਦੋ-ਤਿੰਨ ਸਾਲ ਵਿਚ ਵਧਿਆ ਸੀ ਪ੍ਰੰਤੂ ਦੀਵਾਰ ਬਣਨ ਕਾਰਨ ਉਨ੍ਹਾਂ ਲਈ ਵੀ ਰੁਕਾਵਟ ਵਧੀ ਹੈ।

ਉਨ੍ਹਾਂ ਦੀ ਗ੍ਰਿਫ਼ਤਾਰੀ ਵੀ 56 ਪ੍ਰਤੀਸ਼ਤ ਘੱਟ ਹੋਈ ਹੈ। ਟਰੰਪ ਨੇ ਕਿਹਾ ਕਿ ਦੋ ਸਾਲ ਵਿਚ ਅਸੀਂ 643 ਕਿਲੋਮੀਟਰ ਲੰਬੀ ਦੀਵਾਰ ਬਣਾਉਣ ਦਾ ਕੰਮ ਪੂਰਾ ਕਰ ਲਵਾਂਗੇ। ਕੁਝ ਥਾਵਾਂ 'ਤੇ ਇਹ ਦੀਵਾਰ 30 ਫੁੱਟ ਤਕ ਉੱਚੀ ਹੈ।

## ਪੰਜਾਬ 'ਚ 118 ਆਗੂਆਂ 'ਤੇ ਲੋਕ ਸਭਾ ਚੋਣਾਂ ਲੜਨ 'ਤੇ ਲੱਗੀ ਰੋਕ

(ਸਫਾ 1 ਦੀ ਬਾਕੀ)

ਮੁਕਤਸਰ ਸਾਹਿਬ ਤੋਂ ਇਕ, ਬਠਿੰਡਾ ਦੇ ਤਲਵੰਡੀ ਸਾਬੋ ਤੋਂ ਇਕ, ਮਾਨਸਾ ਤੋਂ ਤਿੰਨ, ਬਰਨਾਲੇ ਤੋਂ ਧੂਰੀ ਤੋਂ ਦੋ, ਪਟਿਆਲੇ ਤੋ ਪੰਜ, ਫ਼ਤਹਿਗੜ੍ਹ ਸਾਹਿਬ ਤੋਂ ਦੋ ਤੇ ਫ਼ਰੀਦਕੋਟ ਤੋਂ ਇਕ ਆਗੂ ਸ਼ਾਮਲ ਹੈ। ਇਨ੍ਹਾਂ ਵਿਚੋਂ 94 ਆਗੂਆਂ ਦੀ ਤਿੰਨ ਸਾਲ ਦੀ ਰੋਕ 7 ਜੂਨ 2019 ਨੂੰ ਸਮਾਪਤ ਹੋ ਰਹੀ ਹੈ ਪਰ ਚੋਣਾਂ ਅਪ੍ਰੈਲ-ਮਈ 'ਚ ਹੋ ਰਹੀਆਂ ਹਨ। ਦੂਜੇ ਪਾਸੇ 24 ਨੇਤਾਵਾਂ 'ਤੇ ਇਹ ਰੋਕ ਅੱਠ ਅਕਤੂਬਰ 2021 ਤਕ ਜਾਰੀ ਰਹੇਗੀ।




# ਭਾਰਤ ਦੀ ਪਹਿਲੀ ਔਰਤ ਅਧਿਆਪਕ ਸਵਿੱਤਰੀ ਬਾਈ ਫੂਲੇ

ਭਾਰਤ ਦੀ ਪਹਿਲੀ ਔਰਤ ਅਧਿਆਪਕ ਸਵਿੱਤਰੀ ਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਮਹਾਂਰਾਸ਼ਟਰ ਦੇ ਨਏਗਾਓਂ ਵਿੱਚ ਹੋਇਆ। ਉਸ ਸਮੇਂ ਦੇ ਰਿਵਾਜ ਮੁਤਾਬਕ ਉਸਦੀ ਸ਼ਾਦੀ 9 ਸਾਲ ਦੀ ਉਮਰ ਵਿੱਚ ਹੀ 12 ਵਰ੍ਹਿਆਂ ਦੇ ਜਯੋਤੀ ਰਾਓ ਫੂਲੇ ਨਾਲ 1840 ਵਿੱਚ ਹੋ ਗਈ। ਜਿਸ ਨੇ ਸਵਿੱਤਰੀ ਬਾਈ ਨੂੰ ਘਰੇ ਪੜ੍ਹਨਾ ਲਿਖਣਾ ਸਿਖਾਇਆ ਅਤੇ ਹੋਰਨਾਂ ਨੂੰ ਪੜ੍ਹਾਉਣ ਦੀ ਟਰੇਨਿੰਗ ਦਿੱਤੀ। ਦੋਹਾਂ ਪਤੀ ਪਤਨੀ ਨੇ ਆਪਣੀ ਜਿੰਦਗੀ ਔਰਤਾਂ ਦੀ ਵਿੱਦਿਆ ਅਤੇ ਸਮਾਜ ਸੁਧਾਰ ਲਈ ਅਰਪਣ ਕੀਤੀ। ਉਸ ਸਮੇਂ ਲੜਕੀਆਂ ਦੀ ਸਿੱਖਿਆ ਲਈ ਕੋਈ ਪਰਬੰਧ ਨਹੀਂ ਸਨ। ਉਹਨਾਂ ਨੇ 1848 ਵਿੱਚ ਭਿੰਡੇਵਾੜਾ ਵਿੱਚ ਲੜਕੀਆਂ ਲਈ ਪਹਿਲਾ ਸਕੂਲ ਖੋਲ੍ਹਿਆ ਇਸ ਤਰ੍ਹਾਂ ਉਹ ਭਾਰਤ ਦੇ ਲੜਕੀਆਂ ਦੇ ਪਹਿਲੇ ਸਕੂਲ ਦੀ ਪਹਿਲੀ ਔਰਤ ਅਧਿਆਪਕ ਬਣੀ। ਇਸ ਤੋਂ ਬਾਦ ਉਹਨਾਂ ਦੁਆਰਾ ਅਜਿਹੇ 18 ਸਕੂਲ ਖੋਲ੍ਹੇ ਗਏ। ਇਸ ਵਾਸਤੇ ਸਵਿੱਤਰੀ ਬਾਈ ਨੂੰ ਰੂੜ੍ਹਵਾਦੀਆਂ ਵਲੋਂ ਬਹੁਤ ਕੁੱਝ ਸਹਿਣਾ ਪਿਆ। ਉਨ੍ਹਾ ਉੱਤੇ ਅਖੌਤੀ ਉੱਚ ਜਾਤੀ ਦੀਆਂ ਔਰਤਾਂ ਵਲੋਂ ਬੋਲੀ ਬਾਣਾਂ ਤੋਂ ਬਿਨਾਂ ਗੋਹਾ ਅਤੇ ਗੰਦਾ ਪਾਣੀ ਵੀ ਸੁੱਟਿਆ ਜਾਂਦਾ ਰਿਹਾ। ਪਰ ਉਨ੍ਹਾ ਨੇ ਆਪਣਾ ਮਿਸ਼ਨ ਨਹੀਂ ਛੱਡਿਆ। ਔਰਤਾਂ ਦੀ ਸਿੱਖਿਆ ਦੇ ਨਾਲ ਹੀ ਸਵਿੱਤਰੀ ਬਾਈ ਨੇ ਔਰਤਾਂ ਦੇ ਹੱਕਾਂ ਦੇ ਨਾਲ ਹੀ ਲਿੰਗ ਅਤੇ ਜਾਤ-ਪਾਤ ਦੇ ਆਧਾਰ ਤੇ ਹੋ ਰਹੇ ਵਿਤਕਰੇ ਵਿਰੁੱਧ ਬਹੁਤ ਹੀ ਜੋਦਾਰ ਢੰਗ ਨਾਲ ਆਵਾਜ਼ ਉਠਾਈ। ਉਹਨਾਂ ਸਮਿਆਂ ਵਿੱਚ ਬਾਲ-ਵਿਆਹ ਦਾ ਰਿਵਾਜ਼ ਸੀ ਅਤੇ ਬਾਲ ਵਿਧਵਾਵਾਂ ਦੀ ਗਿਣਤੀ ਬਹੁਤ ਜਿਆਦਾ ਹੁੰਦੀ ਸੀ। ਵਿਧਵਾ ਵਿਆਹ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਵਿਧਵਾਵਾਂ ਨੂੰ ਸਿਰ ਮੁੰਨਾ ਕੇ ਬਹੁਤ ਹੀ ਤਰਸ ਭਰੀ ਜਿੰਦਗੀ ਜਿਉਣੀ ਪੈਂਦੀ ਸੀ। ਉਨ੍ਹਾ ਦਾ ਬਹੁਤ ਹੀ ਜਿਆਦਾ ਸ਼ੋਸ਼ਣ ਹੁੰਦਾ ਸੀ ਖਾਸ ਤੌਰ ਤੇ ਜਿਣਸੀ ਸੋਸ਼ਣ। ਜਿਸ ਨਾਲ ਗਰਭਵਤੀ ਹੋਣ ਤੇ ਓਨ੍ਹਾਂ ਨੂੰ ਜਾਂ ਤਾਂ ਖੁਦਕਸ਼ੀ ਕਰਨੀ ਪੈਂਦੀ ਸੀ ਜਾਂ ਆਪਣਾ ਗਰਭਪਾਤ ਕਰਾਉਣਾ ਪੈਂਦਾ ਸੀ। ਇਸ ਵਾਸਤੇ ਫੂਲੇ ਜੋੜੀ ਨੇ "ਬਾਲ-ਹੱਤਿਆ ਪ੍ਰਤੀਬੰਧਕ ਗ੍ਰਿਹ" ਬਣਾਇਆ ਜਿੱਥੇ ਇਨ੍ਹਾ ਮਜ਼ਬੂਰ ਔਰਤਾਂ ਨੂੰ ਸ਼ਰਨ ਦਿੱਤੀ ਜਾਂਦੀ ਸੀ। ਛੂਤ-ਛਾਤ ਦਾ ਬਹੁਤ ਹੀ ਜਿਆਦਾ ਬੋਲਬਾਲਾ ਸੀ। ਅਛੂਤ ਲੋਕ ਪਾਣੀ ਤੋਂ ਅਵਾਜ਼ਾਰ ਸਨ। ਇਸ ਦੇ ਹੱਲ ਲਈ ਉਨ੍ਹਾ ਆਪਣੇ ਘਰ ਵਿੱਚ ਖੂਹ ਲਗਵਾਇਆ ਜਿੱਥੋਂ ਅਛੂਤ ਪਾਣੀ ਲੈ ਸਕਦੇ ਸਨ। ਉਨ੍ਹਾਂ ਆਪਣੀ ਸਾਰੀ ਉਮਰ ਜਾਤ-ਪਾਤ, ਛੂਤ-ਛਾਤ, ਸਤੀ-ਪ੍ਰਥਾ, ਬਾਲ-ਵਿਆਹ, ਮਰਦ ਤੇ ਔਰਤ ਦੀ ਨਾਬਰਾਬਰੀ ਅਤੇ ਹੋਰ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਘਾਲਣਾ ਕੀਤੀ।

ਸੰਨ 1897 ਵਿੱਚ ਜਦ ਪਲੇਗ ਮਹਾਂਮਾਰੀ ਫੈਲੀ ਤਾਂ ਇਹਨਾਂ ਦੇ ਗੋਦ ਲਏ ਪੁੱਤਰ ਯਸ਼ਵੰਤ ਰਾਓ ਨੇ ਪਲੇਗ ਦੇ ਮਰੀਜ਼ਾਂ ਦੇ ਇਲਾਜ ਲਈ ਪੂਨੇ ਦੇ ਬਾਹਰਵਾਰ ਕਲਿਨਿਕ ਖੋਲ੍ਹਿਆ। ਸਵਿੱਤਰੀ ਦੇਵੀ ਪਲੇਗ ਦੇ ਮਰੀਜ਼ਾਂ ਨੂੰ ਉੱਥੇ ਆਪ ਲੈ ਕੇ ਜਾਂਦੀ ਤੇ ਉਹਨਾਂ ਦੀ ਸੇਵਾ ਕਰਦੀ। ਇੰਝ ਕਰਦਿਆ ਇਸ ਬੀਮਾਰੀ ਦੀ ਜਕੜ ਵਿੱਚ ਖੁਦ ਆ



ਗਈ ਤੇ 10 ਮਾਰਚ 1897 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ

ਸਵਿੱਤਰੀ ਬਾਈ ਸਮਾਜ ਸੁਧਾਰਕ ਦੇ ਨਾਲ ਇੱਕ ਵਧੀਆ ਕਵਿੱਤਰੀ ਵੀ ਸੀ ਜਿਸ ਨੇ ਆਪਣੀਆਂ ਕਵਿਤਾਵਾਂ ਨੂੰ ਆਪਣੇ ਮਿਸ਼ਨ ਲਈ ਵਰਤਿਆ। ਉਸਦੀਆਂ ਕਵਿਤਾਵਾਂ ਵਿਤਕਰੇ ਅਤੇ ਭੇਦ-ਭਾਵ ਦੇ ਉਲਟ ਅਤੇ ਗਿਆਨ ਪ੍ਰਾਪਤੀ ਦਾ ਸੁਨੇਹਾ ਦੇਣ ਵਾਲੀਆਂ ਹਨ। ਇਨ੍ਹਾ ਕਵਿਤਾਵਾਂ ਦਾ ਸੁਨੇਹਾ ਸੀ, "ਜਾਓ, ਵਿੱਦਿਆ ਪ੍ਰਾਪਤ ਕਰੋ", " ਵਿੱਦਿਆ ਪ੍ਰਾਪਤੀ ਦੇ ਸੁਨਹਿਰੀ ਮੌਕੇ ਦਾ ਲਾਭ ਉਠਾਓ", "ਬਿਨਾਂ ਗਿਆਨ, ਸਭ ਕੁੱਝ ਦਾ ਨੁਕਸਾਨ", "ਮਿਹਨਤ ਕਰੋ ਤੇ ਆਤਮ ਨਿਰਭਰ ਬਣੋ", "ਸਿੱਖੋ ਤੇ ਜਾਤਾਂ ਦੇ ਬੰਧਨ ਤੋੜ ਦਿਓ"। ਉਹਨਾਂ ਦੇ ਦੋ ਕਾਵਿ ਸੰਗ੍ਰਿਹ "ਕਾਵਿਯਾ-ਫੂਲੇ" ਸੰਨ 1934 ਅਤੇ ਅਤੇ "ਬਾਵਨ ਕਾਸ਼ੀ ਸੁਬੋਧ ਰਤਨਾਕਰ" ਸੰਨ 1982 ਵਿੱਚ ਛਪੇ। ਮਹਾਰਾਸ਼ਟਰ ਦੀ ਸਰਕਾਰ ਵਲੋਂ ਉਨ੍ਹਾ ਦੀ ਯਾਦ ਵਿੱਚ ਹਰ ਸਾਲ ਸਮਾਜ -ਸੁਧਾਰ ਲਈ ਕੰਮ ਕਰਨ ਵਾਲੀ ਔਰਤ ਨੂੰ ਅਵਾਰਡ ਦਿੱਤਾ ਜਾਂਦਾ ਹੈ। ਸੰਨ 1998 ਵਿੱਚ 10 ਮਾਰਚ ਨੂੰ ਉਨ੍ਹਾ ਦੀ ਯਾਦ ਵਿੱਚ ਡਾਕ-ਤਾਰ ਵਿਭਾਗ ਵਲੋਂ ਡਾਕ ਟਿਕਟ ਜਾਰੀ ਕੀਤਾ ਗਿਆ।

ਸੰਨ 2015 ਵਿੱਚ ਉਨ੍ਹਾਂ ਦੇ ਸਨਮਾਨ ਹਿੱਤ 'ਪੂਨਾ ਯੂਨੀਵਰਸਿਟੀ' ਦਾ ਨਾਂ 'ਸਵਿੱਤੀ ਬਾਈ ਫੂਲੇ ਪੂਨਾ ਯੂਨੀਵਰਸਿਟੀ' ਰੱਖਿਆ ਗਿਆ। ਹੁਣੇ ਹੀ 3 ਜਨਵਰੀ ਨੂੰ ਗੂਗਲ ਦੁਆਰਾ ਉਹਨਾਂ ਦੇ 186ਵੇਂ ਜਨਮ ਦਿਨ ਤੇ ਸਨਮਾਨ ਹਿੱਤ ਗੂਗਲ ਡੂਡਲ ਜਾਰੀ ਕੀਤਾ ਜਿਸ ਵਿੱਚ ਸਵਿੱਤਰੀਬਾਈ ਨੂੰ ਆਪਣੇ ਪੱਲੂ ਹੇਠ ਔਰਤਾਂ ਨੂੰ ਆਪਣੀ ਬੁੱਕਲ ਵਿੱਚ ਲੈਂਦੇ ਦਿਖਾਇਆ ਗਿਆ ਹੈ।

# ਅਫਸਪਾ ਅੰਗਰੇਜ਼ਾਂ ਦੇ ਕਾਲੇ ਕਾਨੂੰਨ ਤੋਂ ਵੀ ਖਤਰਨਾਕ, ਮੋਦੀ ਸਰਕਾਰ ਕਾਨੂੰਨ ਨੂੰ ਵਾਪਸ ਲਵੇ- ਖਾਲਸਾ

**ਕਨੇਕਟੀਕਟ, ਅਮਰੀਕਾ ( ਹੁਸਨ ਲੜੋਆ ਬੰਗਾ)-** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਨੇ ਕਾਲੇ ਕਾਨੂੰਨ ਅਫਸਪਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਇਸ ਕਾਲੇ ਕਾਨੂੰਨ ਤਹਿਤ ਦਲਿਤਾਂ, ਘੱਟ ਗਿਣਤੀਆਂ, ਕਬੀਲਿਆਂ ਦਾ ਦੇਸ ਭਗਤੀ ਦੀ ਆੜ ਵਿਚ ਘਾਣ ਕਰ ਰਹੀ ਹੈ ਅਤੇ ਸੁਰੱਖਿਆ ਦਸਤਿਆਂ ਨੂੰ ਖੁੱਲ੍ਹੇ ਅਧਿਕਾਰ ਦੇ ਕੇ ਅਦਾਲਤਾਂ ਦੇ ਅਧਿਕਾਰਾਂ ਨੂੰ ਖਤਮ ਕਰ ਰਹੀ ਹੈ। ਇਸ ਤਹਿਤ ਸੁਰੱਖਿਆ ਫੋਰਸਾਂ ਬਲਾਤਕਾਰ ਤੇ ਮਾਸੂਮਾਂ ਦੇ ਕਤਲਾਂ ਨੂੰ ਉਤਸ਼ਾਹਿਤ ਕਰ ਰਹੀ ਹੈ। ਉਹਨਾਂ ਇਸ ਨੂੰ ਭਾਰਤੀ ਕਾਨੂੰਨ ਦੇ ਉਲਟ ਦੱਸਦਿਆਂ ਕਿਹਾ ਕਿ ਇਹਕਾਨੂੰਨ ਭਾਰਤੀ ਸੰਵਿਧਾਨ ਦੀ ਧਾਰਾ-21 ਦੀ ਖੁੱਲ੍ਹੀ ਉਲੰਘਣਾ ਹੈ, ਜਿਹੜੀ ਦੱਸਦੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਸਦੇ ਜਿਉਣ ਦੇ ਹੱਕ ਜਾਂ ਨਿੱਜੀ ਅਜ਼ਾਦੀ ਤੋਂ ਵਾਂਝਿਆਂ ਨਹੀਂ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਇਸ ਕਾਨੂੰਨ ਤਹਿਤ ਕਿਸੇ ਵੀ ਭਗਵੇਂ ਅੱਤਵਾਦੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਤੇ ਨਾ ਹੀ ਉਹਨਾਂ ਦੇ ਹਥਿਆਰਾਂ ਨੂੰ ਇਸ ਕਾਨੂੰਨ ਤਹਿਤ ਜ਼ਬਤ ਕੀਤਾ ਗਿਆ ਹੈ, ਜਦ ਕਿ ਦੂਸਰੇ ਪਾਸੇ ਕਸ਼ਮੀਰ ਵਿਚ ਮੁਸਲਮਾਨਾਂ 'ਤੇ ਅੱਤਵਾਦ ਦੇ ਨਾਮ ਉਪਰ ਕਹਿਰ ਢਾਹਿਆ ਜਾ ਰਿਹਾ ਹੈ। ਸਿੱਖਾਂ ਤੇ ਮੁਸਲਮਾਨਾਂ ਨੂੰ ਅੱਤਵਾਦੀ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਹੁਣ ਪੰਜਾਬ ਵਿਚ ਖਾੜਕੂਵਾਦ ਦੇ ਮੁੜ ਪੈਦਾ ਹੋਣ ਦੇ ਨਾਂਅ 'ਤੇ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੰਜਾਬ ਦੇ ਰਾਹੋਂ ਇਲਾਕੇ ਵਿਚ ਸਿੱਖ ਪੁਸਤਕਾਂ ਦੀ ਬਰਾਮਦਗੀ 'ਤੇ ਤਿੰਨ ਸਿੱਖ ਨੌਜਵਾਨਾਂ ਉੱਤੇਦੇਸ਼ ਵਿਰੋਧੀ ਜੰਗ ਦਾ ਕੇਸ ਪਾਉਣਾ



ਤੇ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਦੇਣਾ, ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਸਵਰਨਜੀਤ ਸਿੰਘ ਖਾਲਸਾ ਨੇ ਅਮਰੀਕਾ ਸਰਕਾਰ ਦੇ ਰਾਸ਼ਟਰਪਤੀ ਟਰੰਪ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਭਾਰਤ 'ਤੇ ਦਬਾਅ ਪਾ ਕੇ ਕਾਲੇ ਕਾਨੂੰਨ ਅਫਸਪਾ ਨੂੰ ਰੱਦ ਕਰਨ ਲਈ ਕਹਿਣ, ਕਿਉਂਕਿ ਇਸ ਨਾਲ ਘੱਟ ਗਿਣਤੀਆਂ, ਦਲਿਤਾਂ ਤੇ ਕਬੀਲਿਆਂ ਦੇ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ।

ਅੰਗਰੇਜ਼ ਰਾਜ ਦੌਰਾਨ ਲੋਕਾਂ ਦੀ ਅਜ਼ਾਦੀ ਨੂੰ ਦਬਾਉਣ ਦੇ ਲਈ ਰੌਲਟ ਕਮਿਸ਼ਨ ਕਾਇਮ ਕੀਤਾ ਗਿਆ ਸੀ, ਉਸੇ ਤਰ੍ਹਾਂ ਹੀ ਭਾਰਤ ਦੀਆਂ ਸਰਕਾਰਾਂ ਘੱਟ ਗਿਣਤੀਆਂ, ਦਲਿਤਾਂ ਤੇ ਕਬੀਲਿਆਂ ਨੂੰ ਦਬਾਉਣ ਲਈ ਉਹਨਾਂ ਵਿਰੁਧ ਰੌਲਟ ਕਮਿਸ਼ਨ ਤੋਂ ਵੀ ਸਖ਼ਤ ਟਾਡਾ, ਪੋਟਾ ਤੇ ਹੁਣ ਅਫਸਪਾ ਲਾਗੂ ਕਰ ਰਹੀ ਹੈ ਤਾਂ ਜੋ ਘੱਟ ਗਿਣਤੀਆਂ, ਕਬੀਲਿਆਂ ਤੇ ਦਲਿਤਾਂ ਦੇ ਹੱਕਾਂ ਨੂੰ ਦਬਾ ਕੇ ਰੱਖਿਆ ਜਾਵੇ ਤੇ ਉਹਨਾਂ ਨੂੰ ਗੁਲਾਮ ਬਣਾਇਆ ਜਾਵੇ। ਉਹਨਾਂਦੱਸਿਆ ਕਿ ਰੌਲਟ ਐਕਟ ਤੋਂ ਮਿਲੀ ਅੰਨ੍ਹੀ ਹਕੂਮਤੀ ਤਾਕਤ ਦੇ ਜ਼ੋਰ 'ਤੇ ਹੀ ਜਨਰਲ ਡਾਇਰ ਨੇ ਆਪਣੀ ਫ਼ੌਜ ਨਾਲ ਜਲ੍ਹਿਆਂਵਾਲਾ ਬਾਗ਼ ਘੇਰ ਕੇ ਬਿਨਾਂ ਚਿਤਾਵਨੀ ਦਿੱਤੇ ਫ਼ੌਜ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ। ਇਸ ਵਿਚ ਸੈਂਕੜੇ ਨਿਹੱਥੇ ਲੋਕ ਮਾਰੇ ਗਏ ਤੇ ਹੁਣ ਉਹੀ ਕੰਮ ਮੋਦੀ ਸਰਕਾਰ ਕਰ ਰਹੀ ਹੈ। ਭਾਰਤ ਵਿਚ ਕਈ ਜਲ੍ਹਿਆਂਵਾਲੇ ਬਾਗ ਬਣ ਰਹੇ ਹਨ। ਕਸ਼ਮੀਰ ਅਸਾਮ, ਮਣੀਪੁਰ, ਤ੍ਰਿਪੁਰਾ, ਮੇਘਾਲਿਆ, ਅਰੁਣਾਚਲ ਪ੍ਰਦੇਸ਼, ਮਿਜ਼ੋਰਮ ਅਤੇ ਨਾਗਾਲੈਂਡ ਵਿਚ ਇਸ ਗੱਲ ਦਾ ਗਵਾਹ ਹੈ।

# ਚੀਨ 100 ਗੁਣਾ ਤੇਜ਼ ਇੰਟਰਨੈੱਟ ਸਪੀਡ ਵਾਲਾ ਪਹਿਲਾ ਦੇਸ਼ ਬਣ ਗਿਆ

**ਬੀਜਿੰਗ -** ਸ਼ੰਘਾਈ ਨੇ ਦਾਅਵਾ ਕੀਤਾ ਹੈ ਕਿ 5ਜੀ ਕਵਰੇਜ ਤੇ ਬਰਾਡਬੈਂਡ ਕੁਨੈਕਟਿਵਿਟੀ ਅਤੇ ਨੈਟਵਰਕ ਦੇ ਪੱਖ ਤੋਂ ਉਹ ਸੰਸਾਰ ਦਾ ਪਹਿਲਾ ਜ਼ਿਲ੍ਹਾ ਬਣ ਗਿਆ ਹੈ। ਵਰਨਣ ਯੋਗ ਹੈ ਕਿ ਨੈਕਸਟ ਜਨਰੇਸ਼ਨ ਮੋਬਾਈਲ ਨੈਟਵਰਕ ਦੇ ਪੱਖ ਤੋਂ ਅਮਰੀਕਾ ਤੇ ਹੋਰ ਦੇਸ਼ਾਂ ਨੂੰ ਪਛਾੜਨ ਦੀ ਕੋਸ਼ਿਸ਼ ਵਿਚ ਚੀਨ ਪੂਰੀ ਤਰ੍ਹਾਂ ਲੱਗਾ ਹੋਇਆ ਹੈ। 5ਜੀ ਸੈਲੂਲਰ ਮੋਬਾਈਲ ਤਕਨੀਕ ਦੀ ਅਗਲੀ ਪੀੜ੍ਹੀ ਹੈ ਤੇ ਇਹ ਮੌਜੂਦਾ 4ਜੀ ਨੈਟਵਰਕ ਦੇ ਮੁਕਾਬਲੇ 10 ਤੋਂ 100 ਗੁਣਾ ਤੇਜ਼ ਸਪੀਡ ਦਿੰਦੀ ਹੈ। ਚਾਈਨਾ ਡੇਲੀ ਦੇ ਮੁਤਾਬਕ ਸ਼ੰਘਾਈ ਵਿਚ 5ਜੀ ਕਵਰੇਜ ਅਤੇ ਬਰਾਡਬੈਂਡ ਗੀਗਾਬਾਈਟ ਨੈਟਵਰਕ ਤਿਆਰ ਹੋ ਚੁੱਕਾ ਤੇ 5ਜੀ ਦਾ ਸਫ਼ਲ ਟ੍ਰਾਇਲ ਹੋ ਚੁੱਕਾ ਹੈ ਤੇ ਅਧਿਕਾਰਤ ਤੌਰ ਉੱਤੇ ਇਸ ਨੂੰ ਸ਼ੰਘਾਈ ਦੇ ਹਾਂਗ ਕਾਊਂ ਵਿਚ ਸ਼ੁਰੂ ਕਰ ਦਿੱਤਾ



ਗਿਆ ਹੈ। ਤਿੰਨ ਮਹੀਨੇ ਪਹਿਲਾਂ ਏਥੇ5ਜੀ ਬੇਸ ਸਟੇਸ਼ਨ ਬਣਾ ਲਿਆ ਸੀ। ਲਾਂਚਿੰਗ ਮੌਕੇ ਉੱਤੇ ਸ਼ੰਘਾਈ ਦੇ ਵਾਈਸ ਮੇਅਰ ਵੂ ਕਿੰਗ ਨੇ ਦੁਨੀਆ ਦੇ ਪਹਿਲੇ 5ਜੀ ਫੋਨ ਹੁਆਵੇ ਮੇਟ ਐਕਸ ਨਾਲ ਵੀਡੀਓ ਕਾਲ ਵੀ ਕੀਤੀ ਹੈ।

ਇੱਕ ਸੌ ਅਰਬ ਡਾਲਰ ਦੀ ਚੀਨੀ ਕੰਪਨੀ ਹੁਆਵੇ ਨੂੰ ਅਮਰੀਕਾ ਸਮੇਤ ਕਈ ਦੇਸ਼ਾਂ ਵਿਚ 5ਜੀ ਟ੍ਰਾਇਲ ਦੇ ਬਾਰੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਅਮਰੀਕਾ ਦਾ ਕਹਿਣਾ ਹੈ ਕਿ ਹੁਆਵੇ ਨੈਟਵਰਕ ਨੂੰ ਚੀਨ ਜਾਸੂਸੀ ਕਰਨ ਦੇ ਲਈ ਵਰਤਦਾ ਹੈ ਅਤੇ ਹੁਆਵੇ ਦੇ ਜੰਤਰ ਸੁਰੱਖਿਅਤ ਨਹੀਂ। ਅਮਰੀਕਾ ਨੇ ਸਹਿਯੋਗੀ ਦੇਸ਼ਾਂ ਉੱਤੇ ਦਬਾਅ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਸੀ ਕਿ 5ਜੀ ਮੋਬਾਈਲ ਨੈਟਵਰਕ ਦੇ ਵਿੱਚ ਸ਼ਾਮਲ ਹੋਣਤੋਂ ਹੁਆਵੇ ਨੂੰ ਰੋਕਿਆ ਜਾਏ।


# ਸ਼ਾਹਪੁਰਕੰਡੀ ਜੁਗਿਆਲ ਦਾ ਇਤਿਹਾਸਿਕ ਕਿਲਾ



ਮਾਸਟਰ ਹਰੇਸ਼ ਕੁਮਾਰ ਸੈਣੀ
91- 84279-19192

ਸ਼ਾਹਪੁਰਕੰਡੀ ਦਾ ਇਤਿਹਾਸਕ ਕਿਲਾ ਰਾਵੀ ਨਦੀ ਦੇ ਕਿਨਾਰੇ ਰਾਜਪੂਤ ਰਾਜਿਆਂ ਦੁਆਰਾ ਬਣਾਇਆ ਗਿਆ ਸੀ। ਇਹ ਪਠਾਨਕੋਟ ਤੋਂ ਸੱਤ ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਮੰਨਿਆ ਜਾਂਦਾ ਹੈ ਕਿ ਰਾਜਾ ਬਾਓ ਸਿੰਘ ਨੇ ਇਸ ਨੂੰ ਬਣਾਇਆ ਸੀ। ਇਸ ਤੋਂ ਬਾਦ ਰਾਜਪੂਤ ਰਾਜਾ ਸ੍ਰੀ ਜਸਪਾਲ ਸਿੰਘ ਪਠਾਨਿਆ ਨੇ ਇਸ ਨੂੰ ਪੂਰਾ ਕਰਵਾਇਆ ਸੀ। ਇਸ ਕਿਲ੍ਹੇ ਤੋਂ ਨੂਰਪੁਰ, ਕਾਂਗੜਾ ਨੂੰ ਵੀ ਸੁਰੱਖਿਆ ਵਿਵਸਥਾ ਵੀ ਵੇਖੀ ਜਾਂਦੀ ਸੀ।ਇਸ ਕਿਲ੍ਹੇ ਦਾ ਪਠਾਨਕੋਟ ਇਲਾਕੇ ਦੀ ਸੁਰੱਖਿਆ ਨਾਲ ਵੀ ਪੂਰਾ ਸਬੰਧ ਸੀ। ਇਸ ਕਿਲ੍ਹੇ ਨੂੰ ਰਾਵੀ ਦੇ ਪੱਥਰਾਂ ਦੀ ਵਰਤੋਂ ਕਰਕੇ ਹੀ ਬਣਾਇਆ ਗਿਆ ਹੈ। ਇਸ ਕਿਲ੍ਹੇ ਅੰਦਰ ਰਾਜਪੂਤ ਰਾਜਿਆਂ ਇੱਕ ਸੁੰਦਰ ਮੰਦਰ ਵੀ ਬਣਾਇਆ ਸੀ। ਇਹ ਮੰਦਰ ਅੱਜ ਵੀ ਸੁਰੱਖਿਅਤ ਹੈ। ਮੁਗਲਾਂ ਅਤੇ ਹੋਰ ਵਿਦੇਸ਼ੀਆਂ ਪੰਜਾਬ ਅਤੇ ਭਾਰਤ ਦੇ ਮੰਦਰਾਂ ਨੂੰ ਖੂਬ ਲੁੱਟਿਆ ਸੀ। ਮੰਦਰਾਂ ਦੀਆਂ ਕੀਮਤੀ ਮੂਰਤੀਆਂ ਅਤੇ ਧੰਨ-ਦੌਲਤ ਵਿਦੇਸ਼ੀ ਹਮਲਾਵਰਾਂ ਦੀ ਲੁੱਟ ਦਾ ਸ਼ਿਕਾਰ ਬਣਦੇ ਸਨ। ਮੁਗਲਾਂ ਦੇ ਪੰਜਾਬ ਉੱਤੇ ਆਕਰਮਣ ਸਮੇਂ ਇਸ ਕਿਲ੍ਹੇ ਨੂੰ ਮੁਗਲਾਂ ਆਪਣੇ ਅਧੀਨ ਲੈ ਲਿਆ ਸੀ। ਉਸ ਸਮੇਂ ਕਿਲ੍ਹੇ ਦੇ ਮੰਦਰ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਗਿਆ ਸੀ। ਮੁਗਲਾਂ ਮੰਦਰ ਨੂੰ ਨਸ਼ਟ ਕਰਦੇ ਇਸ ਵਿੱਚ ਮਸਜਿਦ ਦੀ ਉਸਾਰੀ ਕਰਵਾ ਦਿੱਤੀ ਸੀ। ਮੁਗਲ ਰਾਜਾ ਸ਼ਾਹਜਹਾਂ ਦੇ ਵਕਤ ਤਾਂ ਇਸ ਕਿਲ੍ਹੇ ਦਾ ਨਾਂ ਬਦਲ ਕਿ ਸਾਹਪੁਰ ਕੰਡੀ ਰੱਖ ਦਿੱਤਾ ਸੀ। ਮੁਗਲ ਕਾਲ ਵਿੱਚ ਪਠਾਨਕੋਟ ਅਤੇ ਗੁਰਦਾਸਪੁਰ ਦੇ ਕਈ ਇਲਾਕਿਆਂ ਦੇ ਨਾਂ ਮੁਗਲਾਂ ਬਦਲ ਦਿੱਤੇ ਸਨ। ਇਸੇ ਤਰਾਂ ਨੂਰਪੁਰ ਦਾ ਨਾਂ ਵੀ ਨੂਰਪੁਰ ਮੁਗਲ ਰਾਣੀ ਨੂਰਜਹਾਂ ਦੇ ਨਾਂ ਉੱਤੇ ਰੱਖਿਆ ਗਿਆ ਸੀ। ਮੁਗਲਾਂ ਨੇ ਜਿੰਨੇ ਵੀ ਕਿਲ੍ਹੇ ਆਪਣੇ ਅਧੀਨ ਕੀਤੇ ਉਹਨਾਂ ਵਿੱਚ ਮੰਦਰਾਂ ਨੂੰ ਨਸ਼ਟ ਕਰਦੇ ਮਸਜਿਦਾਂ ਦੀ ਉਸਾਰੀ ਕਰਵਾਈ ਸੀ। ਇਹ ਕਿਲਾ ਰਾਵੀ





ਨਦੀ ਦੇ ਕਿਨਾਰੇ ਜੰਮੂ-ਕਸ਼ਮੀਰ ਦੀ ਦਿਸ਼ਾ ਵੱਲ ਬਣਿਆ ਹੋਇਆ ਹੈ। ਇਸ ਕਿਲ੍ਹੇ ਤੋਂ ਰਾਵੀ ਨਦੀ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਨੂੰ ਪੂਰੀ ਤਰਾਂ ਵੇਖਿਆ ਜਾ ਸਕਦਾ ਸੀ। ਰਾਵੀ ਨਦੀ ਵਿੱਚੋਂ ਹੋਣ ਵਾਲੇ ਕਿਸੇ ਵੀ ਹਮਲੇ ਨੂੰ ਰੋਕਿਆ ਜਾ ਸਕਦਾ ਸੀ। ਇਸ ਕਿਲ੍ਹੇ ਦੀ ਕੜੀ ਮਾਧੋਪੁਰ ਦੇ ਕਿਲ੍ਹਿਆਂ ਨਾਲ ਵੀ ਜੁੜੀ ਹੋਈ ਸੀ। ਇਹ ਕਿਲ੍ਹੇ ਰਾਵੀ ਨਦੀ ਦੇ ਪਾਣੀ ਦੀ ਖੇਤੀ ਨੂੰ ਸਪਲਾਈ ਅਤੇ ਸਾਂਭ-ਸੰਭਾਲ਼ ਲਈ ਵੀ ਮਹੱਤਵਪੂਰਣ ਸਨ। ਕਿਸਾਨਾਂ ਨੂੰ ਖੇਤੀਬਾੜੀ ਲਈ ਪਾਣੀ ਦੇਣ ਦਾ ਪ੍ਰਬੰਧ ਪੁਰਾਣੇ ਸਮੇਂ ਤੋਂ ਹੀ ਭਾਰਤੀ ਰਾਜਿਆਂ ਸ਼ੁਰੂ ਕਰ ਦਿੱਤਾ ਸੀ। ਪੁਰਾਣੀਆਂ ਗੁੰਮ ਨਹਿਰਾਂ ਦੇ ਅਵਸ਼ੇਸ਼ ਅਤੇ ਸੁਰੰਗ ਨੁੰਮਾਂ ਨਹਿਰਾਂ ਦੇ ਅਵਸ਼ੇਸ਼ ਅੱਜ ਵੀ ਰਾਵੀ ਨਦੀ ਕਿਨਾਰੇ ਸਾਹਪੁਰਕੰਡੀ ਤੋਂ ਮਾਧੋਪੁਰ ਤੱਕ ਮਿਲਦੇ ਹਨ। ਕਿਲ੍ਹੇ ਦਾ ਬਹੁਤ ਸਾਰਾ ਹਿੱਸਾ ਵਿਦੇਸ਼ੀ ਹਮਲਾਵਰਾਂ ਨੇ ਤਹਿਸ-ਨਹਿਸ ਕਰ ਦਿੱਤਾ ਹੋਇਆ ਹੈ। ਸਮੇਂ ਦੀ ਮਾਰ ਵਗਣ ਕਾਰਣ ਕਿਲਾ ਖੁਦ ਵੀ ਜਿੰਮੀਦੋਜ ਹੋ ਗਿਆ ਹੈ। ਕਿਲ੍ਹੇ ਦੇ ਖੰਡਰ ਅੱਜ ਵੀ ਰਾਵੀ ਨਦੀ ਕਿਨਾਰੇ ਮੌਜੂਦ ਹਨ। ਕਿਲਾ ਪੂਰੀ ਤਰਾਂ ਫੌਜੀ ਦ੍ਰਿਸ਼ਟੀ ਨੂੰ ਮੁੱਖ ਰੱਖ ਕਿ ਬਣਾਇਆ ਗਿਆ ਹੈ। ਕਿਲ੍ਹੇ ਦੇ ਆਸਪਾਸ ਵੀ ਕਈ ਮੰਦਰ ਵੇਖਣ ਨੂੰ ਮਿਲਦੇ ਹਨ। ਇਸਲਾਮ ਧਰਮ ਦੇ ਪ੍ਰਭਾਵ ਹੇਠ ਆ ਜਾਣ ਤੋਂ ਬਾਦ ਕਿਲ੍ਹੇ ਦੇ ਆਸਪਾਸ ਪੀਰਾਂ ਦੀ ਥਾਂ/ਮਜਾਂਰਾਂ ਵੀ ਵੇਖਣ ਨੂੰ ਮਿਲਦੀਆਂ ਹਨ। ਕਿਲ੍ਹੇ ਦੇ ਬਾਹਰੀ ਹਿੱਸੇ ਵੱਲ ਵੀ ਕਿਲ੍ਹੇ ਦੀ ਕਾਫ਼ੀ ਜਮੀਨ ਹੈ। ਪਠਾਨਕੋਟ ਅਤੇ ਗੁਰਦਾਸਪੁਰ ਦੇ ਇਲਾਕੇ ਵਿੱਚ ਕਈ ਛੋਟੇ-ਛੋਟੇ ਕਿਲ੍ਹੇ ਹੋਰ ਵੀ ਸਨ ਜੋ ਪੁਰਾਤਨ ਸਮੇਂ ਵਿੱਚ ਪੰਜਾਬ / ਭਾਰਤੀ ਰਾਜਿਆਂ ਬਣਾਏ ਸਨ। ਪੰਜਾਬ ਦੀ ਸਰਹੱਦ ਅਤੇ ਪੰਜਾਬ ਦੇ ਨਾਲ ਲੱਗਦੀ ਰਾਵੀ ਨਦੀ ਵਾਲੇ ਪਾਸੇ ਦੀ ਸਰੱਹਦ ਉੱਤੇ ਦੋਨੋ ਪਾਸੇ ਫੌਜੀ ਡਿਫੈਂਸ਼ ਲਈ ਕਿਲ੍ਹੇ ਬਣੇ ਹੋਏ ਸਨ ਜਿਹਨਾਂ ਦੇ ਅਵਸ਼ੇਸ਼ ਅੱਜ ਵੀ ਮੌਜੂਦ ਹਨ। ਸਾਹਪੁਰਕੰਡੀ ਦੇ ਕਿਲ੍ਹੇ ਅੰਦਰ ਨਵੀਂ ਉਸਾਰੀ ਵੀ ਕੀਤੀ ਗਈ ਹੈ। ਇਹ ਕਿਲਾ ਪੁਰਾਤਨ ਭਾਰਤੀ ਰਾਜਿਆਂ ਦੀ ਭਵਨ ਨਿਰਮਾਣ ਕਲਾ ਦਾ ਸੁੰਦਰ ਨਮੂਨਾ ਹੈ। ਇਹ ਕਿਲਾ ਰਾਜਪੂਤ ਰਾਜਿਆਂ ਦੀ ਬਹਾਦਰੀ ਦੀ ਵੀ ਮਿਸਾਲ ਪੇਸ਼ ਕਰਦਾ ਹੈ। 1848 ਦੇ ਆਸਪਾਸ ਰਾਮ ਸਿੰਘ ਪਠਾਨੀਆਂ ਦਾ ਅੰਗਰੇਜਾਂ ਨਾਲ ਛੋਟਾ ਯੁੱਧ ਮੁਕਾਬਲਾ ਵੀ ਇਸੇ ਕਿਲ੍ਹੇ ਵਿੱਚ ਹੋਇਆ ਸੀ। ਇਹ ਕਿਲਾ ਰਾਜਪੂਤ ਰਾਜਿਆਂ ਦੀ ਰਾਜ ਨਿਸ਼ਾਨੀ ਹੈ।

# ਗਰੀਬਾਂ ਨੂੰ "ਨਿਆਏ" ਕਦੋਂ ਮਿਲੇਗਾ?

**ਦੇਸ਼ ਦੀ ਕੁਲ ਸਵਾ ਅਰਬ ਤੋਂ ਵੱਧ ਆਬਾਦੀ ਵਿੱਚੋਂ ਇਸਦਾ ਪੰਜਵਾਂ ਹਿੱਸਾ ਜਾਣੀ 25 ਕਰੋੜ ਲੋਕ ਸਰਕਾਰ ਦੇ ਅਤੇ ਕੁਝ ਸਿਆਸੀ ਪਾਰਟੀਆਂ ਦੇ ਕਹਿਣ ਅਨੁਸਾਰ ਗਰੀਬੀ ਰੇਖਾ ਤੋਂ ਥੱਲੇ ਹਨ ਜਦਕਿ ਕੁਝ ਹੋਰ ਸਰਵੇ ਅਤਿ ਦੇ ਗਰੀਬਾਂ ਦੀ ਗਿਣਤੀ ਇਸ ਤੋਂ ਵੱਧ ਦੱਸਦੇ ਹਨ। ਇਹਨਾ ਗਰੀਬਾਂ ਕੋਲ ਢੰਗ ਦੇ ਘਰ ਨਹੀਂ। ਕੁਝ ਕੱਚੇ ਘਰਾਂ 'ਚ ਰਹਿੰਦੇ ਹਨ ਅਤੇ ਬਹੁਤਿਆਂ ਕੋਲ ਸਿਰ ਉਤੇ ਛੱਤ ਹੀ ਕੋਈ ਨਹੀਂ। ਉਹਨਾ ਕੋਲ ਜ਼ਮੀਨ ਦਾ ਇੱਕ ਟੋਟਾ ਤੱਕ ਨਹੀਂ ਹੈ। ਉਹਨਾ ਨੂੰ ਮਹੀਨੇ 'ਚ ਕਈ ਕਈ 'ਦਿਨ ਰੋਟੀ ਦਾ ਇੱਕ ਟੁੱਕ' ਤੱਕ ਨਸੀਬ ਨਹੀਂ ਹੁੰਦਾ, ਕਿਉਂਕਿ ਉਹਨਾਂ ਦੀ ਆਮਦਨ ਦਾ ਕੋਈ ਬੱਝਵਾਂ ਸਰੋਤ ਹੀ ਨਹੀਂ ਹੈ।**



**ਗੁਰਮੀਤ ਪਲਾਹੀ**
**91-98158-02070**

ਦੇਸ਼ ਦੀ ਸਭ ਤੋਂ ਪੁਰਾਣੀ ਸਿਆਸੀ ਧਿਰ, ਕਾਂਗਰਸ ਪਾਰਟੀ ਨੇ ਘੱਟੋ-ਘੱਟ ਆਮਦਨ ਯੋਜਨਾ (ਨਿਊਨਤਮ ਆਏ ਯੋਜਨਾ ਜਾਣੀ "ਨਿਆਏ") ਦੀ ਯੋਜਨਾ ਦਾ ਆਪਣੇ ਚੋਣ ਮਨੋਰਥ ਪੱਤਰ ਵਿੱਚ ਐਲਾਨ ਕੀਤਾ ਹੈ, ਜਿਸ ਅਨੁਸਾਰ ਦੇਸ਼ ਦੇ ਪੰਜ ਕਰੋੜ ਅਤਿ ਦੇ ਗਰੀਬ ਪਰਿਵਾਰਾਂ ਨੂੰ ਪ੍ਰਤੀ ਮਹੀਨਾ/ਪ੍ਰਤੀ ਸਾਲ ਨਕਦ 6000 ਰੁਪਏ ਮਹੀਨਾ/ 72000 ਸਲਾਨਾ ਦੇਣ ਦਾ ਵਾਅਦਾ ਕੀਤਾ ਹੈ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਸਬੰਧੀ ਸੈਂਟਰ ਆਫ ਸਟੱਡੀਜ਼ ਦਾ ਕਹਿਣਾ ਹੈ ਕਿ ਦੇਸ਼ ਦੀ ਆਬਾਦੀ ਦਾ 60 ਫੀਸਦੀ ਹਿੱਸਾ 210 ਰੁਪਏ (ਤਿੰਨ ਡਾਲਰ) ਪ੍ਰਤੀ ਦਿਨ 'ਤੇ ਆਪਣਾ ਜੀਵਨ ਬਤੀਤ ਕਰਨ ਲਈ ਮਜ਼ਬੂਰ ਹੈ। ਆਜ਼ਾਦੀ ਦੇ 72 ਸਾਲਾਂ ਬਾਅਦ ਵੀ ਗਰੀਬੀ ਖਤਮ ਕਰਨ ਦੀ ਇਹੋ ਜਿਹੀ ਯੋਜਨਾ ਨੂੰ ਅਪਨਾਉਣ ਦਾ ਐਲਾਨ ਕਰਨਾ,ਦੇਸ਼ ਲਈ ਵੱਡੀ ਸ਼ਰਮਿੰਦਗੀ ਭਰੀ ਗੱਲ ਹੈ, ਖਾਸ ਤੌਰ 'ਤੇ ਉਸ ਵੇਲੇ ਜਦੋਂ ਦੇਸ਼ ਦੀਆਂ 17ਵੀਂ ਲੋਕ ਸਭਾ ਚੋਣਾਂ ਬਾਰੇ ਇਹ ਕਿਹਾ ਜਾ ਰਿਹਾ ਹੈ ਕਿ ਚੋਣਾਂ ਦੇ ਇਸ "ਮੇਲੇ" ਉਤੇ ਪ੍ਰਤੀ ਮਤਦਾਤਾ 560 ਰੁਪਏ (8 ਡਾਲਰ) ਖ਼ਰਚ ਹੋਣੇ ਹਨ ਅਤੇ ਇਹ ਦੁਨੀਆ ਦਾ ਸਭ ਤੋਂ ਖ਼ਰਚੀਲੀ ਚੋਣ ਹੈ। ਇਸ ਲੋਕ ਸਭਾ ਚੋਣ ਉਤੇ 5000 ਕਰੋੜ ਅਰਥਾਤ 7 ਅਰਬ ਡਾਲਰ ਖ਼ਰਚ ਹੋਣ ਦਾ ਅੰਦਾਜ਼ਾ ਹੈ, ਜਦਕਿ ਅਮਰੀਕੀ ਰਾਸ਼ਟਰਪਤੀ ਦੀ ਚੋਣ ਉਤੇ 6.5. ਅਰਬ ਡਾਲਰ ਖ਼ਰਚ ਹੋਏ ਸਨ।

ਭਾਰਤ ਦੀ ਇੱਕ ਵੱਡੀ ਆਬਾਦੀ ਹਮੇਸ਼ਾ ਗਰੀਬ ਸੀ। ਆਜ਼ਾਦੀ ਮਿਲਣ ਸਮੇਂ ਤਾਂ ਅਤਿ ਦੀ ਗਰੀਬੀ ਸੀ। ਖੇਤੀ ਖੇਤਰ ਤੋਂ ਬਾਹਰ ਬਹੁਤ ਘੱਟ ਲੋਕਾਂ ਕੋਲ ਕੰਮ ਸੀ। ਉਸ ਵੇਲੇ ਔਸਤ ਉਮਰ 32 ਸਾਲ ਸੀ। ਸਾਖ਼ਰਤਾ ਦਰ 17 ਫੀਸਦੀ ਸੀ। ਇਹ ਸਾਰੇ ਤੱਥ ਘੋਰ ਗਰੀਬੀ ਵੱਲ ਇਸ਼ਾਰਾ ਕਰਨ ਵਾਲੇ ਤੱਥ ਹਨ। ਬਾਵਜੂਦ ਇਸ ਗੱਲ ਦੇ ਕਿ ਲੱਖਾਂ ਲੋਕ ਸੰਗਠਿਤ ਅਤੇ ਅਣ ਸੰਗਿਠਤ ਖੇਤਰ 'ਚ ਰੁਜ਼ਗਾਰ ਨਾਲ ਜੁੜੇ ਹਨ, ਸਾਖ਼ਰਤਾ ਦਰ ਵੀ 73ਫੀਸਦੀ ਹੋ ਗਈ ਹੈ, ਔਸਤ ਉਮਰ ਵੀ 68 ਸਾਲ ਤੱਕ ਪੁੱਜ ਗਈ ਹੈ ਪਰ ਦੇਸ਼ ਦੀ ਵੱਡੀ ਆਬਾਦੀ ਗਰੀਬ ਹੈ। ਅਸਲ ਵਿੱਚ ਤਾਂ ਹਾਕਮਾਂ ਦੀਆਂ "ਮੁਨਾਫਾ ਕਮਾਊ" ਨੀਤੀਆਂ ਅਤੇ ਕਾਰਪੋਰੇਟ ਸੈਕਟਰ ਹੱਥ ਦੇਸ਼ ਦੀ ਵਾਂਗਡੋਰ ਫੜਾਉਣ ਕਾਰਨ ਦੇਸ਼ ਦੇ ਗਰੀਬ ਲੋਕ ਹੋਰ ਗਰੀਬ ਹੋਏ ਹਨ। ਅਮੀਰਾਂ ਦੇ ਧਨ ਵਿੱਚ ਭਾਰੀ ਭਰਕਮ ਵਾਧਾ ਹੋ ਰਿਹਾ ਹੈ।

ਦੇਸ਼ ਦੀ ਕੁਲ ਸਵਾ ਅਰਬ ਤੋਂ ਵੱਧ ਆਬਾਦੀ ਵਿੱਚੋਂ ਇਸਦਾ ਪੰਜਵਾਂ ਹਿੱਸਾ ਜਾਣੀ 25 ਕਰੋੜ ਲੋਕ ਸਰਕਾਰ ਦੇ ਅਤੇ ਕੁਝ ਸਿਆਸੀ ਪਾਰਟੀਆਂ ਦੇ ਕਹਿਣ ਅਨੁਸਾਰ ਗਰੀਬੀ ਰੇਖਾ ਤੋਂ ਥੱਲੇ ਹਨ ਜਦਕਿ ਕੁਝ ਹੋਰ ਸਰਵੇ ਅਤਿ ਦੇ ਗਰੀਬਾਂ ਦੀ ਗਿਣਤੀ ਇਸ ਤੋਂ ਵੱਧ ਦੱਸਦੇ ਹਨ। ਇਹਨਾ ਗਰੀਬਾਂ ਕੋਲ ਢੰਗ ਦੇ ਘਰ ਨਹੀਂ। ਕੁਝ ਕੱਚੇ ਘਰਾਂ 'ਚ ਰਹਿੰਦੇ ਹਨ ਅਤੇ ਬਹੁਤਿਆਂ ਕੋਲ ਸਿਰ ਉਤੇ ਛੱਤ ਹੀ ਕੋਈ ਨਹੀਂ। ਉਹਨਾ ਕੋਲ ਜ਼ਮੀਨ ਦਾ ਇੱਕ ਟੋਟਾ ਤੱਕ ਨਹੀਂ ਹੈ। ਉਹਨਾ ਨੂੰ ਮਹੀਨੇ 'ਚ ਕਈ ਕਈ 'ਦਿਨ ਰੋਟੀ ਦਾ ਇੱਕ ਟੁੱਕ' ਤੱਕ ਨਸੀਬ ਨਹੀਂ ਹੁੰਦਾ, ਕਿਉਂਕਿ ਉਹਨਾ ਦੀ ਆਮਦਨ ਦਾ ਕੋਈ ਬੱਝਵਾਂ ਸਰੋਤ ਹੀ ਨਹੀਂ ਹੈ। ਦੇਸ਼ ਦੀ ਮਨਮੋਹਨ ਸਿੰਘ ਵਾਲੀ ਯੂ.ਪੀ.ਏ. ਸਰਕਾਰ ਨੇ ਇਹ ਦਾਅਵਾ ਕੀਤਾ ਸੀ ਕਿ 2004-2014 ਦੇ ਉਹਨਾ ਦੇ ਕਾਰਜਕਾਲ ਦੌਰਾਨ 14 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਬਾਹਰ ਕੱਢਿਆ ਗਿਆ। ਮੋਦੀ ਦੀ ਐਨਡੀਏ ਸਰਕਾਰ ਵੀ ਸਭ ਗਰੀਬੀ ਹਟਾਉਣ, ਲੋਕਾਂ ਦੀ ਆਮਦਨ ਵਧਾਉਣ, ਸਭਨਾਂ ਦਾ ਵਿਕਾਸ ਦਾ ਨਾਹਰਾ ਲਾਕੇ ਗਰੀਬਾਂ ਲਈ ਵੱਡੀਆਂ ਸਹੂਲਤਾਂ ਸਮੇਤ ਕਿਸਾਨਾਂ ਲਈ 6000 ਰੁਪਏ ਸਲਾਨਾ ਦੇਣ ਦਾ ਐਲਾਨ ਕਰਕੇ ਗਰੀਬਾਂ ਨੂੰ ਵੱਡੀਆਂ ਰਾਹਤਾਂ ਦੇਣ ਦਾ ਦਾਅਵਾ ਪੇਸ਼ ਕਰਦੀ ਹੈ। ਪਰ ਅਸਲ ਸੱਚ ਇਹ ਹੈ ਕਿ ਆਬਾਦੀ ਦਾ ਵੱਡਾ ਹਿੱਸਾ ਗਰੀਬੀ ਨਾਲ ਸੰਘਰਸ਼ ਕਰ ਰਿਹਾ ਹੈ। 'ਸਭ ਕਾ ਸਾਥ, ਸਭ ਕਾ ਵਿਕਾਸ' ਦਾ ਮੋਦੀ ਸਰਕਾਰ ਦਾ ਨਾਹਰਾ, ਦੇਸ਼ ਦੇ ਗਰੀਬਾਂ ਦਾ ਕੁੱਝ ਵੀ ਸੁਆਰ ਨਹੀਂ ਸਕਿਆ। ਇਥੇ ਸੁਆਲ ਇਹ ਵੀ ਪੈਦਾ ਹੁੰਦਾ ਹੈ ਕਿ ਗਰੀਬਾਂ ਨੂੰ ਗਰੀਬੀ ਤੋਂ ਬਾਹਰ ਕੱਢਣ ਲਈ ਕਿਸੇ ਸਰਕਾਰ ਨੇ ਕੋਈ ਠੋਸ ਕਦਮ ਪੁੱਟੇ? ਇੰਦਰਾ ਗਾਂਧੀ ਦੇ 50 ਸਾਲ ਪਹਿਲਾਂ ਦਿੱਤੇ 'ਗਰੀਬੀ ਹਟਾਓ' ਨਾਹਰੇ ਨੇ ਵੀ ਗਰੀਬਾਂ ਦਾ ਕੁੱਝ ਨਹੀਂ ਸੁਆਰਿਆ। ਉਸ ਤੋਂ ਅਗਲੀਆਂ ਸਰਕਾਰਾਂ ਨੇ ਗਰੀਬਾਂ ਦੀ ਗਰੀਬੀ ਦੂਰ ਕਰਨ ਲਈ ਨੀਲੇ, ਪੀਲੇ ਕਾਰਡਾਂ, ਮੁਫ਼ਤ ਦੇ ਰਾਸ਼ਨ ਦੇਣ ਤੱਕ ਸੀਮਤ ਕਰਕੇ ਰੱਖ ਦਿੱਤਾ। ਉਹਨਾ ਲਈ ਕੋਈ ਰੁਜ਼ਗਾਰ ਨਹੀਂ, ਕੋਈ ਸਿੱਖਿਆ, ਸਿਹਤ ਸਹੂਲਤ ਨਹੀਂ, ਬਸ ਸਿਰਫ਼ ਨਾਹਰੇ ਹੀ ਉਹਨਾ ਪੱਲੇ ਪਾਏ ਹਨ। ਦੇਸ਼ ਦੇ ਵਿਕਾਸ ਦੀਆਂ ਹਾਕਮਾਂ ਨੇ ਵੱਡੀਆਂ ਗੱਲਾਂ ਕੀਤੀਆਂ ਹਨ। ਬੁਲੈਟ ਟਰੇਨ ਚਲਾਉਣ ਦੀ ਗੱਲ ਵੀ ਜ਼ੋਰ-ਸ਼ੋਰ ਨਾਲ ਹੋਈ ਹੈ, ਜਿਸ ਉਤੇ ਇੱਕ ਲੱਖ ਕਰੋੜ ਰੁਪੱਈਏ ਖ਼ਰਚ ਹੋਣੇ ਹਨ। ਕਾਰਪੋਰੇਟ ਸੈਕਟਰ ਨੂੰ ਦੀਵਾਲੀਏਪਨ ਵਿਚੋਂ ਕੱਢਣ ਲਈ 84000 ਕਰੋੜ ਰੁਪੱਈਏ ਵੀ ਉਹਨਾ ਦਾ ਕਰਜ਼ਾ ਲਾਹੁਣ ਲਈ ਉਹਨਾਂ ਦੇ ਪੱਲੇ ਪਾ ਦਿੱਤੇ ਗਏ ਹਨ, ਪਰ ਦੇਸ਼ ਦੀ 60 ਫੀਸਦੀ ਗਰੀਬ ਆਬਾਦੀ ਲਈ ਸਦਾ ਹੀ ਮੌਜੂਦਾ ਸਰਕਾਰ ਵਲੋਂ ਹੱਥ ਘੁੱਟਿਆ ਗਿਆ ਹੈ। ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਸਿਰਫ਼ ਵਿਕਾਸ ਨਾਲ ਕੀ ਗਰੀਬੀ ਤੋਂ ਬਾਹਰ ਨਿਕਲਿਆ ਜਾ ਸਕਦਾ ਹੈ। ਕੀ ਵਿਕਾਸ ਹੀ ਗਰੀਬੀ ਦੀ ਮਰਜ਼ ਦੀ ਦੁਆਈ ਹੈ, ਇਸ ਦਾਅਵੇ ਉਤੇ ਭਰੋਸਾ ਕੀਤਾ ਜਾ ਸਕਦਾ ਹੈ?

ਦੇਸ਼ ਵਿੱਚ ਇਸ ਵੇਲੇ ਯੂ.ਬੀ.ਆਈ.(ਯੂਨੀਵਰਸਲ ਬੇਸਿਕ ਇਨਕਮ) ਸਬੰਧੀ ਬਹਿਸ ਚੱਲ ਰਹੀ ਹੈ। ਇਹ ਬਹਿਸ ਲੰਮੇ ਸਮੇਂ ਤੋਂ ਚਲੀ ਆ ਰਹੀ ਹੈ। ਇਸ ਸਬੰਧੀ ਸਰਕਾਰ ਦੇ ਆਰਥਿਕ ਸਲਾਹਕਾਰ ਡਾ: ਅਰਵਿੰਦ ਸੁਬਰਾਮਨੀਅਮ ਨੇ ਦੇਸ਼ ਦੇ ਆਰਥਿਕ ਸਰਵੇ ਦੇ ਅਧਿਐਨ ਤੋਂ ਬਾਅਦ ਸਿੱਟਾ ਕੱਢਿਆ ਹੈ ਅਤੇ ਜਿਸ ਨਾਲ ਦੇਸ਼ ਦੇ ਬਹੁਤੇ ਅਰਥ ਸ਼ਾਸ਼ਤਰੀ ਅਤੇ ਸਮਾਜ ਵਿਗਿਆਨੀ ਸਹਿਮਤ ਹਨ ਕਿ ਦੇਸ਼ ਦੀ ਗਰੀਬੀ ਨਾਲ ਲੜ ਰਹੀ ਆਬਾਦੀ ਨੂੰ "ਨਕਦੀ ਸਹਾਇਤਾ" ਮਿਲਣੀ ਚਾਹੀਦੀ ਹੈ ਅਤੇ ਗਰੀਬੀ ਨੂੰ ਖ਼ਤਮ ਕਰਨ ਲਈ ਹੋਰ ਤਰਕ ਸੰਗਤ ਢੰਗ ਤਰੀਕੇ ਵਰਤਣੇ ਪੈਣਗੇ।

ਨੈਤਿਕ ਤੌਰ ਤੇ ਜੇਕਰ ਗਰੀਬੀ ਦੇ ਕੋਹੜ ਬਾਰੇ ਸੋਚਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਗਰੀਬਾਂ ਨੂੰ ਬਹੁਤ ਮੁਸ਼ਕਲਾਂ ਅਤੇ ਬੇਇਜ਼ਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣਾ ਅਤੇ ਆਪਣੇ ਪਰਿਵਾਰ ਦਾ ਢਿੱਡ ਭਰਨ ਲਈ ਹੋਰਨਾਂ ਅੱਗੇ ਹੱਥ ਅੱਡਣੇ ਪੈਂਦੇ ਹਨ। ਇਸ ਗੰਭੀਰ ਆਰਥਿਕ ਸਮੱਸਿਆ ਦਾ ਹੱਲ ਕੁਝ ਅਰਥ ਸ਼ਾਸਤਰੀ ਇਹੋ ਲੱਭਦੇ ਹਨ ਕਿ ਤੇਜ਼ ਵਿਕਾਸ ਗਰੀਬੀ ਨੂੰ ਖ਼ਤਮ ਕਰ ਦੇਵੇਗਾ। ਗਰੀਬਾਂ ਲਈ ਸਮਾਜਿਕ ਸੁਰੱਖਿਆ ਸਕੀਮਾਂ ਵੀ ਲਾਗੂ ਕਰਨੀਆਂ ਪੈਣਗੀਆਂ, ਪਰ ਨਿਰਾ ਵਿਕਾਸ, ਇਸ ਸਮੱਸਿਆ ਦਾ ਹੱਲ ਨਹੀਂ ਹੈ। ਹਾਂ, ਗਰੀਬੀ ਖਤਮ ਕਰਨ ਲਈ ਵਿਕਾਸ ਕੁਝ ਹਿੱਸਾ ਜ਼ਰੂਰ ਪਾ ਸਕਦਾ ਹੈ।

ਭਾਰਤ ਦੀ ਜੀ ਡੀ ਪੀ ਪਿਛਲੇ 15 ਸਾਲਾਂ ਵਿੱਚ ਵਧੀ ਹੈ। ਸਾਲ 2004-05 ਵਿੱਚ ਇਹ 32,42,209 ਕਰੋੜ ਸੀ, 2014-15 ਵਿੱਚ 1,24,67,959 ਕਰੋੜ ਹੋ ਗਈ, 2019-20 ਵਿੱਚ ਇਹ 2,10,07439 ਕਰੋੜ ਪਹੁੰਚ ਗਈ ਅਤੇ ਅੰਦਾਜ਼ਨ 2023-24 ਵਿੱਚ ਇਹ 4,00,00,000 ਕਰੋੜ ਰੁਪਏ ਹੋ ਜਾਏਗੀ। ਸਾਲ 2018-19 ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਨੇ 60, 00,000 ਕਰੋੜ ਦਾ ਖ਼ਰਚਾ ਕੀਤਾ। ਪਰ ਗਰੀਬਾਂ ਲਈ ਇਸ ਧਨ ਵਿਚੋਂ ਬਹੁਤ ਘੱਟ ਖ਼ਰਚ ਹੋਇਆ ਜਦ ਕਿ ਖਾਸ ਤੌਰ ਤੇ ਦੇਸ਼ ਦੇ ਕਥਿਤ ਪੰਜ ਕਰੋੜ ਪਰਿਵਾਰ ਜਾਣੀ 25 ਕਰੋੜ ਲੋਕ ਇਸ ਵਿੱਚੋਂ ਆਪਣੇ ਉਤੇ ਧਨ ਖ਼ਰਚ ਕਰਨ ਦੇ ਹੱਕਦਾਰ ਹਨ ਕਿਉਂਕਿ ਦੇਸ਼ ਦੇ ਧਨ, ਭੰਡਾਰਾਂ ਆਦਿ ਉਤੇ ਉਹਨਾ ਦਾ ਪਹਿਲਾ ਹੱਕ ਹੈ। ਪਰ ਦੇਸ਼ ਦੇ ਹਾਕਮ ਵੱਡਿਆਂ ਨੂੰ "ਤੋਹਫੇ" ਬਖਸ਼ਦੇ ਹਨ ਅਤੇ ਗਰੀਬਾਂ ਨੂੰ "ਖੈਰਾਤ" ਦੇਕੇ ਆਪਣਾ ਫਰਜ਼ ਪੂਰਾ ਹੋ ਗਿਆ ਸਮਝਦੇ ਹਨ। ਦੇਸ਼ ਵਿੱਚ ਸਭ ਤੋਂ ਵੱਡੀ ਚਣੌਤੀ ਦੇਸ਼ ਦੀ ਵੱਡੀ ਆਬਾਦੀ ਲਈ ਘਰ, ਭੋਜਨ, ਪਾਣੀ, ਬਿਜਲੀ, ਲੈਟਰੀਨ ਦੀ ਉਸਾਰੀ, ਕੁਕਿੰਗ ਗੈਸ, ਬੈਂਕ ਖਾਤਾ, ਸੁਰੱਖਿਆ ਸਹੂਲਤਾਂ, ਸਿਹਤ ਸਹੂਲਤਾਂ, ਸਮਾਜਿਕ ਸੁਰੱਖਿਆ ਅਤੇ ਰੁਜ਼ਗਾਰ ਪ੍ਰਦਾਨ ਕਰਨਾ ਹੈ। ਦੇਸ਼ 'ਚ ਬੁਨਿਆਦੀ ਸਹੂਲਤਾਂ ਜਿਸ ਵਿੱਚ ਸੜਕਾਂ, ਪੁਲ, ਸਰਕਾਰੀ ਇਮਾਰਤਾਂ, ਖੇਡ ਮੈਦਾਨ, ਆਵਾਜਾਈ ਲਈ ਬੱਸ ਅਤੇ ਰੇਲ ਸੇਵਾ ਮੁੱਖ ਹਨ, ਬਿਨ੍ਹਾਂ ਸ਼ੱਕ ਇਹ ਵੀ ਮੁਹੱਈਆ ਕਰਨੀਆਂ ਜ਼ਰੂਰੀ ਹਨ।

ਪਰ ਇਸ ਸਭ ਕੁਝ ਦੀ ਪ੍ਰਾਪਤੀ ਸਿਰਫ਼ ਨਾਹਰਿਆਂ ਨਾਲ ਨਹੀਂ ਹੋਣੀ, ਸਰਕਾਰਾਂ ਵਲੋਂ ਜ਼ਮੀਨੀ ਪੱਧਰ ਉਤੇ ਲੋਕ ਹਿਤੂ ਨੀਤੀਆਂ ਤਹਿ ਕਰਕੇ ਉਹਨਾ ਨੂੰ ਲਾਗੂ ਕਰਨ ਨਾਲ ਹੀ ਹੋਣੀ ਹੈ। ਭਾਵੇਂ ਕਿ ਚੋਣ ਮਨੋਰਥ ਪੱਤਰਾਂ ਨੂੰ ਲੋਕ ਗੰਭੀਰਤਾ ਨਾਲ ਨਹੀਂ ਲੈਂਦੇ, ਕਿਉਂਕਿ ਆਮ ਤੌਰ ਤੇ ਚੋਣਾਂ 'ਚ ਕੀਤੇ ਵਾਇਦੇ ਪਿਛਲੇ ਸਮੇਂ 'ਚ 'ਚੋਣ ਜੁਮਲਾ' ਸਾਬਤ ਹੋਏ ਹਨ, ਕਿਉਂਕਿ ਹਰ ਵੋਟਰ ਦੇ ਖਾਤੇ 'ਚ ਪਾਈ ਜਾਣ ਵਾਲੀ 15 ਲੱਖ ਰੁਪਏ ਦੀ "ਕਾਲਾਧਨ" ਰਾਸ਼ੀ 'ਸ਼ੇਖਚਿਲੀ' ਦਾ ਸੁਫਨਾ ਹੀ ਸਾਬਤ ਹੋਈ ਹੈ ਅਤੇ 'ਸਭਨਾ ਕਾ ਸਾਥ, ਸਭ ਕਾ ਵਿਕਾਸ' ਦੀ ਥਾਂ ਉਤੇ ਕੁਝ ਲੋਕਾਂ ਦਾ ਵਿਕਾਸ ਅਤੇ ਬਹੁਤਿਆਂ ਦਾ ਨਾਸ "ਨੋਟ ਬੰਦੀ ਅਤੇ ਖਾਮੀਆਂ ਭਰੇ ਜੀ ਐਸ ਟੀ ਨੇ ਉਹਨਾ ਦੀਆਂ ਨੌਕਰੀਆਂ, ਕਾਰੋਬਾਰ ਅਤੇ ਜ਼ਿੰਦਗੀਆਂ ਲੈਕੇ ਕੀਤਾ ਹੈ। ਪਰ ਬਾਵਜੂਦ ਇਸ ਸਭ ਕੁੱਝ ਦੇ ਗਰੀਬ ਲੋਕ ਆਪਣੇ ਲਈ 'ਨਿਆਏ' ਦੀ ਆਸ ਉਹਨਾ ਨੇਤਾਵਾਂ ਤੋਂ ਲਾਈ ਬੈਠੇ ਹਨ, ਜਿਹੜੇ ਉਹਨਾ ਦੀਆਂ ਵੋਟਾਂ ਅਟੇਰਨ ਲਈ 'ਨਿਆਏ', 'ਖੈਰਾਤ' ਵੰਡਕੇ ਆਪਣਾ ਪੱਕਾ ਵੋਟਰ ਹੋ ਗਿਆ ਸਮਝਦੇ ਹਨ। ਸ਼ਾਇਦ ਗਰੀਬ ਲੋਕ ਹਾਲੇ ਇਹ ਨਹੀਂ ਸਮਝ ਸਕੇ ਕਿ ਉਹ ਸਿਰਫ ਨੇਤਾਵਾਂ ਲਈ ਮਾਤਰ ਇੱਕ "ਵੋਟ" ਹੀ ਹਨ।

# ਪੋਪ ਫਰਾਂਸਿਸ ਨੇ ਯੌਨ ਸ਼ੋਸ਼ਣ ਖਿਲਾਫ ਵੈਟੀਕਨ ਦਾ ਸਖਤ ਕਾਨੂੰਨ ਬਣਾਇਆ

**ਰੋਮ –** ਪੋਪ ਫਰਾਂਸਿਸ ਨੇ ਨਾਬਾਲਗਾਂ ਨਾਲ ਹੋ ਰਹੇ ਯੌਨ ਸ਼ੋਸ਼ਣ ਦੇ ਖਿਲਾਫ ਸਖਤ ਕਾਨੂੰਨ ਬਣਾਇਆ ਹੈ। ਉਨ੍ਹਾਂ ਦਾ ਇਹ ਨਵਾਂ ਕਾਨੂੰਨ ਚਰਚਾਂ ਦੇ ਅੰਦਰ ਹੋ ਰਹੇ ਯੌਨ ਸ਼ੋਸ਼ਣ ’ਤੇ ਰੋਕ ਲਾਉਣ ਲਈ ਵੱਡਾ ਫੈਸਲਾ ਹੈ। ਪੋਪ ਦੇ ਦਸਖਤ ਨਾਲ ਨਵਾਂ ਕਾਨੂੰਨ 100 ਏਕੜ ਵਿੱਚ ਫੈਲੀ ਵੈਟੀਕਨ ਸਿਟੀ, ਕੈਥੋਲਿਕ ਚਰਚ ਦੇ ਅਹੁਦੇਦਾਰਾਂ, ਰੋਮ ਦੇ ਨੌਕਰਸ਼ਾਹਾਂ ’ਤੇ ਵੀ ਲਾਗੂ ਹੋਵੇਗਾ।

ਵੈਟੀਕਨ ਦੀ ਐਡੀਟੋਰੀਅਲ ਡਾਇਰੈਕਟਰ ਅੰਦ੍ਰਿਯਾ ਟੋਰਨੀਲੀ ਨੇ ਲਿਖਿਆ ਕਿ ਕੈਥੋਲਿਕ ਚਰਚ ਵੱਲੋਂ ਬਣਾਇਆ ਗਿਆ ਇਹ ਨਵਾਂ ਕਾਨੂੰਨ ਚਰਚਾਂ ਦੇ ਅੰਦਰ ਯੌਨ ਸ਼ੋਸ਼ਣ ਰੋਕਣ ’ਚ ਕਾਰਗਰ ਸਾਬਤ ਹੋਵੇਗਾ। ਸਖਤ ਕਾਨੂੰਨ ਹੋਣ ਨਾਲ ਅਜਿਹੇ ਬਿਸ਼ਪ, ਜੋ ਯੌਨ ਸ਼ੋਸ਼ਣ ਦੇ ਅਪਰਾਧੀ ਹਨ ਜਾਂ ਚਰਚ ਵਿੱਚ ਹੁੰਦੇ ਅਜਿਹੇ ਜੁਰਮਾਂ ’ਤੇ ਪਰਦਾ ਪਾ ਰਹੇ ਹਨ, ਉਨ੍ਹਾਂ ਉੱਤੇ ਵੀ ਲਗਾਮ ਕੱਸੀ ਜਾਵੇਗੀ। ਜੇ ਚਰਚ ਨਾਲ ਜੁੜੇ ਅਧਿਕਾਰੀ ਕਿਸੇ ਯੌਨ ਸ਼ੋਸ਼ਣ ਦੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਨ ਤੇ ਮਾਮਲੇ ਦੀ ਸੂਚਨਾ ਪੁਲਸ ਨੂੰ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ 5000 ਯੂਰੋ ਜੁਰਮਾਨਾ ਦੇਣਾ ਹੋਵੇਗਾ ਤੇ ਇਸ ਤੋਂ ਇਲਾਵਾ ਚਰਚ ਤੋਂ ਆਪਣੇ ਅਹੁਦੇ ਤੋਂ ਵੀ ਹੱਥ ਧੋਣਾ ਪੈ ਸਕਦਾ ਹੈ।



ਨਵੇਂ ਕਾਨੂੰਨ ਹੇਠ ਜੇ ਚਰਚ ਵਿੱਚ ਯੌਨ ਸ਼ੋਸ਼ਣ ਦਾ ਕੋਈ ਮਾਮਲਾ ਸਾਹਮਣੇ ਆਵੇਗਾ ਤਾਂ ਚਰਚ ਦੇ ਅਧਿਕਾਰੀਆਂ ਨੂੰ ਤੁਰੰਤ ਪੁਲਸ ਨੂੰ ਇਸ ਦੀ ਸ਼ਿਕਾਇਤ ਦੇਣੀ ਹੋਵੇਗੀ। 2014 ਤੋਂ ਪਹਿਲਾਂ ਚਰਚ ਅੰਦਰ ਹੋ ਰਹੇ ਯੌਨ ਸ਼ੋਸ਼ਣ ਦੇ ਕਈ ਕੇਸ ਦਬਾ ਲਏ ਜਾਂਦੇ ਸਨ, ਪਰ 2014 ਵਿੱਚ ਇਟਲੀ ਵਿੱਚ ਹੋਏ ਸੈਮੀਨਾਰ ’ਚ ਬਿਸ਼ਪਾਂ ਨੇ ਇਸ ਹੱਕ ਵਿੱਚ ਵੋਟ ਕੀਤੇ ਸਨ ਕਿ ਚਰਚ ਅੰਦਰ ਜੇ ਕੋਈ ਵੀ ਯੌਨ ਸ਼ੋਸ਼ਣ ਨਾਲ ਜੁੜਿਆ ਕੇਸ ਪਤਾ ਲੱਗੇ ਹੈ ਤਾਂ ਸੂਚਨਾ ਪੁਲਸ ਨੂੰ ਦਿੱਤੀ ਜਾਵੇ।

ਪਿਛਲੇ ਕਈ ਸਾਲਾਂ ਵਿੱਚ ਯੂ ਐਸ ਵਿੱਚ ਚਰਚ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਵੱਲੋਂ ਕੀਤੇ ਗਏ ਯੌਨ ਸ਼ੋਸ਼ਣ ਦੇ ਕਈ ਕੇਸ ਸਾਹਮਣੇ ਆਏ ਹਨ। 2015 ਵਿੱਚ ਨਾ-ਬਾਲਗਾਂ ਨਾਲ ਯੌਨ ਸ਼ੋਸ਼ਣ ਦੇ ਮਾਮਲੇ ਦੇ ਦੋਸ਼ੀ ਆਰਚੀਬਿਸ਼ਫ ਜੋਜ਼ਫ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ ਸੀ। ਜੋਜ਼ਫ ’ਤੇ ਨਾ-ਬਾਲਗਾਂ ਦੀ ਪੋਰਨੋਗਰਾਫੀ ਕਰਨ ਦਾ ਵੀ ਦੋਸ਼ ਸੀ। ਦੂਜੇ ਮਾਮਲੇ ਵਿੱਚ ਵੈਟੀਕਨ ਦੇ ਯੂ ਐੱਸ ਦੇ ਸਾਬਕਾ ਰਾਜਨਾਇਕ ਕਾਰਲੋ ਅਲਬਰਟੋ ਕੈਪੇਲਾ ਨੇ ਨਾਬਾਲਗਾਂ ਦੀ ਪੋਰਨੋਗਰਾਫੀ ਕਰਨ ਦੇ ਦੋਸ਼ ਨੂੰ ਸਵੀਕਾਰ ਕੀਤਾ ਸੀ ਤੇ ਇਸ ਲਈ ਉਨ੍ਹਾਂ ਨੂੰ ਪੰਜ ਸਾਲ ਦੀ ਜੇਲ੍ਹ ਹੋਈ ਸੀ। ਇਹ ਵੈਟੀਕਨ ਵਿੱਚ ਆਪਣੀ ਤਰ੍ਹਾਂ ਦਾ ਪਹਿਲਾ ਕੇਸ ਸੀ।

ਇੱਕ ਹੋਰ ਮਾਮਲੇ ਵਿੱਚ ਵਾਸ਼ਿੰਗਟਨ ਦੇ ਸਾਬਕਾ ਆਰਚੀਬਿਸ਼ਪ ਥਿਯੋਡੋਰ ਮੈਕਾਰਕ ਅਜਿਹੇ ਪਹਿਲੇ ਕਾਰਡੀਨਲ ਸਨ, ਜਿਨ੍ਹਾਂ ਖਿਲਾਫ ਯੌਨ ਸ਼ੋਸ਼ਣ ਦੇ ਦੋਸ਼ ਸਾਬਤ ਹੋਣ ਪਿੱਛੋਂ ਉਨ੍ਹਾਂ ਚਰਚ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ ਤੇ ਉਨ੍ਹਾਂ ਦੇ ਸਾਰੇ ਅਧਿਕਾਰਾਂ ਨੂੰ ਵੀ ਖੋਹ ਲਿਆ ਗਿਆ ਸੀ। ਭਾਰਤ ਵਿੱਚ ਵੀ ਚਰਚ ਅੰਦਰ ਯੌਨ ਸ਼ੋਸ਼ਣ ਦੇ ਕਈ ਕੇਸ ਹੋਏ ਤੇ ਕੁਝ ਦਬਾ ਲਏ ਜਾਂਦੇ ਰਹੇ ਸਨ। ਪਿਛਲੇ ਸਾਲ ਜਲੰਧਰ ਦੇ ਬਿਸ਼ਪ ਫਰੈਂਕੋ ਮੁਲੱਕਲ ’ਤੇ ਇੱਕ ਨੰਨ ਨੇ ਬਲਾਤਕਾਰ ਦੇ ਦੋਸ਼ ਲਾਏ ਸਨ, ਜਿਸ ਪਿੱਛੋਂ ਪੁਲਸ ਨੇ ਬਿਸ਼ਪ ਨੂੰ ਗ੍ਰਿਫਤਾਰ ਵੀ ਕੀਤਾ ਸੀ। ਇਹ ਕੇਸ ਪੂਰੇ ਭਾਰਤ ਵਿੱਚ ਭਖਿਆ ਰਿਹਾ।

ਮੁਲਜ਼ਮ ਫਰੈਂਕੋ ਨੇ ਖੁਦ ਹੀ ਆਪਣਾ ਅਹੁਦਾ ਛੱਡ ਦਿੱਤਾ ਸੀ। ਸਾਰਾ ਮਾਮਲਾ ਪੋਪ ਫਰਾਂਸਿਸ ਦੇ ਧਿਆਨ ਵਿੱਚ ਹੈ। ਪੀੜਤ ਨਨ ਕਈ ਵਾਰ ਇਨਸਾਫ ਦੀ ਗੁਹਾਰ ਲਈ ਪੋਪ ਫਰਾਂਸਿਸ ਨੂੰ ਪੱਤਰ ਲਿਖ ਚੁੱਕੀ ਹੈ। ਮੁਲਜ਼ਮ ਫ੍ਰੈਂਕੋ ਇਸ ਸਮੇਂ ਜ਼ਮਾਨਤ ’ਚੇ ਚੱਲ ਰਿਹਾ ਹੈ।

# ਜਾਤੀ ਨਫ਼ਰਤ ਦਾ ਗ੍ਰਹਿਣ

**(ਸਫਾ 6 ਦੀ ਬਾਕੀ)**

ਉਠਾਈ ਹੈ ਜਿਨ੍ਹਾਂ ਵਿਚ ਮਸ਼ਹੂਰ ਅਮਰੀਕਨ ਗਣਿਤ ਵਿਗਿਆਨੀ ਡੇਵਿਡ ਫੇਰ , ਭਾਰਤੀ ਭੌਤਿਕ ਵਿਗਿਆਨੀ ਅਸ਼ੋਕ ਸੋਨ ਚਿੰਤਕ ਅਚਿਨ ਵਿਨਾਇਕ ਅਤੇ ਹੋਰ ਬਹੁਤ ਸਾਰੇ ਵਿਦਵਾਨ ਸ਼ਾਮਲ ਹਨ। ਉੱਪਰ ਦਿੱਤਾ ਗਿਆ ਘਟਨਾਕ੍ਰਮ ਇਹ ਦਰਸਾਉਂਦਾ ਹੈ ਕਿ ਸਾਡੇ ਦੇਸ਼ ਵਿਚ ਰਵਾਇਤਾਂ ਹੋਣ ਅਤੇ ਉਨਾਂ ਦਾ ਪ੍ਰਚਾਰ ਕੀਤੇ ਜਾਣ ਦੇ ਬਾਵਜੂਦ ਵਰਣ ਆਸ਼ਰਮ ਅਤੇ ਜਾਤ ਪਾਤ ਨਾਲ ਸਬੰਧਤ ਧਾਰਨਾਵਾਂ ਕਿੰਨੀ ਡੂੰਘੀ ਤਰ੍ਹਾਂ ਨਾਲ ਲੋਕਾਂ ਦੇ ਮਨ ਵਿਚ ਘਰ ਕਰ ਚੁੱਕੀਆਂ ਹਨ ।ਇਸ ਸਬੰਧ ਵਿਚ ਹੋਏ ਪੱਖਪਾਤ ਕਾਰਨ ਦੇਸ਼ ਦੇ ਵੱਡੇ ਵਰਗਾਂ ਨੂੰ ਸੈਂਕੜੇ ਵਰੇ ਨਾ ਸਿਰਫ਼ ਵਿੱਦਿਆ ਤੋਂ ਵਿਰਵਾ ਰੱਖਿਆ ਗਿਆ ਸਗੋਂ ਉਨ੍ਹਾਂ ਨੂੰ ਘੋਰ ਅਪਮਾਨ ਦਾ ਸਾਹਮਣਾ ਵੀ ਕਰਨਾ ਪਿਆ ।ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਨੂੰ ਮੰਦਰਾਂ ਵਿਚ ਜਾਣ ਦੀ ਇਜਾਜ਼ਤ ਨਹੀਂ ਸੀ ਅਤੇ ਉਹ ਛੂਆ- ਛਾਤ ਦੇ ਭਿਅੰਕਰ ਵਰਤਾਰੇ ਦਾ ਸ਼ਿਕਾਰ ਹੋਏ । ਉਨਾਂ ਦੇ ਰਹਿਣ ਲਈ ਪਿੰਡਾਂ ਦੇ ਵੱਖ ਹਿੱਸੇ ਨਿਸ਼ਚਿਤ ਕੀਤੇ ਗਏ ਅਤੇ ਜਾਇਦਾਦ ਸਬੰਧੀ ਅਧਿਕਾਰਾਂ ਤੋਂ ਵਿਰਵੇ ਕੀਤਾ ਗਿਆ । ਦੇਸ਼ ਵਿਚ ਪੁਰਾਣੇ ਸਮਿਆਂ ਤੋਂ ਬੁੱਧ ਧਰਮ ਅਤੇ ਮੱਧਕਾਲੀਨ ਸਮਿਆਂ ਵਿਚ ਭਗਤੀ ਲਹਿਰ ਦੇ ਵੱਖ ਵੱਖ ਆਗੂਆਂ , ਜਿਨ੍ਹਾਂ ਵਿਚ ਭਗਤ ਕਬੀਰ , ਭਗਤ ਰਵਿਦਾਸ , ਗੁਰੂ ਨਾਨਕ ਦੇਵ , ਭਗਤ ਨਾਮਦੇਵ ਅਤੇ ਹੋਰ ਪ੍ਰਮੁੱਖ ਸੰਤ ਸ਼ਾਮਲ ਹਨ , ਨੇ ਜਾਤ ਪਾਤ ਵਿਰੁੱਧ ਆਵਾਜ਼ ਉਠਾਈ ।ਜਾਤ - ਪਾਤ ਦੀ ਇਸ ਘਿਣਤ ਸਮਾਜਿਕ ਵੰਡ ਕਾਰਨ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਛਾਣ ਦਮਿਤ ਅਤੇ ਦਲਿਤ ਲੋਕਾਂ ਦੇ ਸਮਰਥਕ ਵਜੋਂ ਕੀਤੀ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥"

ਅਜੋਕੇ ਸਮੇਂ ਵਿਚ ਜੋਤੀਬਾ ਰਾਓ ਫੂਲੇ , ਭੀਮ ਰਾਓ ਅੰਬੇਡਕਰ ਅਤੇ ਕਾਮਰੇਡ ਮੰਗੂ ਰਾਮ ਨੇ ਇਸ ਵਿਦਰੋਹ ਨੂੰ ਨਵੇਂ ਤੇਵਰ ਦਿੱਤੇ।

ਆਜ਼ਾਦੀ ਤੋਂ ਬਾਅਦ ਛੂਆ - ਛਾਤ ਵਿਰੁੱਧ ਕਾਨੂੰਨ ਬਣਾਏ ਗਏ ਤੇ ਕੁਝ ਬਦਲਾਓ ਆਇਆ ਪਰ ਅੱਜ ਵੀ ਤਥਾਕਥਿਤ ਉੱਚੇ ਵਰਣਾਂ ਤੇ ਜਾਤਾਂ ਨਾਲ ਸਬੰਧ ਰੱਖਣ ਵਾਲੇ ਬਹੁਤ ਸਾਰੇ ਲੋਕ ਜਾਤੀ ਹਉਮੈ ਦਾ ਸ਼ਿਕਾਰ ਹਨ ਅਤੇ ਦੂਸਰੇ ਵਰਣਾਂ ਤੇ ਜਾਤਾਂ ਨਾਲ ਸਬੰਧਤ ਲੋਕਾਂ ਨੂੰ ਘਿਰਣਾ ਨਾਲ ਵੇਖਦੇ ਹਨ ।ਉਹ ਇਸ ਨਫ਼ਰਤ ਨੂੰ ਇਕ ਖ਼ਾਸ ਤਰਾਂ ਦੀ ਅਧਿਆਤਮਕਤਾ ਦੇ ਪਰਦੇ ਹੇਠ ਛੁਪਾ ਲੈਂਦੇ ਹਨ ਅਤੇ ਇਹ ਕਹਿਣ ਦੀ ਕੋਸ਼ਿਸ਼ ਕਰਦੇ ਹਨ ਕਿ ਦੇਸ਼ ਵਿਚ ਹਰ ਕੰਮ ਉਨ੍ਹਾਂ ਲੋਕਾਂ ਦੁਆਰਾ ਕੀਤਾ ਜਾਣਾ ਚਾਹੀਦਾ ਹੈ ਜਿਹੜੇ ਲਾਇਕ ਅਤੇ ਯੋਗ ਹਨ ।ਲਿਆਕਤ , ਕਾਬਲੀਅਤ ਅਤੇ ਯੋਗਤਾ ਦਾ ਇਹ ’ਅਧਿਆਤਮ’ ’ਦੇਸ਼ ਦੇ ਪਛੜੇ ਵਰਗ ਦੇ ਲੋਕਾਂ ਨੂੰ ਮੁੱਖ ਧਾਰਾ ਤੋਂ ਪਰੇ ਰੱਖਣਾ ਲੋਚਦਾ ਹੈ ।ਇਹੀ ਕਾਰਨ ਹੈ ਕਿ ਦੇਸ਼ ਦੀਆਂ ਅਖ਼ਬਾਰਾਂ , ਮੀਡੀਆ ਚੈਨਲਾਂ ਅਤੇ ਅਕਾਦਮਿਕ ਅਦਾਰਿਆਂ ਵਿਚ ਇਸ ਘਟਨਾ ਬਾਰੇ ਕੋਈ ਵੱਡੀ ਚਰਚਾ ਨਹੀਂ ਹੋਈ ।ਜੇਕਰ ਡਾ . ਸਦਰੇਲਾ , ਜੋ ਆਈਆਈਟੀ ਕਾਨਪੁਰ ਤੋਂ ਵਿੱਦਿਆ ਪ੍ਰਾਪਤ ਵਿਦਵਾਨ ਹੈ , ਨੂੰ ਘਿਰਣਾ ਭਰੇ ਪ੍ਰਚਾਰ ਦਾ ਸਾਹਮਣਾ ਕਰਦੇ ਹੋਏ ਅਜਿਹੀਆਂ ਮੁਸ਼ਕਲਾਂ ਉਠਾਉਣੀਆਂ ਪਈਆਂ ਹਨ ਤਾਂ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਘੱਟ ਪੜ੍ਹੇ - ਲਿਖੇ ਤੇ ਅਨਪੜ੍ਹ ਲੋਕਾਂ ਨੂੰ ਜੋ ਮੁਸ਼ਕਲਾਂ ਉਠਾਉਣੀਆਂ ਪੈਂਦੀਆਂ ਹਨ , ਉਨ੍ਹਾਂ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ।ਅਸੀਂ ਆਪਣੀ ਮਰਿਆਦਾ ਤੇ ਰਵਾਇਤਾਂ ਦੀ ਵਡਿਆਈ ਦੀਆਂ ਜਿੰਨੀਆਂ ਵੀ ਡੀਗਾਂ ਮਾਰੀਏ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਸਮਾਜ ਨੂੰ ਅੱਜ ਵੀ ਜਾਤ - ਪਾਤ ਦੇ ਵਖਰੇਵੇਂ ਦਾ ਗ੍ਰਹਿਣ ਲੱਗਾ ਹੋਇਆ ਹੈ ।

**ਸਵਰਾਜਬੀਰ**

**(ਪੰਜਾਬੀ ਟ੍ਰਿਬਿਊਨ ਸੰਪਾਦਕ) ਧੰਨਵਾਦ ਸਹਿਤ**

**07 ਅਪ੍ਰੈਲ, 2019**

# ਹਰਦਿਆਲ ਸਿੰਘ ਥਿਆੜਾ ਨੇ ਹੁਣ ਘਰ ਵਿਚ ਹੀ ਬਿਜਲੀ ਪੈਦਾ ਕਰਨ ਦਾ ਜੁਗਾੜ ਲਗਾਇਆ



**ਗੜ੍ਹਸ਼ੰਕਰ-** ਜ਼ਿਲ੍ਹੇ ਦੇ ਪਿੰਡ ਬਸੀ ਜਲਾਲ ਦੇ ਜੰਮਪਲ ਤੇ 1981 'ਚ ਅਮਰੀਕਾ ਜਾ ਵੱਸੇ ਬਜ਼ੁਰਗ ਹਰਦਿਆਲ ਸਿੰਘ ਥਿਆੜਾ ਨੇ ਅਮਰੀਕਾ 'ਚ ਹਵਾ ਤੇ ਬਿਜਲੀ ਨਾਲ ਕਾਰ ਚਲਾਉਣ ਦਾ ਸਫਲ ਤਜਰਬਾ ਕਰਨ ਤੋਂ ਬਾਅਦ ਹੁਣ ਗੜ੍ਹਸ਼ੰਕਰ ਨੇੜਲੇ ਪਿੰਡ ਬੀਰਮਪੁਰ ਵਿਖੇ ਬਣਾਏ ਫਾਰਮ 'ਚ ਬਿਜਲੀ ਪੈਦਾ ਕਰਨ ਦਾ ਜੁਗਾੜ ਲਗਾਇਆ ਹੈ। ਅਮਰੀਕਾ ਦੇ ਕੈਲੇਫੋਰਨੀਆ ਸੂਬੇ ਵਿਚ ਆਪਣੇ ਪੁੱਤਰਾਂ ਉਂਕਾਰ ਸਿੰਘ ਥਿਆੜਾ ਤੇ ਜਤਿੰਦਰ ਸਿੰਘ ਥਿਆੜਾ ਨਾਲ ਬਦਾਮਾਂ ਦੀ ਖੇਤੀ ਕਰਦੇ ਬਜ਼ੁਰਗ ਹਰਦਿਆਲ ਸਿੰਘ ਥਿਆੜਾ ਨੇ ਦੱਸਿਆ ਕਿ ਪ੍ਰਮਾਤਮਾ ਦੀ ਬਖਸ਼ਿਸ਼ ਨਾਲ ਮਨ 'ਚ ਕੁਝ ਨਾ ਕੁਝ ਕਰਨ ਦੀ ਤੜਫ ਰਹਿੰਦੀ ਹੈ, ਜਿਸ ਦੇ ਚਲਦੇ ਹੋਏ ਮੈਂ 2008 ਵਿਚ ਅਮਰੀਕਾ ਵਿਖੇ ਇਕ ਪੁਰਾਣੀ ਕਾਰ ਦਾ ਇੰਜਣ ਕੱਢ ਕੇ ਇਸ ਦੀ ਥਾਂ 'ਤੇ ਹਵਾ ਨਾਲ ਬਿਜਲੀ ਪੈਦਾ ਕਰਨ ਦਾ ਸਿਸਟਮ ਤਿਆਰ ਕਰਕੇ ਹਵਾ ਤੋਂ ਬਣੀ ਬਿਜਲੀ ਨਾਲ ਕਾਰ ਚਲਾਉਣ ਦਾ ਸਫਲ ਤਜਰਬਾ ਕੀਤਾ ਸੀ। ਉਹਨਾਂ ਕਿਹਾ ਕਿ ਇਸ ਤਰ੍ਹਾਂ ਦਾ ਤਜਰਬਾ ਹਵਾਈ ਜਹਾਜ਼, ਰੇਲ ਗੱਡੀ ਆਦਿ 'ਤੇ ਵੀ ਕੀਤਾ ਜਾ ਸਕਦਾ ਹੈ, ਜਿਸ ਨਾਲ ਤੇਲ, ਕੋਲੇ ਤੇ ਬਿਜਲੀ ਦੀ ਬੱਚਤ ਹੋਵੇਗੀ। ਬਜ਼ੁਰਗ ਹਰਦਿਆਲ ਸਿੰਘ ਨੇ ਇੱਥੇ ਬੀਰਮਪੁਰ ਵਿਖੇ ਫਾਰਮ 'ਚ ਬਿਜਲੀ ਪੈਦਾ ਕਰਨ ਵਾਲਾ ਜੁਗਾੜ ਦਿਖਾਉਂਦੇ ਹੋਏ ਕਿਹਾ ਕਿ ਇਕ ਦਿਨ ਕੋਲਾ ਵੀ ਖਤਮ ਹੋ ਜਾਣਾ ਹੈ ਤੇ ਤੇਲ ਕੀਮਤਾਂ ਦਿਨੋ ਦਿਨ ਵੱਧ ਰਹੀਆਂ ਹਨ। ਉਹਨਾਂ ਕਿਹਾ ਕਿ ਮੌਕੇ ਦੇ ਹਾਲਾਤਾਂ ਨੂੰ ਦੇਖਦੇ ਹੋਏ ਇਹ ਬਿਜਲੀ ਪੈਦਾ ਕਰਨ ਦਾ ਜੁਗਾੜ ਤਿਆਰ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਬਿਜਲੀ ਪੈਦਾ ਕਰਨ ਲਈ ਲਗਾਇਆ ਜੁਗਾੜ ਬਲਦ ਨਾਲ ਘੁੰਮਦਾ ਹੈ ਤੇ ਇਸ ਨੂੰ ਹੱਥ ਨਾਲ ਵੀ ਘੁੰਮਾਇਆ ਜਾ ਸਕਦਾ ਹੈ। ਉਹਨਾਂ ਦੱਸਿਆ ਕਿ ਇਹ ਸਿਸਟਮ ਸਿੱਧੀ 2200 ਵਾਟ ਬਿਜਲੀ ਸਪਲਾਈ ਕਰਦਾ ਹੈ ਤੇ ਇਸ ਨਾਲ ਬੈਟਰੀਆਂ ਲਗਾ ਕੇ ਬਿਜਲੀ ਨੂੰ ਜਮ੍ਹਾ ਵੀ ਕੀਤਾ ਜਾ ਸਕਦਾ ਹੈ ਤੇ ਬਿਜਲੀ ਦੀ ਸਿੱਧੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਉਹਨਾਂ ਕਿਹਾ ਕਿ ਭਾਵੇਂ ਇਹ ਸਿਸਟਮ ਬਲਦ ਨਾਲ ਚੱਲਣ ਕਾਰਨ ਜਾਂ ਹੋਰ ਕਾਰਨਾਂ ਕਾਰਨ ਦੇਖਣ ਵਾਲੇ ਨੂੰ ਔਖਾ ਲੱਗਦਾ ਹੋਵੇ ਪਰ ਭਵਿੱਖ ਦੇ ਟਾਕਰੇ ਲਈ ਅਜਿਹੇ ਸਿਸਟਮ ਲਗਾਉਣ ਦੀ ਸਖਤ ਲੋੜ ਹੈ। ਹਰਦਿਆਲ ਸਿੰਘ ਨੇ ਕਿਹਾ ਕਿ ਮੈਂ ਕੋਈ ਇੰਜੀਨੀਅਰ ਨਹੀਂ ਬਲਕਿ ਇਕ ਸਧਾਰਨ ਇਨਸਾਨ ਹਾਂ।

## ਹੋਲਾ-ਮਹੱਲਾ ਜੋੜ ਮੇਲੇ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਕਰਵਾਇਆ




**ਸੈਨਹੋਜ਼ੇ (ਬਿਊਰੋ)-** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਹੋਲਾ-ਮਹੱਲਾ ਜੋੜ ਮੇਲੇ 'ਤੇ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਨਾਲ ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਸਜਾਇਆ ਗਿਆ।

ਪ੍ਰਵਾਨਾ ਵੱਲਂ ਮੰਚ ਸੰਭਾਲਦਿਆਂ ਇਤਿਹਾਸ ਤੇ ਰੋਸ਼ਨੀ ਪਾਈ ਗਈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਹਾਜ਼ਰ ਕਵੀਆਂ ਨੇ ਖਾਲਸੇ ਦੀਆਂ ਜੰਗੀ ਜਿੱਤਾਂ ਤੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਚਰਨਜੀਤ ਸਿੰਘ ਪੰਨੂ, ਤੇਜਿੰਦਰ ਸਿੰਘ, ਮਹਿੰਦਰਪਾਲ ਸਿੰਘ, ਬੀਬੀ ਇੰਦਰਜੀਤ ਕੌਰ ਆਦਿ ਕਵੀ ਸ਼ਾਮਲ ਸਨ।

## ਫਰਿਜ਼ਨੋ ਨਿਵਾਸੀ ਕਬੱਡੀ ਪ੍ਰਮੋਟਰ ਨਾਜਰ ਸਿੰਘ ਸਹੋਤਾ ਨੂੰ ਸਦਮਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਫਰਿਜ਼ਨੋ ਨਿਵਾਸੀ ਉੱਘੇ ਕਬੱਡੀ ਪ੍ਰਮੋਟਰ ਸ. ਨਾਜਰ ਸਿੰਘ ਸਹੋਤਾ ਨੂੰ ਪਿਛਲੇ ਦਿਨੀ ਉਸ ਵਕਤ ਭਾਰੀ ਸਦਮਾਂ ਪਹੁੰਚਿਆ ਜਦੋਂ ਉਹਨਾਂ ਦੇ ਸਤਿਕਾਰਯੋਗ ਮਾਤਾ ਗੁਰਮੀਤ ਕੌਰ ਸਹੋਤਾ 90 ਸਾਲ ਦੀ ਲੰਬੀ ਉਮਰ ਭੋਗਕੇ ਅਕਾਲ ਚਲਾਣਾ ਕਰ ਗਏ। ਉਨਾ ਦਾ ਪਿਛਲਾ ਪਿੰਡ ਭੁਨੋ ਬਾੜੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੈ। ਮਾਤਾ ਜੀ ਦੀ ਦੇਹ ਦਾ ਅੰਤਿਮ ਸੰਸਕਾਰ ਮਿਤੀ 13 ਅਪ੍ਰੈਲ ਦਿਨ ਸਨੀਵਾਰ ਨੂੰ ਸਵੇਰੇ 11 ਤੋਂ ਦੁਪਹਿਰ 1 ਵਜੇ ਦਰਮਿਆਨ ਸ਼ਾਂਤ ਭਵਨ ਫਿਊਨਰਲ ਹੋਮ ਫਰਿਜਨੋਂ ਵਿਖੇ ਹੋਵੇਗਾ । ਉਪਰੰਤ ਭੋਗ ਗੁਰਦਵਾਰਾ ਸਿੰਘ ਸਭਾ ਫਰਿਜਨੋ ਵਿਖੇ ਪਵੇਗਾ। ਹੋਰ ਜਾਣਕਾਰੀ ਲਈ ਅਤੇ ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ (559) 351-6592




SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



- * We Carry New and Used Tires All Major Brands
- * Smart Way Tires Available
- * Used Tires Start From & 135
- * Old Change $ 189 + Tax
- * We also do truck and car washing and waxing
- * Friendly and Professional Staff
- * We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
**530-824-5134**

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
### WASH, LUBE, BRAKES

Call:
**650-642-0697**

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

EDUCATE! ——— ORGANIZE! ——— AGITATE!

*Ambedkar International Center, Ambedkar Educational Aid Society cordially invites you to celebrate*

## Bodhisattva Dr. B.R. Ambedkar 128th Birth Anniversary

*"We must stand on our own feet and fight as best as we can for our rights. So carry on your agitation and organize your forces. Power and prestige will come to you through struggle"*
*- Dr. B.R. Ambedkar*

**Rememberance // Salutation // Meet**



Founding father of Modern India
Worlds most inspirational leader

**Sunday April 14th, 2019**
**4:00pm - 8:00pm**

*Chief Guest -*
ANIL WAGDE
IIM-C Alumni,
Scientist & Ambedkarites Intellectual

*Guest Speaker -*
VANESSA RUSSELL
Social Ambassador

*Event -*
Indian Election - Mission 2019
Young talent - Speech Competition
Ambedkarites Inspirational Songs
and Cultural Program

***Dinner will be served***

Oasis Palace
35145 Newark Blvd, Newark,
CA 94560

*Supporting Organizations*
Ambedkar Association of North Americans (AANA)
Shri Guru Ravidass Sabha, Bay Area
International Bahujan Organization
Media Partner - Ambedkar Times

*RSVP -*
Amrik Chand, 510-329-3215
Ram Kumar, 408-406-3585
Ram Saroay, 510-368-3983
Balbir Thind, 510-378-9686
Vinod Kumar, 510-953-9800
Ankit Gajbhiye, 202-716-3199

# Heartiest congratulations on Dr. Ambedkar's 128th birth anniversary



**Amrik Chand (CPA)**
Email : achand@pacbell.net



**Ram Saroay**
**Broker/Realtor**
ramsaroay@hotmail.com



ਵਿਨੋਦ ਕੁਮਾਰ ਚੁੰਬਰ
ਚੇਅਰਮੈਨ
ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ
(ਕੈਲੇਫੋਰਨੀਆ)



# ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਖਾਲਸਾ ਪੰਥ, ਵਿਸਾਖੀ ਅਤੇ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਦੇ 128ਵੇਂ ਜਨਮ ਦਿਨ ਦੀਆਂ ਸ੍ਰੀ ਸੁੱਖਰਾਮ ਚੰਦੜ ਅਤੇ ਸਮੂਹ ਚੰਦੜ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ






ਸ੍ਰੀ ਸੁੱਖਰਾਮ ਚੰਦੜ ਤਾਜਪੁਰੀ ਆਪਣੀ ਸੁਪੱਤਨੀ ਅਤੇ ਸਪੁੱਤਰ ਨੀਰਜ ਕੁਮਾਰ ਚੰਦੜ ਦੇ ਪਰਿਵਾਰ ਨਾਲ

# ਸੁੱਖ ਰਾਮ ਚੰਦੜ ਤਾਜਪੁਰੀ ਅਤੇ ਸਮੂਹ ਚੰਦੜ ਪਰਿਵਾਰ

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ



ਵੱਲੋਂ

## ਭਾਰਤੀ ਸੰਵਿਧਾਨ ਦੇ ਰਚੇਤਾ, ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ ਦੇ ਮਸੀਹਾ ਡਾ. ਬੀ. ਆਰ. ਅੰਬੇਦਕਰ ਜੀ ਦਾ ਜਨਮ ਦਿਹਾੜਾ 21 ਅਪ੍ਰੈਲ, 2019 ਨੂੰ ਮਨਾਇਆ ਜਾਵੇਗਾ

ਸਮੂਹ ਕੈਲੇਫੋਰਨੀਆ ਨਿਵਾਸੀਆਂ (ਭਾਰਤੀਆਂ) ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਸੰਵਿਧਾਨ ਦੇ ਰਚੇਤਾ, ਦਲਿਤਾਂ, ਘੱਟ ਗਿਣਤੀਆਂ ਤੇ ਸਮੂਹ ਔਰਤਾਂ ਦੇ ਮਸੀਹਾ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਬਹੁਤ ਹੀ ਉਤਸ਼ਾਹ ਤੇ ਖੁਸ਼ੀਆਂ ਨਾਲ ਮਨਾਇਆ ਜਾ ਰਿਹਾ ਹੈ। ਵੱਖ-ਵੱਖ ਬੁਲਾਰਿਆਂ ਵੱਲੋਂ ਅੰਬੇਦਕਰ ਜੀ ਦੇ ਜੀਵਨ, ਸੰਘਰਸ਼ ਤੇ ਪ੍ਰਾਪਤੀਆਂ ਸਬੰਧੀ ਵਿਚਾਰ ਸਾਂਝੇ ਕੀਤੇ ਜਾਣਗੇ। ਸੋ, ਸਮੂਹ ਕੈਲੇਫੋਰਨੀਆ ਨਿਵਾਸੀਆਂ ਨੂੰ ਮਿਤੀ 21 ਅਪ੍ਰੈਲ ਦਿਨ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਸ਼ਾ ਸਿਟੀ, ਕੈਲੇਫੋਰਨੀਆ ਵਿਖੇ ਪਰਿਵਾਰਾਂ ਸਮੇਤ ਪਹੁੰਚੋ ਤੇ ਡਾ. ਬੀ. ਆਰ. ਅੰਬੇਦਕਰ ਜੀ ਦੇ ਜਨਮ ਦਿਹਾੜੇ ਨੂੰ ਮਨਾਉਣ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**ਪ੍ਰੋਗਰਾਮ 21 ਅਪ੍ਰੈਲ ਦਿਨ ਐਤਵਾਰ 2019**
ਸਵੇਰ 10 ਵਜੇ ਤੋਂ 12 ਵਜੇ ਤੱਕ:
ਰਮਾਇਣ ਸਾਹਿਬ ਦੇ ਪਾਠ ਦੇ ਭੋਗ ਤੇ ਅਰਦਾਸ
12 ਵਜੇ ਤੋਂ 4 ਵਜੇ ਸ਼ਾਮ ਤੱਕ: ਬੁਲਾਰੇ ਤੇ ਗਾਇਕ ਆਪਣਾ ਪ੍ਰੋਗਰਾਮ ਦੇਣਗੇ। ਸਾਰਾ ਦਿਨ ਅਤੁੱਟ ਲੰਗਰ ਵਰਤੇਗਾ।

**ਵੱਲੋ:-**
**ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਕੈਲੇਫੋਰਨੀਆ) ਯੂਬਾ ਸਿਟੀ**
ਹੋਰ ਜਾਣਕਾਰੀ ਲਈ ਫੋਨ ਨੰਬਰ 1-530-813-3877,
1- 530-740-3056
1-530-441-9124, 1-530-301-0657
ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਥਾਨ 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991 (ਪਰਸੀ ਐਵਨਿਊ ਤੇ ਗਾਰਡਨ ਹਾਈਵੇ ਦੇ ਕਾਰਨਰ 'ਤੇ)

**ਬੇਨਤੀ- ਮੰਦਰ ਦੀ ਡਿਵੈਲਪਮੈਂਟ ਦਾ ਕੰਮ ਚੱਲ ਰਿਹਾ ਹੈ।**
**ਦਾਨੀ ਸੱਜਣਾਂ ਨੂੰ ਬੇਨਤੀ ਹੈ ਕਿ ਨੇਕ ਕਮਾਈ ਵਿਚੋਂ ਬਣਦਾ ਹਿੱਸਾ ਪਾਓ ਜੀ।**

## ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਦੁਨੀਆਂ ਭਰ 'ਚ ਵੱਸਦੀਆਂ ਸਮੂਹ ਸੰਗਤਾਂ ਨੂੰ ਡਾ. ਬੀ. ਆਰ. ਅੰਬੇਦਕਰ ਜੀ ਦੇ ਜਨਮ ਦਿਵਸ, ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ


















## ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ





ਸੰਤ ਜਰਨੈਲ ਸਿੰਘ ਭਿੰਡਰਾਂਵਾਲੇ





SINGH THIARA ELECTRIC MOTOR
ਸਿੰਘ ਥਿਆੜਾ ਇਲੈਕਟਰਿਕ ਮੋਟਰ



ਜਨਰਲ ਸੁਬੇਗ ਸਿੰਘ

## ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਿਤ ਖਾਲਸਾ ਪੰਥ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਥਿਆੜਾ ਪਰਿਵਾਰ ਵੱਲੋਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ



ਜਥੇਦਾਰ ਸ. ਰਾਮ ਸਿੰਘ ਥਿਆੜਾ (ਬੱਬਰ ਅਕਾਲੀ) 15 ਜੂਨ 1980 ਨੂੰ ਦਲ ਖਾਲਸਾ ਦੇ ਨੌਜਵਾਨਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੀ ਇਕ ਇਤਿਹਾਸਕ ਯਾਦਗਾਰ ਤਸਵੀਰ।



ਸ. ਹਰਦਿਆਲ ਸਿੰਘ ਥਿਆੜਾ (ਵਿਚਕਾਰ) ਆਪਣੇ ਸਪੁੱਤਰ ਸ. ਜਤਿੰਦਰ ਸਿੰਘ ਥਿਆੜਾ ਅਤੇ ਪੋਤਰੇ ਸ. ਦਵਿੰਦਰ ਸਿੰਘ ਥਿਆੜਾ ਨਾਲ







ਮੱਖਣ ਸਿੰਘ ਬੈਂਸ

# ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਗਿਆਨੀ ਰਵਿੰਦਰ ਸਿੰਘ


Toll Free 1-866-FOR-RAJA
www.rajasweets.com
msbains@rajasweets.com

Follow us on:

**Raja™ SWEETS & CATERING®**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

**Fresh Sweets, Snacks & Food**

Catering for All occasions up to 10000 guests

Lunch - Dinner - Take Out - Banquets



**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

*Items Serving:*
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

*Catering Services:*
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

*Additional Services:*
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com




L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ
New folding bed verities
Loose Fabrics, Groceries, Blankets, Vegetables
ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Red Label Tea 900 Gm $ 3.99
Bio Bidet Elite 2 $ 39.99+ Tax
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
Baksho Kaur Bisla Hardev Singh Bisla
530-671-0439, Fax 530-822-0439 Cell- 530-844-3250
Buy 5 get 1 free




AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132
Harmandeep Singh




RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834

Chicago's Pizza with a Twist
Call: 1-209-398-2221
Parvinder Dhesi
Kulwant Sandhu
1471 B St., Unit B, Livingston, CA 95334

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸਮੂੰਹ ਸੰਗਤਾਂ ਵੱਲੋਂ ਐਤਵਾਰ ਦੇ ਹਫਤਾਵਰੀ ਦਿਵਾਨ ਸਜਾਏ ਗਏ











ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸਮੂੰਹ ਸਾਧਸੰਗਤਿ ਵਲੋਂ ਸਰਬੱਤ ਦੇ ਭਲੇ ਅਤੇ ਸੰਗਤਾਂ ਦੀ ਚੜ੍ਹਦੀ ਕਲਾ ਵਾਸਤੇ ਐਤਵਾਰ, 7 ਅਪ੍ਰੈਲ ਨੂੰ ਹਫਤਾਵਰੀ ਦਿਵਾਨ ਸਜਾਏ ਗਏ ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ ਅਤੇ ਕਥਾਵਾਚਕ ਭਾਈ ਚਮਕੌਰ ਸਿੰਘ ਜੀ ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਗੁਰੁਚਰਨਾ ਨਾਲ ਜੋੜਿਆ।

ਇਸ ਤੋਂ ਪਹਿਲਾਂ ਦਿਨ ਸ਼ਨੀਵਾਰ, 6 ਅਪ੍ਰੈਲ ਨੂੰ ਗੁਰੂਘਰ ਵਿਖੇ ਸ਼ਾਮਾਂ ਦੇ ਦਿਵਾਨ ਸਜਾਏ ਗਏ ਜਿਸ ਵਿੱਚ ਸੰਤ ਜਸਵਿੰਦਰ ਸਿੰਘ ਜੀ ਖੈਰੜ ਅੱਛਰਵਾਲ ਵਾਲਿਆ ਵਲੋਂ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕੀਤਾ ਗਿਆ। ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਨੇ ਵੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ। ਗੁਰੂਘਰ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਸੰਤ ਜਸਵਿੰਦਰ ਸਿੰਘ ਜੀ ਅਤੇ ਸ਼੍ਰੀ ਦਲਜੀਤ ਮਹਿਮੀ ਜੀ ਨੂੰ ਸਿਰੋਪਾਓ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਸਮਾਗਮਾਂ ਦੀ ਸੇਵਾ ਸਵਰਗਵਾਸੀ ਸ਼੍ਰੀ ਕੁਲਦੀਪ ਮਹਿਮੀ ਜੀ ਦੇ ਪਰਿਵਾਰ ਵਲੋਂ ਹੋਈ।

**ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮ:**

ਸਟੇਜ਼ ਸਕੱਤਰ ਸ਼੍ਰੀ ਬਲਜੀਤ ਸਿੰਘ ਨੇ ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮਾਂ ਦੀਆਂ ਜਾਣਕਾਰੀਆਂ ਦਿੰਦੇ ਹੋਏ ਦੱਸਿਆ ਕਿ ਐਤਵਾਰ, ਅਪ੍ਰੈਲ 14 ਨੂੰ ਸਰਬੱਤ ਦੇ ਭਲੇ ਅਤੇ ਸੰਗਤਾਂ ਦੀ ਚੜ੍ਹਦੀ ਕਲਾ ਲਈ ਹਫਤਾਵਾਰੀ ਸਮਾਗ਼ਮ ਸਮੂੰਹ ਸੰਗਤਾਂ ਵੱਲੋਂ ਸਜਾਏ ਜਾਣਗੇ ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਕੀਰਤਨ ਦਿਵਾਨ ਸਜਾਏ ਜਾਣਗੇ।

ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਾਹਿਤ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂਘਰ ਦੀਆਂ ਨਵੀਆਂ ਇਮਾਰਤਾ ਦੀ ਉਸਾਰੀ ਵਿੱਚ ਵੱਖ ਵੱਖ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ:

**ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ**
6221 16th Street
Rio Linda, CA-95673

ਗੁਰੂਘਰ ਫ਼ੋਨ (916) 992-1710
ਸ਼੍ਰੀ ਰਾਜ ਬੱਧਣ ਜੀ (916) 601-3842
ਸ਼੍ਰੀ ਇੰਦਰਜੀਤ ਪੜਵੱਗਾ ਜੀ (916) 276-2538
ਸ਼੍ਰੀ ਤੇਜਪਾਲ ਵਿਰਕ ਜੀ (916) 912-5678

TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM

# "ਪੜ੍ਹੋ, ਸੰਘਰਸ਼ ਕਰੋ" ਅਤੇ ਸੰਗਠਿਤ ਹੋਵੋ: ਡਾ. ਅੰਬੇਡਕਰ






ਡਾ. ਕਰਮਜੀਤ ਸਿੰਘ
kjskurukishetra@yahoo.com

ਭਾਰਤੀ ਇਤਿਹਾਸ ਵਿਚ ਜਯੋਤੀਬਾ ਫੂਲੇ (1827-1890ਈ.) ਆਇਨਕਲੀ (1863-1941ਈ.), ਪੇਰੀਆਰ (1879-1973 ਈ.), ਬਾਬੂ ਮੰਗੂ ਰਾਮ ਮੂਗੋਵਾਲੀਆ (1886-1980ਈ.) ਅਤੇ ਡਾ. ਅੰਬੇਡਕਰ (1891-1956ਈ.) ਅਜਿਹੀਆਂ ਵਿਚਾਰਵਾਨ ਅਤੇ ਸੰਘਰਸ਼ਸ਼ੀਲ ਸ਼ਖਸੀਅਤਾਂ ਹਨ ਜਿਨ੍ਹਾਂ ਨੇ ਹਜ਼ਾਰਾਂ ਸਾਲਾਂ ਤੋਂ ਗੁਲਾਮਾਂ ਨਾਲੋਂ ਵੀ ਬਦਤਰ ਜ਼ਿੰਦਗੀ ਜਿਊਣ ਵਾਲੇ ਭਾਰਤੀ ਸੂਦਰਾਂ ਲਈ ਸਾਰੀ ਉਮਰ ਲੜਾਈ ਲੜੀ ਤੇ ਉਨ੍ਹਾਂ ਨੂੰ ਸਮਾਜ ਵਿਚ ਇੱਜ਼ਤ-ਮਾਣ ਦੁਆਉਣ ਲਈ ਯਤਨ ਕੀਤੇ। ਇਨ੍ਹਾਂ ਵਿਚੋਂ ਡਾ. ਅੰਬੇਡਕਰ ਤਾਂ ਅੱਜ ਦਲਿਤਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਹਨ। ਵਿਚਾਰਕ ਦੇ ਤੌਰ 'ਤੇ ਅਤੇ ਇਕ ਰਾਜਨੀਤਕ ਨੇਤਾ ਦੇ ਤੌਰ 'ਤੇ ਡਾ. ਅੰਬੇਡਕਰ ਨੂੰ ਵਿਚਾਰਨਾ ਇਸ ਲਈ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਦੀਆਂ ਬਹੁਤੀਆਂ ਲਿਖਤਾਂ ਸਮੁੱਚੀ ਮਾਨਵਤਾ ਲਈ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਦਲਿਤਾਂ ਦੇ ਨੇਤਾ ਦੇ ਤੌਰ 'ਤੇ ਹੀ ਮਾਨਤਾ ਦਿੱਤੀ ਜਾਂਦੀ ਹੈ। ਇਹ ਕੋਈ ਅਣਹੋਣੀ ਵੀ ਨਹੀਂ। ਭਾਰਤੀ ਇਤਿਹਾਸ ਵਿਚ ਚਾਰਵਾਕ, ਮਹਾਤਮਾ ਬੁੱਧ ਅਤੇ ਮਹਾਂਵੀਰ ਜੈਨ ਵਰਗੇ ਆਗੂਆਂ ਨਾਲ ਵੀ ਅਜਿਹਾ ਹੀ ਕੀਤਾ ਜਾਂਦਾ ਰਿਹਾ ਹੈ। ਅਜੋਕੇ ਪ੍ਰਜਾਤੰਤਰੀ ਰਾਜ ਵਿਚ ਅਜਿਹਾ ਕੁੱਝ ਹੋਣਾ ਸੰਭਵ ਨਹੀਂ ਪਰ ਮਨੂੰਵਾਦੀ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਪਿਛੋਕੜ ਵਿਚ ਲਿਜਾ ਕੇ ਤੇ ਉਨ੍ਹਾਂ ਦੇ ਬੁੱਤਾਂ ਨੂੰ ਆਦਰਸ਼ਿਆ ਕੇ ਪੇਸ਼ ਕਰਨ ਦਾ ਯਤਨ ਕਰਦੇ ਹਨ। ਅਨੀਤਾ ਭਾਰਤੀ ਦਾ ਇਹ ਕਥਨ ਇਸੇ ਸੰਦਰਭ ਵਿਚ ਮਹੱਤਵਪੂਰਨ ਹੈ ਕਿ, "ਭੀਮ ਰਾਓ ਅੰਬੇਡਕਰ ਵੱਡੇ ਵਿਦਵਾਨ ਸਨ ਜਿਨ੍ਹਾਂ ਨੇ ਦਲਿਤ ਸ਼ੋਸ਼ਣ, ਨਾਰੀ ਸ਼ੋਸ਼ਣ, ਸਮਾਜਿਕ ਅਸਮਾਨਤਾ, ਬੈਂਕ ਦਾ ਰਾਸ਼ਟਰੀਕਰਣ ਅਤੇ ਮਾਨਵ ਅਧਿਕਾਰ ਜਿਹੇ ਤਮਾਮ ਰਾਜਨੀਤਿਕ ਅਤੇ ਸਮਾਜਿਕ ਮੁੱਦਿਆਂ 'ਤੇ ਲੜਾਈ ਲੜੀ। ਪ੍ਰੰਤੂ ਅੰਬੇਡਕਰ ਜਿਹੇ ਵਿਦਵਾਨ ਨੂੰ ਵੀ ਬ੍ਰਾਹਮਣਵਾਦੀ ਲੋਕਾਂ ਨੇ ਦਲਿਤ ਵਿਚਾਰਕ ਦੇ ਤੌਰ 'ਤੇ ਹੀ ਵਿਚਾਰਿਆ। ਅਜਿਹੇ ਅਨੇਕ ਅਨੁਭਵ ਹਨ ਜਦੋਂ ਕਿਸੇ ਮੰਚ ਤੋਂ ਅੰਬੇਡਕਰ ਦਾ ਨਾਂਅ ਲਿਆ ਜਾਂਦਾ ਹੈ ਤਾਂ ਨਾਂਅ ਲੈਣ ਵਾਲੇ ਨੂੰ ਜਾਤੀਵਾਦੀ ਐਲਾਨ ਦਿੱਤਾ ਜਾਂਦਾ ਹੈ। ਇਹ ਬੜੀ ਅਜੀਬ ਸਥਿਤੀ ਹੈ ਜਿੱਥੇ ਕਿਸੇ ਅੰਬੇਡਕਰ ਵਰਗੇ ਵੱਡੇ ਵਿਚਾਰਕ ਨੂੰ ਵੀ ਉਸਦੀ ਜਾਤੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਨਤੀਜਾ ਇਹ ਹੋਇਆ ਹੈ ਕਿ ਦਲਿਤ ਸਮਾਜ ਨੇ ਵੀ ਅੰਬੇਡਕਰ ਨੂੰ ਹੀ ਆਪਣਾ ਵਿਚਾਰਕ ਮੰਨ ਲਿਆ ਹੈ।" (ਨਯਾ ਪਥ, ਅਕਤੂਬਰ 2015-ਜੂਨ 2016, ਪੰਨਾ-188.) ਸਾਨੂੰ ਅਜਿਹੀ ਸੋਚ ਤੋਂ ਉਪਰ ਉੱਠਕੇ ਡਾ. ਅੰਬੇਡਕਰ ਦੀ ਦੇਣ ਨੂੰ ਵਿਚਾਰਨਾ ਚਾਹੀਦਾ ਹੈ। ਖਾਸ ਤੌਰ 'ਤੇ ਪ੍ਰਗਤੀਵਾਦੀ-ਮਾਰਕਸਵਾਦੀ ਚਿੰਤਕਾਂ ਨੂੰ ਹੋਰ ਵੀ ਸੁਚੇਤ ਹੋਣ ਦੀ ਲੋੜ ਹੈ।

ਦਲਿਤ ਪਰਿਵਾਰਾਂ ਵਿਚ ਪੈਦਾ ਹੋਏ ਚਿੰਤਕਾਂ ਨੂੰ ਉਹ ਸਾਰੇ ਅਪਮਾਨ ਸਹਿਣੇ ਪਏ ਜਿਹੜੇ ਸਦੀਆਂ ਤੋਂ ਸਮੁੱਚੀ ਸੂਦਰ ਬਰਾਦਰੀ ਭੋਗਦੀ ਆ ਰਹੀ ਸੀ। ਡਾ. ਅੰਬੇਡਕਰ ਨੂੰ ਵੀ ਛੋਟੀ ਉਮਰ ਤੋਂ ਹੀ ਅਜਿਹੇ ਅਪਮਾਨਾਂ ਦਾ ਸਾਹਮਣਾ ਕਰਨਾ ਪਿਆ। ਵਿਦਿਆਰਥੀ ਅੰਬੇਡਕਰ ਨੂੰ ਜਮਾਤ ਤੋਂ ਬਾਹਰ ਤੱਪੜ ਉਪਰ ਬੈਠ ਕੇ ਪੜ੍ਹਨਾ ਪਿਆ, ਸ਼ਹਿਰੀ ਸਕੂਲ ਵਿਚ ਉਸਨੂੰ ਬਲੈਕਬੋਰਡ ਦੇ ਲਾਗੇ ਜਾ ਕੇ ਲਿਖਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਤਾਂ ਕਿ ਇਸਦੇ ਪਿੱਛੇ ਰੱਖੇ ਗਏ ਵਿਦਿਆਰਥੀਆਂ ਦੇ ਰੋਟੀ ਦੇ ਡੱਬੇ ਭਿੱਟੇ ਨਾ ਜਾਣ; ਬੈਲ ਗੱਡੀ ਵਾਲਾ ਪੈਸੇ ਲੈ ਕੇ ਵੀ ਗੱਡੀ ਨਹੀਂ ਚੜ੍ਹਾਉਂਦਾ ਸਗੋਂ ਭਿੱਟ ਦੇ ਡਰੋਂ ਪੈਦਲ ਤੁਰ ਕੇ ਜਾਂਦਾ ਹੈ ਤੇ ਸੂਬੇਦਾਰ ਦੇ ਪੁੱਤਰ ਡਾ. ਅੰਬੇਡਕਰ ਅਤੇ ਉਸਦਾ ਭਰਾ ਆਪ ਬੈਲ ਗੱਡੀ ਹੱਕ ਕੇ ਲਿਜਾਂਦੇ ਹਨ; ਗਾਇਕਵਾੜ ਦੇ ਦਫ਼ਤਰ ਵਿਚ ਪੀਅਨ ਡਾ. ਅੰਬੇਡਕਰ ਨੂੰ ਪਾਣੀ ਪਿਲਾਉਣ ਤੋਂ ਇਨਕਾਰੀ ਸੀ ਤੇ ਫਾਇਲਾਂ ਪੱਟਕ ਕੇ ਜਾਂਦਾ ਹੈ। ਅਜਿਹੇ ਅਣਮਨੁੱਖੀ ਵਤੀਰੇ ਕਾਰਨ ਡਾ. ਅੰਬੇਡਕਰ ਕੁੱਝ ਹਫ਼ਤਿਆਂ ਬਾਅਦ ਹੀ ਨੌਕਰੀ ਛੱਡ ਦਿੰਦੇ ਹਨ। ਸਮਾਜ ਸੁਧਾਰਕ ਉਨ੍ਹਾਂ ਦੇ ਬ੍ਰਾਹਮਣਵਾਦ ਵਿਰੋਧੀ ਵਿਚਾਰਾਂ ਨੂੰ ਸੁਣਨ ਲਈ ਤਿਆਰ ਨਹੀਂ ਹੁੰਦੇ। ਇਨ੍ਹਾਂ ਸਾਰੀਆਂ ਸਥਿਤੀਆਂ ਦੇ ਬਾਵਜੂਦ ਜੇ ਡਾ. ਅੰਬੇਡਕਰ ਮਾਨਸਿਕ ਮਜ਼ਬੂਤੀ ਨਾਲ ਵਿਦੇਸ਼ ਜਾ ਕੇ ਪੀਐਚਡੀ ਦੀ ਪੜ੍ਹਾਈ ਪੂਰੀ ਕਰਦੇ ਹਨ, ਵਾਇਸਰਾਇ ਦੀ ਕਾਰਜਕਾਰਣੀ ਦੇ ਲੇਬਰ ਮੈਂਬਰ ਬਣਦੇ ਹਨ, ਭਾਰਤ ਦੇ ਪਹਿਲੇ ਕਾਨੂੰਨ ਤੇ ਨਿਆਂ ਦੇ ਮੰਤਰੀ ਬਣਦੇ ਹਨ, ਸੰਵਿਧਾਨ ਘੜਨੀ ਕਮੇਟੀ ਦੇ ਚੇਅਰਮੈਨ ਬਣਦੇ ਹਨ ਅਤੇ ਸਮਤਾ ਸੈਨਿਕ ਦਲ, ਇੰਡੀਪੈਂਡੈਂਟ ਲੇਬਰ ਪਾਰਟੀ ਤੇ ਸ਼ਡਿਊਲ ਕਾਸਟ ਫੈਡਰੇਸ਼ਨ ਦਾ ਗਠਨ ਕਰਦੇ ਹਨ ਤਾਂ ਇਹ ਉਨ੍ਹਾਂ ਦੀ ਸ਼ਖਸ਼ੀਅਤ ਦੇ ਉੱਚੇ ਗੁਣਾਂ ਕਾਰਣ ਹੀ ਸੰਭਵ ਹੋ ਸਕਿਆ। 1927 ਈ. ਤੱਕ ਡਾ. ਅੰਬੇਡਕਰ ਨੇ ਦਲਿਤ ਅਧਿਕਾਰਾਂ ਨੂੰ ਲੈ ਕੇ ਵੱਡਾ ਅੰਦੋਲਨ ਸ਼ੁਰੂ ਕੀਤਾ। ਪਾਣੀ ਪੀਣ ਲਈ ਖੂਹਾਂ ਅਤੇ ਤਲਾਬਾਂ ਨੂੰ ਦਲਿਤਾਂ ਸਮੇਤ ਸਾਰੀਆਂ ਜਾਤਾਂ ਲਈ ਖੋਲ੍ਹਣਾ, ਮੰਦਰਾਂ-ਧਾਰਮਿਕ ਸਥਾਨਾਂ 'ਚ ਦਲਿਤਾਂ ਨੂੰ ਜਾਣ ਲਈ ਜਦੋਜਹਿਦ ਕਰਨਾ। ਡਾ. ਅੰਬੇਡਕਰ ਨੇ ਉਨ੍ਹਾਂ ਧਾਰਮਿਕ ਗ੍ਰੰਥਾਂ ਉੱਪਰ ਸਖ਼ਤ ਟਿੱਪਣੀਆਂ ਕੀਤੀਆਂ ਜਿਹੜੇ ਜਾਤੀ ਵਿਵਸਥਾ ਨੂੰ ਉਚਿਤ ਠਹਿਰਾਉਂਦੇ ਸਨ। ਨਾਸਿਕ ਦੇ ਕਾਲਾਰਾਮ ਮੰਦਰ ਵਿਚ ਪ੍ਰਵੇਸ਼ ਦਾ ਅੰਦੋਲਨ ਵਿੱਢਿਆ। ਹਜ਼ਾਰਾਂ ਦੇ ਹਜੂਮ ਨੂੰ ਦੇਖਕੇ ਪੁਜਾਰੀਆਂ ਨੇ ਮੰਦਰ ਦੇ ਦਰਵਾਜ਼ੇ ਬੰਦ ਕਰ ਦਿੱਤੇ। ਗੀਤਾ ਨੂੰ ਜਲਾਉਣ ਦਾ ਪ੍ਰਤੀਕੀ ਕੰਮ ਵੀ ਕੀਤਾ।

ਪੇਸ਼ਵਾਵਾਂ ਦੇ ਰਾਜ ਵਿਚ ਅਤੇ ਦੂਸਰੇ ਪ੍ਰਦੇਸ਼ਾਂ ਵਿਚ ਦਲਿਤਾਂ ਨਾਲ ਹੁੰਦੇ ਅਣਮਨੁੱਖੀ ਵਿਹਾਰ ਦਾ ਪਰਦਾਫਾਸ਼ ਕਰਨ ਵਿਚ ਡਾ. ਅੰਬੇਡਕਰ ਮਨੂੰਵਾਦੀ ਪ੍ਰਵਿਰਤੀਆਂ ਉਪਰ ਸਿੱਧਾ ਹਮਲਾ ਕਰਦੇ ਹਨ। ਉਹ "ਐਨੀਹੀਲੇਸ਼ਨ ਆਫ ਕਾਸਟ" ਪੁਸਤਕ ਵਿਚ ਦੱਸਦੇ ਹਨ ਕਿ ਪੇਸ਼ਵਾਵਾਂ ਦੇ ਰਾਜ ਵਿਚ ਸੂਦਰਾਂ ਨੂੰ ਗਲ਼ੀਆਂ ਵਿਚ ਤੁਰਨ ਦੀ ਮਨਾਹੀ ਸੀ ਤਾਂ ਕਿ ਹਿੰਦੂਆਂ ਉਪਰ ਉਨ੍ਹਾਂ ਦਾ ਸਾਇਆ ਨਾ ਪੈ ਜਾਵੇ ਤੇ ਉਹ ਭਿੱਟੇ ਨਾ ਜਾਣ। ਅਛੂਤ ਨੂੰ ਆਪਣੇ ਗਲ਼ ਵਿਚ ਜਾਂ ਗੁੱਟ 'ਤੇ ਕਾਲਾ ਧਾਗਾ ਬੰਨਣਾ ਪੈਂਦਾ ਸੀ ਤਾਂ ਕਿ ਭੁੱਲ ਕੇ ਵੀ ਕੋਈ ਹਿੰਦੂ ਉਨ੍ਹਾਂ ਨਾਲ ਛੂਹ ਨਾ ਜਾਵੇ। ਪੇਸ਼ਵਾ ਦੀ ਰਾਜਧਾਨੀ ਪੂਨਾ ਵਿਚ ਅਛੂਤ ਨੂੰ ਆਪਣੇ ਪਿੱਛੇ ਝਾੜੂ ਬੰਨ੍ਹ ਕੇ ਤੁਰਨਾ ਪੈਂਦਾ ਸੀ ਤਾਂ ਕਿ ਉਸਦੀ ਪੈੜ ਨਾਲ਼ ਦੀ ਨਾਲ਼ ਮਿਟਦੀ ਜਾਵੇ ਤੇ ਕਿਸੇ ਹਿੰਦੂ ਦਾ ਪੈਰ ਉਸ ਉਪਰ ਨਾ ਰੱਖਿਆ ਜਾਵੇ। ਪੂਨੇ ਵਿਚ ਹੀ ਅਛੂਤ ਨੂੰ ਆਪਣੇ ਗਲ਼ ਵਿਚ ਕੁੱਜਾ ਲਟਕਾ ਕੇ ਤੁਰਨਾ ਪੈਂਦਾ ਸੀ ਤਾਂ ਕਿ ਉਹ ਧਰਤੀ ਦੀ ਬਜਾਇ ਕੁੱਜੇ ਵਿਚ ਥੁੱਕਣ ਤੇ ਉਚੀ ਜਾਤ ਵਾਲੇ ਦਾ ਪੈਰ ਉਸਦੇ ਥੁੱਕ ਉਪਰ ਨਾ ਆ ਜਾਵੇ। ਅਜਿਹੀਆਂ ਸਥਿਤੀਆਂ ਵਿਚ ਹੀ ਆਇਨਕਲੀ ਨੇ ਕੇਰਲ ਵਿਚ ਗੱਡੇ 'ਤੇ ਚੜ੍ਹ ਦੇ ਸੜਕਾਂ ਉਪਰ ਗਸ਼ਤ ਕੀਤੀ ਅਤੇ ਉਪਰਲੀਆਂ ਜਾਤਾਂ ਨਾਲ ਹੱਥਿਆਰਬੰਦ ਲੜਾਈ ਲੜੀ। ਡਾ. ਅੰਬੇਡਕਰ ਆਪਣੀਆਂ ਲਿਖਤਾਂ ਵਿਚ ਇਸ ਸਾਰੇ ਗੈਰਮਨੁੱਖੀ ਤਸ਼ੱਦਦ ਦਾ ਤਿੱਖਾ ਵਿਰੋਧ ਕਰਦੇ ਹਨ। ਜਦੋਂ ਮਹਾਤਮਾ ਗਾਂਧੀ ਆਪਣੀ ਮਾਤ ਭੂਮੀ ਨੂੰ ਪਿਆਰ ਕਰਨ ਦਾ ਉਪਦੇਸ਼ ਦਿੰਦੇ ਹਨ ਤਾਂ ਡਾ. ਅੰਬੇਡਕਰ ਦਾ ਜਵਾਬ ਸੀ, "ਗਾਂਧੀ ਜੀ ਮੇਰਾ ਕੋਈ ਹੋਮਲੈਂਡ ਨਹੀਂ। ਕੋਈ ਵੀ ਗ਼ੈਰਤ ਵਾਲਾ ਅਛੂਤ ਇਸ ਧਰਤੀ ਉਪਰ ਮਾਣ ਨਹੀਂ ਕਰ ਸਕਦਾ।" ਹਿੰਦੁਸਤਾਨ ਵਿਚ ਜਾਤੀ ਪ੍ਰਥਾ ਨੂੰ ਸਮਝਣ ਲਈ ਡਾ. ਅੰਬੇਡਕਰ ਨੇ "ਅਨਟਚੇਬਲ" ਨਾਂਅ ਦੀ ਪੂਰੀ ਕਿਤਾਬ ਲਿਖੀ। ਆਪਣੀਆਂ ਦੂਸਰੀਆਂ ਲਿਖਤਾਂ ਵਿਚ ਵੀ ਉਹ ਸਪੱਸ਼ਟ ਕਰਦੇ ਹਨ ਕਿ, "ਜਾਤ, ਕੰਟਰੋਲ ਕਰਨ ਦਾ ਦੂਜਾ ਨਾਂਅ ਹੈ। ਜਾਤ ਤੁਹਾਡੀ ਜ਼ਿੰਦਗੀ ਮਾਣਨ ਉਪਰ ਬੰਦਸ਼ਾਂ ਲਾਉਂਦੀ ਹੈ। ਅੰਤਰ-ਜਾਤੀ ਖਾਣਪੀਣ ਤੇ ਅੰਤਰਜਾਤੀ ਵਿਆਹ ਦਾ ਤ੍ਰਿਸਕਾਰ ਕਰਦੀ ਹੈ।" ਜਿਸ ਹਿੰਦੂ ਧਰਮ ਵਿਚ ਜਾਤਪਾਤ ਦਾ ਕੋਹੜ ਹੈ ਉਸ ਦਾ ਸਮੁੱਚਾ ਵਿਸ਼ਲੇਸ਼ਣ ਵੀ ਡਾ. ਅੰਬੇਡਕਰ ਨੇ ਕਈ ਥਾਂਈ ਕੀਤਾ ਹੈ। ਹਿੰਦੂ ਧਰਮ ਆਪਣੇ ਗ੍ਰੰਥਾਂ ਨੂੰ ਅਨਾਦੀ ਤੇ ਅਨੰਤ ਮੰਨਦਾ ਹੈ ਇਸ ਲਈ ਡਾ. ਅੰਬੇਡਕਰ ਅਨੁਸਾਰ ਇਸ ਧਰਮ ਵਿਚ ਬੋਲਣ ਦੀ ਆਜ਼ਾਦੀ ਨਹੀਂ ਹੋ ਸਕਦੀ। ਧਾਰਮਿਕ ਗ੍ਰੰਥਾਂ ਨੂੰ ਸਭ ਕੁੱਝ ਮੰਨਣ ਵਾਲੇ ਸਾਰੇ ਧਰਮਾਂ ਉਪਰ ਡਾ. ਅੰਬੇਡਕਰ ਦੇ ਇਹ ਵਿਚਾਰ ਲਾਗੂ ਹੁੰਦੇ ਹਨ। ਉਨ੍ਹਾਂ ਅਨੁਸਾਰ ਇਕ ਹਿੰਦੂ ਨੂੰ ਬੋਲਣ ਦੀ ਆਜ਼ਾਦੀ ਦੇ ਅਧਿਕਾਰ ਨੂੰ ਤਿਆਗਣਾ ਪੈਂਦਾ ਹੈ। ਉਸਨੂੰ ਵੇਦਾਂ ਅਨੁਸਾਰ ਵਿਹਾਰ ਕਰਨਾ ਪੈਂਦਾ ਹੈ। ਜੇ ਵਿਹਾਰ ਨੂੰ ਵੇਦ ਮਾਨਤਾ ਨਹੀਂ ਦਿੰਦੇ ਤਾਂ ਸਮ੍ਰਿਤੀਆਂ ਅਨੁਸਾਰ ਇਸਦੀ ਪਰਖ ਕੀਤੀ ਜਾਂਦੀ ਹੈ। ਜੇ ਸਿਮ੍ਰਤੀਆਂ ਵੀ ਕੋਈ ਰਾਹ ਨਹੀਂ ਦੱਸਦੀਆਂ ਹੋਣ ਤਾਂ ਮਨੁੱਖੀ ਵਿਹਾਰ ਨੂੰ ਵੱਡੇ ਬੰਦਿਆਂ ਦੇ ਕਥਨਾਂ ਅਨੁਸਾਰ ਪਰਖਣਾ ਪੈਂਦਾ ਹੈ। ਮਨੁੱਖ ਤੋਂ ਤਰਕ ਦੀ ਆਸ ਨਹੀਂ ਕੀਤੀ ਜਾਂਦੀ ਇਸ ਲਈ ਜਿੰਨਾ ਚਿਰ ਤੁਸੀਂ ਹਿੰਦੂ ਧਰਮ ਵਿਚ ਹੋ ਤੁਸੀਂ ਸੋਚਣ ਦੀ ਆਜ਼ਾਦੀ ਦਾ ਸੁਪਨਾ ਵੀ ਨਹੀਂ ਲੈ ਸਕਦੇ। ਦੇਖਿਆ ਜਾਵੇ ਤਾਂ ਜਾਤੀਪ੍ਰਥਾ ਦੀ ਜਿਲ੍ਹਣ ਤੇ ਸੋਚਣ ਦੀ ਗੁਲਾਮੀ ਅਜਿਹੇ ਦੋ ਵੱਡੇ ਕਾਰਣ ਸਨ ਜਿਨ੍ਹਾਂ ਕਰਕੇ ਡਾ. ਅੰਬੇਡਕਰ ਆਪਣੇ ਪੰਜ ਲੱਖ ਪੈਰੋਕਾਰਾਂ ਨਾਲ ਬੁੱਧ ਧਰਮ ਗ੍ਰਹਿਣ ਕਰ ਲੈਂਦੇ ਹਨ। ਕੀ ਕੋਈ ਧਰਮ ਪਰਿਵਰਤਨ ਮਨੁੱਖੀ ਸਮਾਜ ਵਿਚ ਗੁਣਾਤਮਕ ਤਬਦੀਲੀ ਲਿਆ ਸਕਦਾ ਹੈ? ਇਹ ਬਹਿਸ ਦਾ ਵਿਸ਼ਾ ਹੈ।

ਡਾ ਅੰਬੇਡਕਰ ਦੀਆਂ ਲਿਖਤਾਂ ਵਿਚ ਅਨੇਕਾਂ ਅਜਿਹੇ ਵਿਚਾਰ ਹਨ ਜਿਨ੍ਹਾਂ ਨੂੰ ਨਾਅਰਿਆਂ ਵਾਂਗ ਵਰਤਿਆ ਜਾਂਦਾ ਹੈ। ਇਹ ਵਿਚਾਰ ਹਨ ਵੀ ਬੜੇ ਮਹੱਤਵਪੂਰਨ ਜਿਵੇਂ : ਜੋ ਇਤਿਹਾਸ ਨੂੰ ਭੁੱਲ ਜਾਂਦੇ ਹਨ ਉਹ ਇਤਿਹਾਸ ਸਿਰਜ ਨਹੀਂ ਸਕਦੇ, ਮੈਂ ਉਸ ਧਰਮ ਨੂੰ ਪਸੰਦ ਕਰਦਾ ਹਾਂ ਜਿਹੜਾ ਸੁਤੰਤਰਤਾ, ਬਰਾਬਰੀ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦਾ ਹੈ। ਇਹ ਨਾਅਰਾ ਨਵਜਾਗਰਣ ਦਾ ਸੀ ਜਿਸਨੂੰ ਡਾ. ਅੰਬੇਡਕਰ ਧਰਮ ਉਪਰ ਲਾਗੂ ਕਰਦੇ ਹਨ। ਏਸੇ ਤਰ੍ਹਾਂ : ਜ਼ਿੰਦਗੀ ਲੰਮੀ ਹੋਣੀ ਜ਼ਰੂਰੀ ਨਹੀਂ ਮਹਾਨ ਹੋਣੀ ਜ਼ਰੂਰੀ ਹੈ। ਮਨੁੱਖੀ ਹੋਂਦ ਦਾ ਅੰਤਿਮ ਨਿਸ਼ਾਨਾ ਬੌਧਿਕਤਾ ਤੇ ਮਨ ਦਾ ਵਿਕਾਸ ਹੋਣਾ ਚਾਹੀਦਾ ਹੈ। ਸਾਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਚਾਹੀਦਾ ਹੈ ਤਾਂ ਕਿ ਅਸੀਂ ਆਪਣੇ ਅਧਿਕਾਰਾਂ ਲਈ ਪੂਰੀ ਸਮਰੱਥਾ ਅਨੁਸਾਰ ਸੰਘਰਸ਼ ਕਰ ਸਕੀਏ। ਆਪਣਾ ਸੰਘਰਸ਼ ਜਾਰੀ ਰੱਖੋ ਅਤੇ ਆਪਣੀਆਂ ਤਾਕਤਾਂ ਨੂੰ ਸੰਗਠਤ ਕਰੋ। ਸੱਤਾ ਤੇ ਇੱਜ਼ਤ ਤੁਹਾਡੇ ਸੰਘਰਸ਼ਾਂ ਨਾਲ ਹੀ ਤੁਹਾਨੂੰ ਮਿਲੇਗੀ। ਮਨੁੱਖ ਜੇ ਸਦੀਵੀ ਨਹੀਂ ਤਾਂ ਵਿਚਾਰ ਵੀ ਸਦੀਵੀ ਨਹੀਂ। ਵਿਚਾਰਾਂ ਨੂੰ ਫੈਲਾਉਣ ਦੀ ਲੋੜ ਪੈਂਦੀ ਹੈ ਉਵੇਂ ਹੀ ਜਿਵੇਂ ਬੂਟਿਆਂ ਨੂੰ ਪਾਣੀ ਦੀ ਲੋੜ ਪੈਂਦੀ ਹੈ। ਇਨ੍ਹਾਂ ਤੋਂ ਬਗੈਰ ਦੋਨਾਂ ਦੀ ਮੌਤ ਨੂੰ ਕੋਈ ਨਹੀਂ ਰੋਕ ਸਕਦਾ। ਇਹ ਵਿਚਾਰ ਧਾਰਮਿਕ ਸਿਧਾਂਤਾਂ ਲਈ ਵੀ ਸਹੀ ਹਨ ਤੇ ਮਾਰਕਸਵਾਦੀ ਵਿਚਾਰਾਂ ਲਈ ਵੀ। ਸੰਘਰਸ਼ ਦੇ ਨਾਲ ਮਾਰਕਸਵਾਦੀ ਸਿਧਾਂਤਾਂ 'ਤੇ ਅਮਲ ਅਤੇ ਇਨ੍ਹਾਂ ਦਾ ਪ੍ਰਚਾਰ ਪ੍ਰਸਾਰ ਵੀ ਬੇਹੱਦ ਜ਼ਰੂਰੀ ਹੈ। ਰਾਜਨੀਤਕ ਜ਼ੁਲਮ ਸਹਿਣ ਨਾਲੋਂ ਵੀ ਮੁਸ਼ਕਲ ਹੈ ਸਮਾਜਿਕ ਜ਼ੁਲਮ ਸਹਿਣਾ। ਸਮਾਜਿਕ ਜ਼ੁਲਮ ਸਹਿਣ ਵਾਲੇ ਵਧੇਰੇ ਬਹਾਦਰ ਤੇ ਹੌਂਸਲੇ ਵਾਲੇ ਹੁੰਦੇ ਹਨ। ਹਰ ਧਰਮ ਦੇ ਧਰਮ ਗ੍ਰੰਥਾਂ ਦੀ ਉੱਚਤਾ ਨੂੰ ਸਮਾਪਤ ਕਰਨਾ ਜ਼ਰੂਰੀ ਹੈ। ਔਰਤ ਮਰਦ ਦਾ ਰਿਸ਼ਤਾ ਦੋਸਤਾਂ ਵਰਗਾ ਹੋਣਾ ਚਾਹੀਦਾ ਹੈ।

ਡਾ. ਅੰਬੇਡਕਰ ਭਗਤੀ ਤੇ ਵਿਅਕਤੀ/ਨਾਇਕ ਪੂਜਾ ਨੂੰ ਇਕ ਸਮਾਨ ਸਮਝਦੇ ਹੋਏ ਰਾਜਨੀਤੀ ਵਿਚ ਇਸਦਾ ਵਿਰੋਧ ਕਰਦੇ ਹਨ। ਉਨ੍ਹਾਂ ਅਨੁਸਾਰ ਧਰਮ ਵਿਚ ਭਗਤੀ ਸ਼ਾਇਦ ਆਤਮਾ ਨੂੰ ਮੁਕਤੀ ਦਿੰਦੀ ਹੋਵੇ ਪ੍ਰੰਤੂ ਰਾਜਨੀਤੀ ਵਿਚ ਨਾਇਕ ਪੂਜਾ ਡਿਕਟੇਟਰਸ਼ਿਪ ਵੱਲ ਜਾਂਦਾ ਰਾਹ ਹੈ। ਇਸੇ ਲਈ ਉਹ ਤਰਕਵਾਦੀ ਹੋਣ ਕਾਰਨ ਆਪਣੇ ਆਪ ਨੂੰ ਮੂਰਤੀਭੰਜਕ ਕਹਿੰਦੇ ਹਨ। ਮਹਾਤਮਾ ਗਾਂਧੀ ਨਾਲ ਡਾ. ਅੰਬੇਡਕਰ ਦੇ ਸੰਵਾਦ ਨੂੰ ਵੀ ਇਸੇ ਦ੍ਰਿਸ਼ਟੀ ਤੋਂ ਵਿਚਾਰ ਕਰਨਾ ਬਣਦਾ ਹੈ। ਉਹ ਮਹਾਤਮਾ ਗਾਂਧੀ ਦੇ ਵਿਚਾਰਾਂ ਪਿੱਛੇ ਉਨ੍ਹਾਂ ਦੀ ਮਨਸ਼ਾ ਦਾ, ਵਿਸ਼ੇਸ਼ ਤੌਰ 'ਤੇ ਦਲਿਤਾਂ ਨੂੰ ਅਧੀਨ ਰੱਖਣ ਦੀ ਮਾਨਸਿਕਤਾ ਨੂੰ ਬੇਕਿਰਕ ਹੋ ਕੇ ਉਜਾਗਰ ਕਰਦੇ ਹਨ। ਮਹਾਤਮਾ ਗਾਂਧੀ ਦੇ ਮਰਨ ਵਰਤ ਅੱਗੇ ਝੁਕ ਕੇ ਡਾ. ਅੰਬੇਡਕਰ ਨੂੰ ਸਮਝੌਤਾ ਵੀ ਕਰਨਾ ਪੈਂਦਾ ਹੈ। ਪਰ ਉਹ ਬੌਧਿਕ ਸੁਤੰਤਰਤਾ ਤੇ ਤਰਕ ਦਾ ਪੱਲਾ ਨਹੀਂ ਛੱਡਦੇ।

ਡਾ. ਅੰਬੇਡਕਰ ਅਨੁਸਾਰ ਬੌਧਿਕ ਆਜ਼ਾਦੀ ਹੀ ਅਸਲ ਆਜ਼ਾਦੀ ਹੈ। ਵਿਅਕਤੀ ਜੋ ਜ਼ੰਜੀਰਾਂ ਵਿਚ ਜਕੜਿਆ ਨਾ ਵੀ ਹੋਵੇ ਜੇ ਉਸਦਾ ਮਨ ਆਜ਼ਾਦ ਨਹੀਂ ਹੈ ਤਾਂ ਉਹ ਗ਼ੁਲਾਮ ਹੈ ਆਜ਼ਾਦ ਨਹੀਂ। ਵਿਅਕਤੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਨਾ ਵੀ ਹੋਵੇ ਪਰ ਜੇ ਉਸਦਾ ਮਨ ਆਜ਼ਾਦ ਨਹੀਂ ਤਾਂ ਉਸਨੂੰ ਆਜ਼ਾਦ ਨਹੀਂ ਕਿਹਾ ਜਾ ਸਕਦਾ। ਜਿਸ ਆਦਮੀ ਦਾ ਮਨ ਆਜ਼ਾਦ ਨਹੀਂ ਭਾਵੇਂ ਉਹ ਜਿਉਂ ਰਿਹਾ ਹੋਵੇ ਪਰ ਉਹ ਮਰਿਆਂ ਸਮਾਨ ਹੈ। ਮਨ ਦੀ ਸੁਤੰਤਰਤਾ ਮਨੁੱਖੀਂ ਹੋਂਦ ਦਾ ਪ੍ਰਮਾਣ ਹੈ। ਡਾ. ਅੰਬੇਡਕਰ ਨੇ ਇਕ ਹੋਰ ਸਵਾਲ ਉਠਾਇਆ ਹੈ ਕਿ ਆਜ਼ਾਦੀ ਦੀ ਲੋੜ ਕਿਉਂ ਹੈ? ਜਵਾਬ ਵਿਚ ਉਹ ਦੱਸਦੇ ਹਨ ਕਿ ਸਮਾਜਿਕ ਸਿਸਟਮ ਨੂੰ ਸੁਧਾਰਨ ਲਈ ਸਾਨੂੰ ਇਸਦੀ ਬੇਹੱਦ ਲੋੜ ਹੈ ਕਿਉਂਕਿ ਇਸ ਵਿਚ ਅਸਮਾਨਤਾਵਾਂ ਦੇ ਅੰਬਾਰ ਹਨ, ਵਿਤਕਰੇ ਥਾਂ ਥਾਂ ਹੁੰਦੇ ਹਨ ਤੇ ਇਹ ਅਸਮਾਨਤਾਵਾਂ ਤੇ ਵਿਤਕਰੇ ਸਾਡੇ ਮੂਲ ਅਧਿਕਾਰਾਂ ਨਾਲ ਟਕਰਾਉਂਦੇ ਹਨ।

ਧਰਮ ਤੇ ਰੱਬ ਬਾਰੇ ਡਾ. ਅੰਬੇਡਕਰ ਦੇ ਵਿਚਾਰ ਬੁੱਧ ਧਰਮ ਤੋਂ ਪ੍ਰਭਾਵਿਤ ਹਨ ਤੇ ਮਾਰਕਸਵਾਦ ਦੇ ਪਦਾਰਥਵਾਦੀ ਨਜ਼ਰੀਏ ਦੇ ਨੇੜੇ ਹਨ। ਉਨ੍ਹਾਂ ਅਨੁਸਾਰ ਹਰ ਧਰਮ ਕੀਮਤੀ ਜਾਂ ਪੂਜਣਯੋਗ ਨਹੀਂ ਹੁੰਦਾ। ਧਰਮ ਨੂੰ ਜ਼ਿੰਦਗੀ ਦੇ ਤੱਥਾਂ ਨਾਲ ਇਕਸੁਰ ਹੋਣਾ ਚਾਹੀਦਾ ਹੈ ਨਾ ਕਿ ਰੱਬ ਤੇ ਆਤਮਾ, ਸਵਰਗਾਂ ਦੇ ਸਿਧਾਂਤਾਂ ਜਾਂ ਕਲਪਨਾਵਾਂ ਅਨੁਸਾਰ ਹੋਣਾ ਜ਼ਰੂਰੀ ਹੈ। ਧਰਮ ਨੂੰ ਰੱਬ ਕੇਂਦ੍ਰਿਤ ਬਣਾਉਣਾ ਮਾੜਾ ਰੁਝਾਨ ਹੈ। ਇਸੇ ਤਰ੍ਹਾਂ ਮੁਕਤੀ ਤੇ ਆਤਮਾ ਨੂੰ ਕੇਂਦਰ ਵਿਚ ਲਿਆਉਣਾ ਵੀ ਗ਼ਲਤ ਹੈ। ਪਸ਼ੂ ਬਲੀ ਨੂੰ ਧਰਮ ਦੇ ਕੇਂਦਰ ਵਿਚ ਨਹੀਂ ਆਉਣਾ ਚਾਹੀਦਾ। ਅਸਲੀ ਧਰਮ ਮਨੁੱਖ ਦੇ ਦਿਲ ਵਿਚ ਹੁੰਦਾ ਹੈ ਸ਼ਾਸ਼ਤਰਾਂ ਵਿਚ ਨਹੀਂ। ਧਰਮ ਦੇ ਕੇਂਦਰ ਵਿਚ ਮਨੁੱਖ ਤੇ ਸਦਾਚਾਰ ਰਹਿਣੇ ਚਾਹੀਦੇ ਹਨ। ਜੇ ਅਜਿਹਾ ਨਹੀਂ ਹੁੰਦਾ ਤਾਂ ਧਰਮ ਜ਼ੁਲਮੀ ਅੰਧਵਿਸ਼ਵਾਸ਼ ਹੈ। ਧਰਮ ਦਾ ਕਾਰਜ ਦੁਨੀਆਂ ਦੀ ਸਿਰਜਣਾ ਕਰਨਾ ਹੈ ਅਤੇ ਇਸਨੂੰ ਖੁਸ਼ਹਾਲ ਬਣਾਉਣਾ ਹੈ ਨਾ ਕਿ ਇਸ ਦੇ ਆਦਿ ਅੰਤ ਦੀ ਵਿਆਖਿਆ ਕਰਨਾ ਹੈ। ਹਿੱਤਾਂ ਦੇ ਟਕਰਾਅ ਕਾਰਨ ਦੁਨੀਆਂ ਵਿਚ ਦੁੱਖ/ਨਾਖੁਸ਼ੀਆਂ ਹਨ ਇਨ੍ਹਾਂ ਟਕਰਾਵਾਂ ਨੂੰ ਬੁੱਧ ਧਰਮ ਦੇ ਅਸ਼ਟਾਂਗ ਮਾਰਗ 'ਤੇ ਚਲ ਕੇ ਹੀ ਦੂਰ ਕੀਤਾ ਜਾ ਸਕਦਾ ਹੈ। ਨਿੱਜੀ ਜਾਇਦਾਦ ਕਿਸੇ ਇਕ ਜਮਾਤ ਨੂੰ ਸ਼ਕਤੀਸ਼ਾਲੀ ਬਣਾਉਂਦੀ ਹੈ ਤੇ ਦੂਸਰੀ ਜਮਾਤ ਲਈ ਦੁੱਖ ਲੈ ਕੇ ਆਉਂਦੀ ਹੈ। ਧਰਮ ਬਾਰੇ ਇਹ ਵਿਚਾਰ "ਬੁੱਧ ਜਾਂ ਕਾਰਲ ਮਾਰਕਸ" ਪੁਸਤਕ ਵਿਚ ਪ੍ਰਗਟਾਏ ਗਏ ਹਨ ਜਿਨ੍ਹਾਂ ਵਿਚ ਕਈ ਮਾਰਕਸਵਾਦੀ ਵਿਚਾਰਾਂ ਦੇ ਬੜੇ ਨੇੜੇ ਹਨ। ਇਨ੍ਹਾਂ ਦਾ ਡੂੰਘਾਈ ਵਿਚ ਜਾ ਕੇ ਅਧਿਐਨ ਕਰਨ ਦੀ ਲੋੜ ਹੈ। ਡਾ. ਅੰਬੇਡਕਰ ਦਲਿਤਾਂ ਲਈ ਰੱਬ ਨੂੰ ਮੰਨਣ ਦੇ ਬੜੇ ਭੈੜੇ ਸਿੱਟੇ ਨਿਕਲ਼ਦੇ ਦੇਖਦੇ ਹਨ। ਪੀੜ੍ਹੀਆਂ ਦੀਆਂ ਪੀੜ੍ਹੀਆਂ ਨੇ ਰੱਬ ਦੇ ਦਰ 'ਤੇ ਮੱਥੇ ਰਗੜ ਰਗੜ ਕੇ ਆਪਣੇ ਆਪ ਨੂੰ ਤਬਾਹ ਕੀਤਾ ਹੈ ਪਰ ਰੱਬ ਨੇ ਉਨ੍ਹਾਂ ਉਪਰ ਤਰਸ ਨਹੀਂ ਕੀਤਾ। ਪੀੜ੍ਹੀਆਂ ਦੀਆਂ ਪੀੜ੍ਹੀਆਂ ਨੇ ਪਿੰਡਾਂ ਦਾ ਗੰਦ ਸਾਫ਼ ਕੀਤਾ ਪਰ ਰੱਬ ਨੇ ਕੀ ਕੀਤਾ? ਮਰੇ ਡੰਗਰ ਖਾਣ ਲਈ ਦਿੱਤੇ। ਰੱਬ ਨੇ ਕੋਈ ਤਰਸ ਨਹੀਂ ਕੀਤਾ। ਕੀ ਤੁਸੀਂ ਇਸ ਰੱਬ ਦੀ ਪੂਜਾ ਨਹੀਂ ਕਰਦੇ? ਇਹ ਦਲਿਤਾਂ ਦੀ ਸਰਾਸਰ ਅਗਿਆਨਤਾ ਹੈ। ਅਸਲ ਵਿਚ ਸਮਾਜ ਨੇ ਤੇ ਮਨੂੰਵਾਦ ਨੇ ਸੂਦਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵੰਚਿਤ ਕਰਨ ਲਈ ਪੂਰਾ ਜਾਲ਼ ਵਿਛਾਇਆ ਹੋਇਆ ਹੈ। ਇਹ ਅਧਿਕਾਰ ਕਦੇ ਵੀ ਰੱਬ ਮੂਹਰੇ ਤਰਲਿਆਂ ਜਾਂ ਜ਼ਾਲਮਾਂ ਨੂੰ ਉਨ੍ਹਾਂ ਦੀਆਂ ਜ਼ਮੀਰਾਂ ਦਾ ਵਾਸਤਾ ਪਾਉਣ ਨਾਲ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਇਸ ਲਈ ਸੰਘਰਸ਼ ਤੇ ਸਿਰਫ਼ ਸੰਘਰਸ਼ ਹੀ ਇਕ ਰਸਤਾ ਹੈ। ਲੋੜ ਸ਼ੇਰ ਬਣਨ ਦੀ ਹੈ। ਬਲ਼ੀ ਬੱਕਰੇ ਦੀ ਦਿੱਤੀ ਜਾਂਦੀ ਹੈ ਸ਼ੇਰ ਦੀ ਨਹੀਂ।

ਡਾ. ਅੰਬੇਡਕਰ ਜਦੋਂ ਮਨ ਤੇ ਸਰੀਰ ਦੇ ਰਿਸ਼ਤਿਆਂ ਦੀ ਵਿਆਖਿਆ ਕਰਦੇ ਹਨ ਤਾਂ ਉਹ ਵਿਰੋਧ ਵਿਕਾਸੀ ਪਦਾਰਥਵਾਦੀ ਵਿਖਾਈ ਦਿੰਦੇ ਹਨ। ਉਨ੍ਹਾਂ ਦਾ ਸਵਾਲ ਹੈ ਮਨੁੱਖੀ ਸਰੀਰ ਬਿਮਾਰ ਕਿਉਂ ਹੁੰਦਾ ਹੈ? ਕਾਰਣ? ਜਦੋਂ ਤੱਕ ਮਨੁੱਖੀ ਸਰੀਰ ਦੁੱਖਾਂ/ਬਿਮਾਰੀਆਂ ਤੋਂ ਨਿਜਾਤ ਨਹੀਂ ਪਾਉਂਦਾ ਤਾਂ ਮਨ ਖੁਸ਼ ਹੋ ਹੀ ਨਹੀਂ ਸਕਦਾ। ਜੇ ਮਨੁੱਖ ਵਿਚ ਉਤਸ਼ਾਹ ਹੀ ਨਹੀਂ ਤਾਂ ਸਮਝੋ ਉਸਦਾ ਸਰੀਰ ਜਾਂ ਮਨ ਬਿਮਾਰ ਹੈ। ਮਨੁੱਖ ਵਿਚ ਉਤਸ਼ਾਹ ਕਿੱਥੋਂ ਆਉਂਦਾ ਹੈ? ਉਤਸ਼ਾਹ ਨਹੀਂ ਹੋਵੇਗਾ ਤਾਂ ਜ਼ਿੰਦਗੀ ਨਰਕ ਬਣ ਜਾਵੇਗੀ ਕੇਵਲ ਭਾਰ ਜਿਸਨੂੰ ਢੋਣਾ ਪੈ ਰਿਹਾ ਹੈ। ਉਤਸ਼ਾਹ ਬਗ਼ੈਰ ਕੋਈ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਮਨੁੱਖ ਵਿਚ ਉਤਸ਼ਾਹ ਦੀ ਘਾਟ ਹੋਣ ਦਾ ਕਾਰਨ ਹੈ ਕਿ ਉਸਨੂੰ ਕੋਈ ਮੌਕਾ ਪ੍ਰਾਪਤ ਹੋਣ ਤੇ ਉੱਪਰ ਉੱਠਣ ਦੀ ਕੋਈ ਆਸ ਨਹੀਂ ਰਹਿੰਦੀ। ਬੇਆਸ ਹੋਣਾ ਉਤਸ਼ਾਹ ਨੂੰ ਮਾਰ ਦਿੰਦਾ ਹੈ। ਮਨ ਅਜਿਹੀ ਸਥਿਤੀ ਵਿਚ ਬਿਮਾਰ ਹੋ ਜਾਂਦਾ ਹੈ। ਉਤਸ਼ਾਹ ਕਦੋਂ ਆਉਂਦਾ ਹੈ?

ਜਦੋਂ ਮਨੁੱਖ ਅਜਿਹੇ ਧੁਲੇ ਵਾਤਾਵਰਣ ਵਿਚ ਸਾਹ ਲੈਂਦਾ ਹੈ ਕਿ ਉਸਨੂੰ ਆਪਣੇ ਕੀਤੇ ਕੰਮ ਦਾ ਸਹੀ ਮੁਆਵਜ਼ਾ/ਇਨਾਮ ਮਿਲਣਾ ਤੈਅ ਹੋਵੇ। ਸਿਰਫ਼ ਇਸੇ ਸੂਰਤ ਵਿਚ ਹੀ ਮਨੁੱਖ ਵਿਚ ਉਤਸ਼ਾਹ ਤੇ ਪ੍ਰੇਰਣਾ ਦੀ ਅਮੀਰੀ ਆਉਂਦੀ ਹੈ। ਅਜੋਕੇ ਬੇਆਸ ਵਾਤਾਵਰਨ ਨੂੰ ਸਮਝਣ ਲਈ ਡਾ. ਅੰਬੇਡਕਰ ਦੇ ਇਹ ਵਿਚਾਰ ਬੜੇ ਮਹੱਤਵਪੂਰਣ ਹਨ।

ਅੱਜ ਜਦ ਕਿ ਭਾਰਤੀ ਸੰਵਿਧਾਨ ਨਾਲ ਛੇੜਛਾੜ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ 26 ਜਨਵਰੀ 1950 ਨੂੰ ਦਿੱਤੇ ਡਾ. ਅੰਬੇਡਕਰ ਦੇ ਭਾਸ਼ਨ ਦੇ ਕੁੱਝ ਅੰਸ਼ਾਂ ਉਪਰ ਨਜ਼ਰ ਮਾਰ ਲੈਣੀ ਜ਼ਰੂਰੀ ਹੋ ਜਾਂਦੀ ਹੈ। ਉਨ੍ਹਾਂ ਨੇ ਰਾਜਨੀਤਕ, ਸਮਾਜਿਕ ਤੇ ਆਰਥਿਕ ਜੀਵਨ ਦੀਆਂ ਵਿਰੋਧਤਾਈਆਂ ਨੂੰ ਕੇਂਦਰ ਵਿਚ ਰੱਖਦਿਆਂ ਕਿਹਾ ਸੀ ਕਿ ਰਾਜਨੀਤਕ ਪੱਧਰ 'ਤੇ ਸੰਵਿਧਾਨ ਅਨੁਸਾਰ ਅਸੀਂ ਬਰਾਬਰ ਹਾਂ ਜਦ ਕਿ ਸਮਾਜਿਕ ਅਤੇ ਆਰਥਿਕ ਪੱਧਰ 'ਤੇ ਨਾਬਰਾਬਰੀ ਜਿਓਂ ਦੀ ਤਿਓਂ ਹੈ। ਰਾਜਨੀਤੀ ਵਿਚ ਅਸੀਂ ਇਕ ਵਿਅਕਤੀ ਇਕ ਵੋਟ ਦੇ ਸਿਧਾਂਤ ਨੂੰ ਸਵੀਕਾਰ ਕੀਤਾ ਹੈ। ਭਾਵ ਇਕ ਵੋਟ ਦੀ ਇਕ ਕੀਮਤ ਪਰ ਸਮਾਜਿਕ ਤੇ ਆਰਥਿਕ ਜੀਵਨ ਵਿਚ ਸਮਾਜਿਕ ਸਟਰਕਚਰ ਅਨੁਸਾਰ ਇਕ ਆਦਮੀ ਦੀ ਇਕੋ ਜਿੰਨੀ ਕੀਮਤ ਤੋਂ ਅਸੀਂ ਇਨਕਾਰੀ ਹਾਂ। ਇਹ ਅੰਤਰ-ਵਿਰੋਧ ਕਦੋਂ ਤੱਕ ਰਹਿਣਗੇ? ਸਮਾਜਿਕ ਅਤੇ ਆਰਥਿਕ ਜੀਵਨ ਵਿਚ ਬਰਾਬਰੀ ਤੋਂ ਕਦੋਂ ਤੱਕ ਇਨਕਾਰ ਕਰਾਂਗੇ? ਜੇ ਅਸੀਂ ਇਸ ਵਿਰੋਧ ਨੂੰ ਜਾਰੀ ਰੱਖਦੇ ਹਾਂ ਤਾਂ ਅਸੀਂ ਆਪਣੀ ਡੈਮੋਕਰੇਸੀ ਨੂੰ ਤਬਾਹ ਕਰਾਂਗੇ। ਇਸ ਅੰਤਰ ਵਿਰੋਧ ਨੂੰ ਜਿੰਨੀ ਜਲਦੀ ਹੱਲ ਕਰਾਂਗੇ ਓਨਾ ਹੀ ਚੰਗਾ ਹੋਵੇਗਾ ਨਹੀਂ ਤਾਂ ਜੋ ਨਾਬਰਾਬਰੀ ਭੋਗਦੇ ਹਨ ਉਹ ਰਾਜਨੀਤਕ ਸੰਰਚਨਾ ਨੂੰ ਉਡਾ ਦੇਣਗੇ, ਜਿਸਨੂੰ ਪਾਰਲੀਮੈਂਟ ਨੇ ਏਨੀ ਮਿਹਨਤ ਨਾਲ ਬਣਾਇਆ ਹੈ।

ਅੰਬੇਡਕਰ ਦੇ ਇਨ੍ਹਾਂ ਵਿਚਾਰਾਂ ਨੂੰ ਅੱਗੇ ਤੋਰੀਏ ਤਾਂ ਇਹ ਵਿਰੋਧਤਾਈਆਂ ਹੱਲ ਨਹੀਂ ਹੋਈਆਂ ਸਗੋਂ ਵੱਧ ਰਹੇ ਆਰਥਿਕ ਪਾੜੇ ਵਿਚ ਬਿਲਕੁਲ ਅਮੀਰ ਪੱਖੀ ਹੋ ਕੇ ਸੰਵਿਧਾਨ ਨੂੰ ਨਵੇਂ ਖਤਰੇ ਪੈਦਾ ਹੋ ਗਏ ਹਨ, ਜਿਸ ਵਿਚ ਅੰਧਰਾਸ਼ਟਰਵਾਦ ਆਪਣਾ ਰੰਗ ਵਿਖਾ ਰਿਹਾ ਹੈ।

ਡਾ. ਅੰਬੇਡਕਰ ਦੀਆਂ ਲਿਖਤਾਂ ਦੀਆਂ ਚਾਲੀ ਤੋਂ ਉਪਰ ਜਿਲਦਾਂ ਮਿਲ਼ਦੀਆਂ ਹਨ। ਉਨ੍ਹਾਂ ਸਭ ਦਾ ਮੁਲਾਂਕਣ ਕਰਨਾ ਬੜਾ ਵੱਡਾ ਕਾਰਜ ਹੈ। ਅਸੀਂ ਇੱਥੇ ਉਨ੍ਹਾਂ ਦੇ ਕੁੱਝ ਵਿਚਾਰਾਂ ਨੂੰ ਕੇਂਦਰ ਵਿਚ ਰੱਖ ਕੇ ਉਨ੍ਹਾਂ ਦੇ ਜਨਮ ਦਿਨ 'ਤੇ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ। ਉਨ੍ਹਾਂ ਦੀ ਇਹ ਉਕਤੀ ਆਮ ਵਰਤੀ ਜਾਂਦੀ ਹੈ ਕਿ "ਪੜ੍ਹੋ, ਸੰਗਠਿਤ ਹੋਵੋ ਅਤੇ ਸੰਘਰਸ਼ ਕਰੋ।" ਪਹਿਲਾਂ ਇਸਦੇ ਅਰਥ ਦਲਿਤਾਂ ਨੂੰ ਹੀ ਸੰਬੋਧਿਤ ਸਨ, ਪਰ ਹੁਣ ਸੰਕਟ ਏਨਾ ਗੰਭੀਰ ਹੈ ਕਿ ਇਸ ਕਥਨ ਨੂੰ ਵਿਸਤਾਰ ਕੇ ਖੱਬੀਆਂ ਧਿਰਾਂ ਅਤੇ ਦਲਿਤ ਧਿਰਾਂ ਦੀ ਏਕਤਾ ਤੋਂ ਵੀ ਅਗਾਂਹ ਘੱਟ ਗਿਣਤੀਆਂ ਅਤੇ ਐਸ.ਟੀ.; ਬੀ.ਸੀ ਏਕਤਾ ਤੱਕ ਵਿਸਤਾਰ ਦੇਣ ਦੀ ਲੋੜ ਹੈ। ਖੱਬੀਆਂ ਧਿਰਾਂ ਤੇ ਦਲਿਤ ਚਿੰਤਕ ਵੀ ਇਸ ਉਪਰ ਬਲ ਦੇ ਰਹੇ ਹਨ। ਜਿੱਥੇ ਆਰ.ਐਮ.ਪੀ.ਆਈ. ਨੇ ਆਪਣੇ ਸੰਵਿਧਾਨ ਵਿਚ ਅਜਿਹੀ ਸਮਾਜਿਕ ਵਿਵਸਥਾ ਸਥਾਪਿਤ ਕਰਨ ਦਾ ਅਹਿਦ ਕੀਤਾ ਹੈ ਜਿਸ ਵਿਚ ਦਲਿਤ ਤੇ ਨਾਰੀ ਦੀ ਸਮਾਨਤਾ ਸੁਨਿਸ਼ਚਿਤ ਹੋਵੇ ਉੱਥੇ ਦਲਿਤ ਲਹਿਰ ਦੇ ਸੰਸਥਾਪਕਾਂ ਨੇ ਵੀ ਦਲਿਤਾਂ ਤੇ ਖੱਬੀ ਏਕਤਾ ਉਪਰ ਬਲ ਦਿੱਤਾ ਹੈ। ਸ਼ਰਨ ਕੁਮਾਰ ਲਿੰਬਾਲੇ ਗੁਪਾਲ ਪ੍ਰਧਾਨ ਨੂੰ ਦਿੱਤੀ ਇੰਟਰਵਿਊ ਵਿਚ ਸਪੱਸ਼ਟ ਕਰਦਾ ਹੈ ਕਿ "ਦੱਬੇ ਕੁੱਚਲੇ ਲੋਕਾਂ ਦੇ ਆਰਥਿਕ ਸਵਾਲਾਂ ਨੂੰ ਲੈ ਕੇ ਹੀ ਅੱਗੇ ਵਧਿਆ ਜਾ ਸਕਦਾ ਹੈ। ਆਰਥਿਕ ਲੁੱਟ ਨੂੰ ਛੱਡ ਕੇ ਕੇਵਲ ਸਮਾਜਿਕ ਪ੍ਰਸ਼ਨਾਂ ਨੂੰ ਤਰਜੀਹ ਦੇਣ ਕਾਰਨ ਅੰਦੋਲਨ ਵਿਚ ਖੜੋਤ ਆ ਗਈ ਹੈ। ਅਜਿਹੀ ਸਥਿਤੀ ਵਿਚ ਕਮਿਊਨਿਸਟਾਂ ਨਾਲ ਸਹਿਯੋਗ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੈ। ਮੇਰਾ ਤਾਂ ਮੰਨਣਾ ਹੈ ਕਿ ਹਰ ਸ਼ੋਸ਼ਿਤ ਹੋਏ ਵਿਅਕਤੀ ਨੂੰ ਅੰਬੇਡਕਰ ਪੜ੍ਹਨਾ ਚਾਹੀਦਾ ਹੈ ਅਤੇ ਹਰ ਦਲਿਤ ਨੂੰ ਮਾਰਕਸ ਪੜ੍ਹਨਾ ਚਾਹੀਦਾ ਹੈ। ਇਸ ਤਰ੍ਹਾਂ ਮਿਲ ਕੇ ਇਹ ਲੜਾਈ ਅੱਗੇ ਵੱਧ ਸਕਦੀ ਹੈ।" ਹੁਣ ਲੋੜ ਹੈ ਇਨ੍ਹਾਂ ਵਿਚਾਰਾਂ ਨੂੰ ਅਮਲੀ ਰੂਪ ਦੇਣ ਦੀ।

# ਕਬੱਡੀ, ਕੁਸ਼ਤੀ, ਬਾਕਸਿੰਗ ਤੇ ਰੱਸਾ-ਕਸੀ--ਸ਼ੰਕਰੀਆ ਸ਼ੇਰ ਪਾਲਾ



ਇਕਬਾਲ ਸਿੰਘ ਜੱਬੋਵਾਲੀਆ

ਦੋਆਬੇ ਦੇ ਪ੍ਰਸਿੱਧ ਪਿੰਡ ਸ਼ੰਕਰ ਨੇ ਬਾਹੂਬਲੀ ਪਹਿਲਵਾਨ ਤੇ ਮਾਂ-ਖੇਡ ਕਬੱਡੀ ਦੇ ਧੱਕੜ ਖਿਡਾਰੀ ਸਾਡੀ ਝੋਲੀ ਪਾਏ ਨੇ। ਪਹਿਲਵਾਨੀ ਦੀ ਗੱਲ ਚਲਦੇ ਹੀ ਗੁਰਦਾਵਰ, ਧਿਆਨਾ (ਪਾਲੇ ਦਾ ਪਿਤਾ ਜੀ) ਸਰਬਣ ਢਾਡੀਂ, ਧੰਨੋਂ, ਮੋਹਣ ਸਿੰਘ ਪੁਰੇਵਾਲ, ਥੰਮਣ ਸਿੰਘ, ਨਿਰੰਜਨ ਸਿੰਘ , ਚੈਨ ਸਿੰਘ ਅਤੇ ਅਜੈਬ ਸਿੰਘ ਦਾ ਜ਼ਿਕਰ ਆਉਂਦੈ। ਕਬੱਡੀ ਵਿੱਚ ਪਾਲਾ, ਘੁੱਗਾ, ਗੁਰਦਿਆਲ, ਜੈਸੀ , ਲੱਖੀ , ਬੁੱਧੂ, ਅਜੈਬ , ਦੇਬਾ, ਅਮਰਜੀਤ ਅਤੇ ਜਸਵੀਰ ਵਰਗਿਆਂ ਦੇ ਨਾਂ ਮਾਣ ਨਾਲ ਲਏ ਜਾਂਦੇ ਨੇ। ਅੱਜ ਗੱਲ ਕਰਦੇ ਹਾਂ ਪਾਲੇ ਦੀ। ਪਾਲੇ ਦੀ ਖੇਡਾਂ ਦੀ ਚਰਚਾ ਛਿੜਦੇ ਹੀ ਉਹਦਾ ਸੁਨਿਹਰੀ-ਇਤਿਹਾਸ ਅੱਖਾਂ ਅੱਗੇ ਆ ਜਾਂਦੈ। ਉਹਨੇ ਪਹਿਲਵਾਨੀ, ਕਬੱਡੀ, ਬਾਕਸਿੰਗ ਤੇ ਰੱਸਾ-ਕਸੀ (ਟਾਗੋ-ਬਾਰ) ਵਿੱਚ ਵੱਡੀਆਂ ਮੱਲਾਂ ਮਾਰ ਕੇ ਨਾਂ ਦੀ ਛਾਪ ਛੱਡੀ। ਰੱਸਾ-ਕਸੀ ਵਿੱਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਕੀਤੀ ਤੇ ਟੋਕੀਓ, ਜਪਾਨ, ਸਾਊਥ-ਕੋਰੀਆ, ਸਿੰਘਾਪੁਰ, ਮਲੇਸ਼ੀਆ ਮੁਲਕਾਂ ਦੀਆਂ ਟੀਮਾਂ ਨਾਲ ਮੁਕਾਬਲੇ ਲੜੇ ਤੇ ਭਾਰਤ ਨੂੰ ਮਾਣ ਬਖਸ਼ਿਆ।

12 ਅਕਤੂਬਰ 1952 ਨੂੰ ਸ਼ੰਕਰ ਜਨਮੇ ਪਾਲੇ ਨੇ ਪਹਿਲੀ ਤੋਂ ਨੌਵੀਂ ਤੱਕ ਪਿੰਡੋਂ ਕੀਤੀ। ਦਸਵੀਂ ਲਈ ਸਪੋਰਟਸ ਸਕੂਲ ਜਲੰਧਰ ਜਾ ਦਾਖਲ ਹੋਇਆ ਤੇ ਪ੍ਰਸਿੱਧ ਕਬੱਡੀ ਕੋਚ ਅਜੀਤ ਸਿੰਘ ਮਾਲੜੀ ਦੀ ਸ਼ਰਨ ਜਾ ਪਹੁੰਚਾ। ਕਬੱਡੀ ਤੇ ਪਹਿਲਵਾਨੀ 'ਚ ਸ਼ੌਕ ਹੋਣ ਕਰਕੇ ਪਾਲੇ ਨੇ ਮਾਲੜੀ ਸਾਹਿਬ ਦੀ ਛੱਤਰ-ਛਾਇਆ ਹੇਠ ਕੁਸ਼ਤੀਆਂ ਸ਼ੁਰੂ ਕਰ ਦਿਤੀਆਂ। ਦੂਜਾ ਕਾਰਨ ਇਹ ਸੀ ਕਿ ਪਿਤਾ ਵੀ ਚਾਹੁੰਦਾ ਸੀ ਕਿ ਪਾਲਾ ਪਹਿਲਵਾਨ ਬਣੇ। ਤਿੰਨਾਂ ਪੁਸ਼ਤਾਂ ਦਾ ਪਹਿਲਵਾਨ ਪਾਲਾ।ਬਾਬਾ ਜੀ ਹੁਣੀਂ ਦੋ ਭਰਾ ਸਨ। ਪੂਰਨ ਸਿੰਘ ਤੇ ਨਿਰੰਜਨ ਸਿੰਘ। ਪਾਲੇ ਦਾ ਬਾਬਾ ਪੂਰਨ ਸਿੰਘ ਵੀ ਤਕੜਾ ਭਲਵਾਨ ਰਿਹੈ। ਉਹ ਫ਼ਿਜ਼ੀ ਤੇ ਹੋਰ ਮੁੱਲਕਾਂ 'ਚ ਘੁੱਲਣ ਜਾਂਦਾ ਰਿਹੈ। ਇੰਗਲੈਂਡ ਦੇ ਕਿਸੇ ਸਪੋਰਟਸ ਕਲੱਬ ਵਿੱਚ ਬਾਬਾ ਜੀ ਦੀ ਫ਼ੋਟੋ ਲੱਗੀ ਹੁੰਦੀ ਸੀ। ਚਾਚੇ ਨਿਰੰਜਨ ਸਿੰਘ ਦਾ ਬੇਟਾ ਡਾ. ਸੰਤੋਖ ਸਿੰਘ ਤੱਖਰ ਪੱਕੇ ਤੌਰ 'ਤੇ ਪਰਿਵਾਰ ਸਮੇਤ ਅੱਜਕੱਲ੍ਹ ਕੈਲੇਫ਼ੋਰਨੀਆਂ ਰਹਿ ਰਿਹੈ। ਸੰਨ '69 'ਚ ਪਾਲੇ ਨੇ ਸਪੋਰਟਸ ਸਕੂਲੇ ਕੁਸ਼ਤੀਆਂ ਸ਼ੁਰੂ ਕੀਤੀਆਂ। ਪਹਿਲੇ ਸਾਲ ਹੀ ਪੰਜਾਬ ਸਕੂਲ ਯੂਨੀਵਰਸਿਟੀ ਮੁਕਾਬਲਿਆਂ 'ਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਿਤਾਰੇ ਵਾਂਗ ਚਮਕਣ ਲੱਗਾ। ਓਪਨ ਵੇਟ ਵਿੱਚ ਅੰਬਰਸੀਆ ਬਿੱਲਾ ਪਹਿਲੇ ਨੰਬਰ 'ਤੇ ਸੀ। ਉਸੇ ਸਾਲ ਹੀ ਦਿੱਲੀ ਦੇ ਨੈਸ਼ਨਲ ਮੁਕਾਬਲੇ ਵਿੱਚ ਪਾਲਾ, ਵਿਜੇ ਕੁਮਾਰ ਬਿੱਲਾ, ਪ੍ਰਮਜੀਤ ਪਟਿਆਲਾ ਤੇ ਕਪੂਰਥਲੀਏ ਪਾਲੇ ਪਹਿਲਵਾਨਾਂ ਨੇ ਹਿੱਸਾ ਲਿਆ। ਮੁਕਾਬਲੇ 'ਚ ਪਾਲੇ ਨੇ ਦਿੱਲੀ ਦੇ ਜਗਨ ਨਾਥ ਪਹਿਲਵਾਨ ਨੂੰ ਹਰਾ ਕੇ ਪਹਿਲੀ ਪੁਜ਼ੀਸ਼ਨ ਲਈ।

ਪੰਜਾਬ ਦੀਆਂ ਪੰਚਾਇਤੀ ਰਾਜ ਖੇਡਾਂ 'ਚ ਚਾਰ ਸਾਲ ਮੁਕਾਬਲੇ ਲੜੇ ਤੇ ਪ੍ਰਥਮ ਰਹਿ ਕੇ ਗੋਲਡ ਮੈਡਲ ਜਿਤੇ। ਸੰਨ 70 'ਚ ਤਲਵੰਡੀ ਸਾਬੋ, 71 'ਚ ਕਰਿਆਮ (ਨਜ਼ਦੀਕ ਨਵਾਂ ਸ਼ਹਿਰ), 72 'ਚ ਨੂਰਪੁਰ ਬੇਦੀ, 83 'ਚ ਫਿਰ ਤਲਵੰਡੀ ਸਾਬੋ ਵਿਖੇ ਪਹਿਲੇ ਸਥਾਨ ਲਏ। ਕੁਝ ਕੁਸ਼ਤੀਆਂ ਜਿੰਦਗੀ ਦੀਆਂ ਯਾਦਾਂ ਬਣੀਆਂ। ਸ਼ਰੀਂਹ (ਸ਼ੰਕਰ) ਕੁਸ਼ਤੀਆਂ 'ਚ ਮੇਹਰਦੀਨ ਨੇ ਪਾਲੇ ਤੇ ਜੰਡਿਆਲੇ ਦੇ ਮੋਹਣੇ ਪਹਿਲਵਾਨ ਦੀ ਕੁਸ਼ਤੀ ਕਰਾਈ। ਬੜੇ ਜੋਰ ਨਾਲ ਪਾਲੇ ਨੇ ਮੋਹਣੇਂ ਨੂੰ ਹਰਾਇਆ। ਗੇਜੀ ਭਲਵਾਨ ਨੂੰ ਕੰਗ ਸਾਬੂ, ਦਵਿੰਦਰ ਪਟਿਆਲਾ ਨੂੰ ਪੱਦੀ ਜਾਗੀਰ ਤੇ ਹਰਭਜਨ ਸੱਘਵਾਲ ਨੂੰ ਲੱਲੀਆਂ ਛਿੰਝ 'ਚ ਪਛਾੜਿਆ।

ਅਗਲੇ ਸਾਲ ਫਿਰ ਪੰਜਾਬ ਸਕੂਲੀ ਮੁਕਾਬਲੇ ਹੁਸ਼ਿਆਰਪੁਰ ਹੋਏ। ਉਥੇ ਵੀ ਪਾਲੇ ਨੇ ਅੰਬਰਸਰ ਦੇ ਪ੍ਰਸਿੱਧ ਪਹਿਲਵਾਨ ਗੁਪਾਲੇ ਨੂੰ ਹਰਾਇਆ। ਸਕੂਲਾਂ ਦੀ ਦੂਜੀ ਆਲ ਇੰਡੀਆ ਨੈਸ਼ਨਲ ਲਖ਼ਨਊ ਮੁਕਾਬਲੇ 'ਚ ਸਿਲਵਰ ਜਿੱਤਿਆ।

71 'ਚ ਪੰਜਾਬ ਸਕੂਲ ਨੈਸ਼ਨਲ ਮੁਕਾਬਲੇ ਹੁਸ਼ਿਆਰਪੁਰ ਹੋਏ।ਪਹਿਲਵਾਨ ਕਰਤਾਰ ਸਿੰਘ ਤੇ ਕਮਲ ਵੀ ਉਥੇ ਕੁਸ਼ਤੀਆਂ ਲੜਨ ਆਏ ਹੋਏ ਸਨ।ਵੱਖੋ ਵੱਖ ਭਾਰ ਵਰਗ ਵਿੱਚ ਤਿੰਨਾਂ ਨੇ ਪਹਿਲੇ ਸਥਾਨ ਪ੍ਰਾਪਤ ਕੀਤੇ।ਕਮਲ ਨੇ 78, ਕਰਤਾਰ ਨੇ 68 ਤੇ ਪਾਲੇ ਨੇ 62 ਕਿਲੋਗ੍ਰਾਮ ਵਰਗ ਵਿੱਚ ਪਹਿਲੇ ਸਥਾਨ ਲਏ।

72 'ਚ ਅੰਬਰਸਰ ਦੀ ਗਾਂਧੀ ਗਰਾਂਊਂਡ ਵਿੱਚ ਯੂਨੀਵਰਸਿਟੀ ਟਰਾਇਲ ਹੋਏ। ਟਰਾਇਲਾਂ 'ਚ ਪਾਲੇ ਨੇ ਕਰਤਾਰ ਪਹਿਲਵਾਨ ਨੂੰ ਹਰਾਇਆ।ਮੁਕਾਬਲਿਆਂ 'ਚ ਜਾਣ ਤੋਂ ਪਹਿਲਾਂ ਅੰਬਰਸਰ ਕੈਂਪ ਲੱਗਾ। ਕੈਂਪ ਵਿੱਚ ਬਿੱਲਾ, ਕਰਤਾਰ, ਗੁਰਚਰਨ ਤੇ ਅਮਰ ਸਿੰਘ ਵੀ ਸਨ।ਪਾਲੇ ਤੇ ਕਰਤਾਰ ਦੀ ਕੁਸ਼ਤੀ ਬਰਾਬਰ ਰਹੀ। ਕਿਸੇ ਨੇ ਕੋਈ ਪੁਆਇੰਟ ਨਾ ਲਿਆ। ਉਸੇ ਸਾਲ ਹੀ ਵਰਲਡ ਯੂਨੀਵਰਸਿਟੀ ਮੁਕਾਬਲਿਆਂ ਲਈ ਟੀਮ ਆਸਟ੍ਰੇਲੀਆ ਜਾਣੀ ਸੀ। ਦੋਨਾਂ 'ਚੋਂ ਕਿਸ ਨੂੰ ਲਿਜਾਇਆ ਜਾਵੇ।ਮਸਲਾ ਖੜ੍ਹ ਗਿਆ।ਦੋਵੇਂ ਤਕੜੇ ਭਲਵਾਨ।ਉਹ ਮਸਲਾ ਫਿਰ ਪਾਲੇ ਨੇ ਹੱਲ ਕੀਤਾ। ਵਧੀਆ ਸਪੋਰਟਸਮੈਂਨ ਸ਼ਿਪ ਤੇ ਚੰਗੀ ਇਨਸਾਨੀਅਤ ਦੀ ਮਿਸਾਲ ਦਿੰਦੇ ਪਾਲੇ ਨੇ ਸਲਾਹ ਨਾਲ ਕਿਹਾ ਕਿ ਕਰਤਾਰ ਦਾ ਨੰਬਰ ਲਾ ਦੇਣ। ਆਗਰੇ ਯੂਨੀਵਰਸਿਟੀ ਦੇ 68 ਕਿਲੋ ਗ੍ਰਾਮ ਵਰਗ ਵਿੱਚ ਵੇਦ ਪਹਿਲਵਾਨ ਨੇ ਕਰਤਾਰ ਨੂੰ ਹਰਾਇਆ।

72 'ਚ ਓਪਨ ਨੈਸ਼ਨਲ ਬਨਾਰਸ ਹੋਈ। ਰਸਾਲ ਸਿੰਘ ਤੇ ਸੱਜਣ ਸਿੰਘ ਪਹਿਲਵਾਨ ਵੀ ਉਥੇ ਆਏ ਹੋਏ ਸਨ।ਪਾਲੇ ਨੇ 74 ਕਿਲੋ ਗ੍ਰਾਮ 'ਚ ਸੀਨੀਅਰ ਨੈਸ਼ਨਲ ਲੜੀ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਖਾਲਸਾ ਕਾਲਜ ਵਲੋਂ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਜਰਨੈਲ ਸੌਧੀਂ (ਭਾਰਤ ਦੇ ਪ੍ਰਸਿੱਧ ਕੋਚ ਸੌਂਧੀ ਸਾਹਿਬ ਦਾ ਛੋਟਾ ਭਰਾ) ਜੈਲਾ, ਰਾਣਾ ਅਠੌਲਾ ਤੇ ਸ਼ੰਕਰੀਏ ਜੋਗੇ ਨੇ ਹਿੱਸਾ ਲਿਆ। ਤਿੰਨਾਂ ਨੇ ਯੂਨੀਵਰਸਿਟੀ ਮੁਕਾਬਲਿਆਂ 'ਚੋਂ ਪਹਿਲੀਆਂ ਪੁਜ਼ੀਅਨਾਂ ਲਈਆਂ। ਅਠੌਲੇ ਵਾਲਾ ਰਾਣਾ ਅੱਜ ਕੱਲ੍ਹ ਅਮਰੀਕਾ ਦੇ ਸ਼ਹਿਰ ਨਿਊਜਰਸੀ ਰਹਿ ਰਿਹੈ।

ਸੰਨ 72-73 'ਚ ਪਾਲਾ ਖਾਲਸਾ ਕਾਲਜ ਜਲੰਧਰ ਚਲੇ ਗਿਆ। ਸੱਘਵਾਲ ਵਾਲੇ ਜਗੀਰ ਸਿੰਘ ਕੋਚ ਦੀ ਰਹਿਨਮਾਈ ਹੇਠ ਬਹੁਤ ਕੁਝ ਸਿਖਿਆ। ਤਿੰਨ ਸਾਲ ਯੂਨੀਵਰਸਿਟੀ ਦੇ ਮੁਕਾਬਲੇ ਲੜੇ ਤੇ ਤਿੰਨੇ ਵਾਰ ਪਹਿਲੀਆਂ ਪੁਜ਼ੀਸ਼ਨਾਂ ਲਈਆਂ ਤੇ 'ਰੋਲ ਆਫ਼ ਆਨਰ' ਦਾ ਖਿਤਾਬ ਪ੍ਰਾਪਤ ਕੀਤਾ।

ਸੰਨ 73-77 ਵਿੱਚ ਪਟਿਆਲੇ ਤੋਂ ਐਨ ਆਈ ਐਸ ਕੀਤੀ। ਐਨ ਆਈ ਐਸ ਕਰਨ ਉਪਰੰਤ ਵੀ ਉਹ ਘੁੱਲਦਾ ਰਿਹੈ। ਸ਼ੰਕਰ ਕੁਸ਼ਤੀਆਂ 'ਚ ਬੰਸੀਆਂ ਵਾਲੇ ਰੇਸ਼ਮ ਨਾਲ ਪਟਕੇ ਦੀ ਕੁਸ਼ਤੀ ਹੋਈ।ਕੁਸ਼ਤੀ ਬਰਾਬਰ ਰਹੀ ਤੇ ਦੋਨਾਂ ਨੂੰ ਬਰਾਬਰ ਦੇ ਪਟਕੇ ਦਿਤੇ ਗਏ। ਮੇਹਰਦੀਨ ਦੇ ਸ਼ਗਿਰਦ ਮਿਲਟਰੀ ਦੇ 'ਭਾਰਤ ਕੇਸਰੀ' ਕਪੂਰਥਲੀਏ ਹਰਬੰਸ ਪਹਿਲਵਾਨ ਨਾਲ ਨਕੋਦਰ ਓਪਨ ਭਾਰ ਪਟਕੇ ਦੀ ਕੁਸ਼ਤੀ ਵਿੱਚ ਦੂਜਾ ਸਥਾਨ ਲਿਆ।

ਕੁਸ਼ਤੀਆਂ ਤੋਂ ਬਾਅਦ ਪਾਲਾ ਕਬੱਡੀ ਵੱਲ੍ਹ ਨੂੰ ਹੋ ਤੁਰਿਆ। ਸ਼ੁਰੂ ਤੋਂ ਹੀ ਕਬੱਡੀ ਦਾ ਸ਼ੌਕ ਹੋਣ ਕਰਕੇ ਖਾਲਸਾ ਕਾਲਜ ਜਾ ਕੇ ਕਬੱਡੀ ਖੇਡਣ ਲੱਗਾ। ਚਾਰ ਸਾਲ ਯੂਨੀ-ਵਰਸਿਟੀ ਖੇਡੇ ਤੇ ਚਾਰੇ ਸਾਲ ਲਗਾਤਾਰ ਟੀਮ ਨੈਸ਼ਨਲ ਵਿੱਚੋਂ ਫ਼ਸਟ ਆਉਂਦੀ ਰਹੀ। ਦੂਜੇ ਪਾਸੇ ਬਲਵਿੰਦਰ ਫ਼ਿੱਡੂ, ਸ਼ਿਵਦੇਵ, ਅਮਰਜੀਤ ਵਰਗੇ ਤਕੜੇ ਖਿਡਾਰੀ ਹੁੰਦੇ। ਤਿੰਨ ਸਾਲ ਤਾਂ ਲਗਾਤਰ ਜਿੱਤਦੇ ਰਹੇ ਪਰ ਚੌਥੇ ਸਾਲ ਧੋਖੇ ਨਾਲ ਹਾਰ ਗਏ।ਪੰਜਾਬ ਵਲੋਂ ਤਿੰਨ ਨੈਸ਼ਨਲਾਂ ਜਲੰਧਰ ਖੇਡੀਆਂ। ਪਾਲੇ ਦੀ ਕਪਤਾਨੀ ਹੇਠ ਚੰਡੀਗੜ੍ਹ ਦੀ ਟੀਮ ਪੰਜਾਬ ਵਿਰੁੱਧ ਖੇਡੀ।



ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਜਬਰਦਸਤ ਮੁਕਾਬਲੇ ਵਿੱਚ ਪਹਿਲਾਂ ਮਹਾਂਰਾਸ਼ਟਰ ਤੇ ਫਿਰ ਕਰਨਾਟਕ ਨੂੰ ਹਰਾਇਆ। ਕੁਆਟਰ ਫ਼ਾਈਨਲ ਪੰਜਾਬ ਨਾਲ ਹੋਈ। ਪੰਜਾਬ, ਚੰਡੀਗੜ੍ਹ, ਮੈਸੂਰ ਤੇ ਹੈ-ਦਰਾਬਾਦ ਨੇ ਹਿੱਸਾ ਲਿਆ। ਬੇਇਨਸਾਫ਼ੀ ਹੋਣ ਕਰਕੇ ਪਾਲੇ ਹੁਣਾਂ ਦੀ ਟੀਮ ਸੈਮੀ-ਫ਼ਾਈਨਲ ਵਿੱਚੋਂ ਵਾਕ-ਆਊਟ ਕਰ ਗਈ। ਪੰਜਾਬ ਸਟਾਇਲ ਓਪਨ ਵਿੱਚੋਂ ਦੋ ਸਾਲ ਪਹਿਲੇ ਨੰਬਰ 'ਤੇ ਆਉਂਦੇ ਰਹੇ। ਕੋਟਲੀ ਥਾਨ ਸਿੰਘ ਹੋਏ ਮੈਚ ਵਿੱਚ ਪਾਲਾ, ਘੁੱਗਾ , ਚਮਕੌਰ ਤਲਵੰਡੀ ਫੱਤੂ, ਬਲਵੀਰ ਤੀਲ੍ਹੀ, ਅੰਬੀ ਸ਼ੰਕਰ, ਲੱਖੀ ਢਾਂਡੀ ਸ਼ੰਕਰ , ਧਰਮੇ ਅਤੇ ਮੋਹਣੇ ਨੇ ਗੇਮ ਦੇ ਜੌਹਰ ਵਿਖਾਏ।

ਪੰਜਾਬ ਪੰਚਾਇਤੀ ਰਾਜ ਦਸੂਹੇ ਖੇਡਾਂ 'ਚ ਜਿੱਤ ਪ੍ਰਾਪਤ ਕੀਤੀ। ਸੈਮੀਂ-ਫ਼ਾਈਨਲ ਦਾ ਪਹਿਲਾ ਮੈਚ ਹੁਸ਼ਿਆਰਪੁਰ ਨਾਲ ਸੀ।ਪਹਿਲੇ ਅੱਧ ਵਿੱਚ ਹੁਸ਼ਿਆਰਪੁਰੀਏ ਜਿੱਤਦੇ ਸਨ। ਮੀਂਹ ਪੈਣ ਕਾਰਨ ਮੈਚ ਵਿੱਚਾਲੇ ਰੋਕਣਾ ਪਿਆ। ਮੈਚ ਦੁਬਾਰਾ ਸ਼ੁਰੂ ਹੋਇਆ ਤਾਂ ਪਾਲੇ ਹੁਣੀਂ ਧੂੜਾਂ ਪੱਟ ਦਿਤੀਆਂ। ਤਿੰਨਾਂ ਨੰਬਰਾਂ ਨਾਲ ਫਿਰ ਹੁਸ਼ਿਆਰਪੁਰ ਨੂੰ ਜਿੱਤੇ। ਇਧਰੋਂ ਰੇਡਰਾਂ ਵਿੱਚ ਪਾਲਾ, ਗੁਰਦਿਆਲ ਅਤੇ ਮੋਹਣਾ ਅਤੇ ਸਟਾਪਰਾਂ ਵਿੱਚ ਘੁੱਗਾ, ਕੁਲਦੀਪ ਪੁਰੇਵਾਲ, ਲੱਖੀ ਤੇ ਅੰਬੀ।ਜਦਕਿ ਹੁਸ਼ਿਆਰਪੁਰ ਦੀ ਟੀਮ ਵਿੱਚ ਰਾਵਲ ਮਾਣਕ ਢੇਰੀ, ਕਰਨੈਲ, ਤਾਰੀ ਤੇ ਤੀਰਥੇ ਵਰਗੇ ਤਕੜੇ ਖਿਡਾਰੀ ਸਨ। ਫ਼ਾਈਨਲ ਮੈਚ ਫ਼ਰੀਦਕੋਟ ਨਾਲ ਸੀ।ਫ਼ਰੀਦਕੋਟ ਦੀ ਟੀਮ ਵਿੱਚ ਨਵਤੇਜ਼ ਤੇ ਜਗਦੇਵ ਸਟਾਪਰ। ਪਾਲੇ ਨੂੰ ਉਹ ਇਕ ਵਾਰ ਵੀ ਨਾ ਡੱਕ ਸਕੇ। ਸ਼ੰਕਰ ਖੇਡਾਂ ਦੇ ਸ਼ੋ-ਮੈਚ ਵਿੱਚ ਦਾਦੂਵਾਲ ਨੇ 9 ਅਤੇ ਪਾਲੇ ਹੁਣੀਂ 25 ਅੰਕ ਪ੍ਰਾਪਤ ਕੀਤੇ।

ਸੰਨ 74 'ਚ ਕਬੱਡੀ ਟੀਮ ਨਾਲ ਉਹ ਇੰਗਲੈਂਡ ਖੇਡਣ ਗਿਆ। ਪਾਲਾ, ਪ੍ਰੀਤਾ, ਦੇਵੀ ਦਿਆਲ, ਰਸਾਲ ਸਿੰਘ ਰਸਾਲਾ, ਸੱਤਾ ਅੰਬਰਸਰ, ਜੀਤਾ ਸਿਪਾਹੀ, ਗੁਰਦਿਆਲ ਸ਼ੰਕਰ, ਮੋਹਣਾ ਜੰਡਿਆਲਾ, ਭੱਜੀ ਖੁਰਦਪੁਰ, ਹੰਣਸਾ ਢੰਡੋਵਾਲ, ਜੱਗੀ ਉਗੀ ਚਿੱਟੀ ਰੇਡਰ ਜਦ ਕਿ ਸਟਾਪਰਾਂ ਵਿੱਚ ਘੁੱਗਾ, ਪਿੰਦਰ ਫ਼ਰੀਦਕੋਟ, ਸੁਰਜੀਤ ਲੁਧਿਆਣਾ, ਦਰਸ਼ਣ ਲੁਧਿਆਣਾ। ਉਥੇ 6 ਮੈਚ ਖੇਡੇ। ਦੋ ਮੈਚ ਪਾਲੇ ਹੁਣੀਂ ਜਿੱਤੇ ਤੇ ਚਾਰ ਇੰਗਲੈਂਡੀਏ ਲੈ ਗਏ। ਟੂਰ ਮੁੱਕਣ ਤੋਂ ਬਾਅਦ ਕਈ ਖਿਡਾਰੀ ਉਥੇ ਰਹਿ ਗਏ ਤੇ ਬਾਕੀ ਵਾਪਸ ਆ ਗਏ।

ਕਬੱਡੀ ਦੇ ਬਾਬਾ ਬੋਹੜ ਸਰਬਣ ਸਿੰਘ ਬੱਲ ਨੂੰ ਉਹ ਤਕੜਾ ਖਿਡਾਰੀ ਤੇ ਵਧੀਆ ਕੋਚ ਮੰਨਦਾ ਹੈ। ਰੁਸਤਮੇਂ-ਹਿੰਦ ਪਹਿਲਵਾਨ ਸੁਖਵੰਤ ਸਿੰਘ ਪੱਦੀ ਜਗੀਰ ਵਾਲੇ ਨਾਲ ਵਧੀਆ ਪਰਿਵਾਰਕ ਸਬੰਧ ਹਨ। ਨਡਾਲੇ ਵਾਲਾ ਪ੍ਰੀਤਾ 'ਆਇਆ ਪ੍ਰੀਤਾ ਗਿਆ ਪ੍ਰੀਤਾ' ਅਤੇ ਸੰਧਵਾਂ ਵਾਲੇ ਹਰਭਜਨ ਸਿੰਘ ਭੱਜੀ (ਵੇਟ ਲਿਫ਼ਟਰ ਅਤੇ ਕਬੱਡੀ ਖਿਡਾਰੀ) ਨਾਲ ਸਾਲਾਂ ਬੱਧੀ ਪਿਆਰ ਚਲਿਆ ਆਉਂਦੈ। ਕਬੱਡੀ ਕੈਂਚੀ ਦਾ ਥੰਮ੍ਹ ਮੱਲਪੁਰੀਆ ਹਰੀ ਪਾਲੇ ਦੀ ਕਬੱਡੀ ਨੂੰ ਅੱਜ ਵੀ ਯਾਦ ਕਰ ਰਿਹੈ।

ਪਾਲੇ ਨੇ ਬਹੁਤ ਵਰਜ਼ਿਸ਼ ਕੀਤੀ। ਰੋਜ਼ਾਨਾ ਚਾਰ ਵਜੇ ਸਵੇਰੇ ਉਠ ਖੜਨਾ ਤੇ 4-5 ਮੀਲ ਦੌੜਨਾ, ਡੰਡ-ਬੈਠਕਾਂ, ਡੰਬਲ ਫੇਰਨੇ ਤੇ ਰੱਸੇ ਨਾਲ ਟਾਹਲੀ 'ਤੇ ਚੜ੍ਹਨਾ। ਘੁੱਗਾ ਤੇ ਅਜੈਬ ਵੀ ਨਾਲ ਹੁੰਦੇ।

ਖ਼ੁਰਾਕ ਦੀ ਵੀ ਕੋਈ ਘਾਟ ਨਹੀਂ ਸੀ। ਰੋਜ਼ਾਨਾ ਬਦਾਮਾਂ ਦੀ ਸ਼ਰਦਾਈ, ਫ਼ਲ-ਫ਼ਰੂਟ, ਦੁੱਧ ਤੇ ਕਦੇ ਕਦੇ ਮੀਟ।ਨਸ਼ੇ ਦਾ ਕਦੇ ਸੇਵਨ ਨਹੀਂ ਕੀਤਾ।

ਪੰਜਾਬ ਵਲੋਂ ਜੈਪੁਰ, ਚੰਡੀਗੜ੍ਹ ਅਤੇ ਆਸਨ ਸੋਲ (ਕੱਲਕੱਤੇ ਕੋਲ) ਨੈਸ਼ਨਲ ਖੇਡੀ। ਤਿੰਨ ਸਾਲ ਲਗਾਤਾਰ ਯੂਨੀਵਰਸਿਟੀ ਜਿੱਤੀ। ਪਹਿਲੇ ਸਾਲ ਨੈਸ਼ਨਲ ਦੇ ਫ਼ਾਈਨਲ ਫ਼ਸਵੇਂ ਮੁਕਾਬਲੇ ਵਿੱਚ ਦੋ ਨੰਬਰਾਂ ਨਾਲ ਨਕੋਦਰ ਨੂੰ ਜਿੱਤੇ।

ਕੁਸ਼ਤੀ ਤੇ ਕਬੱਡੀ ਵਿੱਚ ਨਾਮਣਾ ਖੱਟਣ ਤੋਂ ਬਾਅਦ ਪਾਲਾ ਬਾਕਸਿੰਗ ਦੇ ਖੇਤਰ ਵਿੱਚ ਕੁੱਦ ਪਿਆ। ਪ੍ਰਸਿੱਧ ਬਾਕਸਰ ਚਰਨਜੀਤ ਚੰਦੂ ਦੀ ਛੱਤਰਛਾਇਆ ਹੇਠ ਬਾਕਸਿੰਗ ਸ਼ੁਰੂ ਕਰ ਦਿਤੀ। ਲਗਾਤਾਰ ਚਾਰ ਸਾਲ ਯੂਨੀਵਰਸਿਟੀ ਦੇ ਗੋਲਡ-ਮੈਡਲ ਜਿੱਤੇ। ਇਕ ਸਾਲ ਇੰਟਰ-ਯੂਨੀਵਰਸਿਟੀ ਦਾ ਗੋਲਡ-ਮੈਡਲ ਜਿੱਤਿਆ ਤੇ ਅਗਲੇ ਸਾਲ ਸਿਲਵਰ ਮੈਡਲ ਪ੍ਰਾਪਤ ਕੀਤਾ। ਭਾਰਤੀ ਬਾਕਸਿੰਗ ਦੇ ਚੀਫ਼ ਕੋਚ ਸ. ਗੁਰਬਖਸ਼ ਸਿੰਘ ਸੰਧੂ, ਪ੍ਰਸਿੱਧ ਬਾਕਸਰ ਗੁਰਮੀਤ ਸਿੰਘ ਬਾਕਸਰ, ਚਰਨ ਸਿੰਘ ਗਿੱਲ ਕੈਲੇਫ਼ੋਰਨੀਆ (ਐਸ ਐਨ ਕਾਲਜ ਬੰਗਾ ਅਤੇ ਯੂਨੀਵਰਸਿਟੀ ਦਾ ਵੇਟ-ਲਿਫ਼ਟਰ, ਵਾਲੀਬਾਲ ਤੇ ਕਬੱਡੀ ਖਿਡਾਰੀ ਮਜ਼ਾਰੇ ਵਾਲਾ ਚਰਨਾ) ਤੇ ਸੱਘਵਾਲ ਦਾ ਟਰਾਂਟੋਂ ਰਹਿੰਦਾ ਜਰਮਨ ਚਾਹਲ ਕਬੱਡੀ ਖਿਡਾਰੀ ਵੀ ਖਾਲਸਾ ਕਾਲਜ਼ ਦੀ ਦੇਣ ਹੈ।

ਕੁਸ਼ਤੀ ਤੇ ਕਬੱਡੀ ਵਿੱਚ ਬੇਅੰਤ ਮੱਲਾਂ ਮਾਰਨ ਕਰਕੇ ਪੰਜਾਬ ਸਰਕਾਰ ਨੇ 8 ਸਾਲ 8 ਸੌ ਰੁਪਏ ਮਹੀਨਾ ਵਜ਼ੀਫ਼ਾ ਦਿਤਾ। ਯੂਨੀਵਰਸਿਟੀ, ਨੈਸ਼ਨਲ ਜਾਂ ਪੰਜਾਬ ਦੀਆਂ ਵੱਡੀਆਂ ਮੱਲਾਂ ਮਾਰਨ ਵਾਲੇ ਨੂੰ ਇਹ ਵਜ਼ੀਫ਼ਾ ਦਿਤਾ ਜਾਂਦਾ ਸੀ।

ਤਕੜੇ ਜੁੱਸੇ ਕਰਕੇ ਪਾਲਾ ਹਰ ਪਾਸੇ ਮੱਲਾਂ ਮਾਰਦਾ ਜਾਂਦਾ। ਟੀਮ ਬਣਾ ਕੇ (ਟਾਗੋਬਾਰ) ਰੱਸਾ ਖਿਚਣਾ ਸ਼ੁਰੂ ਕਰ ਦਿਤਾ। 1990 'ਚ ਉਹਦੀ ਕਪਤਾਨੀ ਹੇਠ ਟੀਮ ਏਸ਼ੀਅਨ ਚੈਪੀਂਅਨਸ਼ਿਪ ਲਈ ਟੋਕੀਓ ਰੱਸਾ ਖਿੱਚਣ ਗਈ। ਪਹਿਲਾ ਮੈਚ ਸਾਊਥ ਕੋਰੀਆ ਦੂਜਾ ਸਿੰਘਾਪੁਰ ਤੇ ਤੀਜਾ ਮਲੇਸ਼ੀਆ ਨਾਲ ਹੋਇਆ। ਤਿੰਨੇ ਮੈਚ ਜਿੱਤੇ। ਚੌਥੇ ਫ਼ਾਈਨਲ ਵਿੱਚ ਜਪਾਨ ਤੋਂ ਹਾਰ ਗਏ। ਆਇਰਲੈਂਡ ਵਰਲਡ-ਕੱਪ ਖੇਡਣ ਗਏ। ਉਥੇ ਇਕ ਮੈਚ ਜਿੱਤੇ ਤੇ ਦੋ ਹਾਰੇ। ਟੀਮ ਵਿੱਚ ਪਾਲੇ ਤੋਂ ਇਲਾਵਾ ਲਹਿੰਬਰ ਸੱਘਵਾਲ (ਕੈਲੇਫ਼ੋਰਨੀਆਂ), ਹਰਜਿੰਦਰ ਸਿੰਘ ਖਾਨੋਵਾਲ, ਬਲਵੀਰ ਸਿੰਘ ਕੁੱਕੜ ਪਿੰਡ, ਨਾਨਕ ਸਿੰਘ, ਜਸਵੰਤ ਸਿੰਘ, ਹਰਵਿੰਦਰ ਸਿੰਘ, ਸਰਬਜੀਤ ਸਿੰਘ, ਪ੍ਰਮਿੰਦਰ ਸਿੰਘ, ਦਲਜੀਤ ਸਿੰਘ ਤੇ ਰਣਜੀਤ ਸਿੰਘ ਸਾਥੀ ਖਿਡਾਰੀ ਸਨ।

1987 'ਚ ਪਾਲੇ ਨੇ ਕੋਚਿੰਗ ਸ਼ੁਰੂ ਕਰ ਦਿਤੀ। ਸ਼ੁਰੂਆਤੀ 'ਚ ਉਹ ਪਠਾਨਕੋਟ ਨਿਯੁਕਤ ਹੋਇਆ। ਇਕ ਸਾਲ ਲਾਇਆ ਤੇ ਚੰਗੇ ਖਿਡਾਰੀ ਪੈਦਾ ਕੀਤੇ। ਪਹਿਲੇ ਸਾਲ ਟੀਮ ਪੰਜਾਬ 'ਚੋਂ ਤੀਜੇ ਨੰਬਰ 'ਤੇ ਰਹੀ। ਹਰਕਮਲ ਤੇ ਗੁਰਮੀਤ ਪਹਿਲੇ ਨੰਬਰ 'ਤੇ ਆਏ। ਗੁਰਮੀਤ ਤੇ ਹਰਦੀਪ ਸੈਕਿੰਡ ਰਹੇ। ਹਰਦੀਪ ਅੱਜਕੱਲ੍ਹ ਕੈਲੇਫ਼ੋਰਨੀਆਂ ਰਹਿ ਰਿਹੈ ਤੇ ਪਾਲੇ ਉਸਤਾਦ ਦੀ ਵਧੀਆ ਕੋਚਿੰਗ ਨੂੰ ਉਹ ਅੱਜ ਵੀ ਯਾਦ ਕਰ ਰਿਹੈ। ਉਹਦੇ ਦੱਸਣ ਅਨੁਸਾਰ ਕਿ ਕੋਚ ਸਾਹਿਬ (ਪਾਲਾ) ਸਮੇਂ ਦਾ ਬੜਾ ਪਾਵੰਦ ਸੀ।ਸਵੇਰੇ ਚਾਰ ਵਜੇ ਬੁਲੇਟ 'ਤੇ ਸ਼ੰਕਰ ਤੋਂ ਜਲੰਧਰ ਕਾਲਜ਼ ਸਭ ਤੋਂ ਪਹਿਲਾਂ ਪਹੁੰਚ ਜਾਂਦਾ ਸੀ। ਉਹਦੀ ਪ੍ਰਸਨੈਲਿਟੀ ਤੇ ਰੋਹਿਬ ਤੋਂ ਕਾਲਜ਼ ਦੇ ਪਹਿਲਵਾਨ, ਖਿਡਾਰੀ ਤੇ ਵਿਦਿਆਰਥੀ ਥਰ ਥਰ ਕੰਬਦੇ ਸਨ। ਬੜਾ ਠੰਡਾ, ਸਾਊ ਤੇ ਨਿਧੱੜਕ। ਪੜ੍ਹਾਈ ਜਾਂ ਖੇਡਾਂ ਦੇ ਕਿਸੇ ਵੀ ਮਸਲੇ 'ਚ ਹਮੇਸ਼ਾਂ ਉਹ ਖਿਡਾਰੀਆਂ ਤੇ ਵਿਦਿਆਰਥੀਆਂ ਦੇ ਨਾਲ ਖੜ੍ਹਦਾ।

1989 'ਚ ਜਲੰਧਰ ਦੇ ਸਪੋਰਟਸ ਸਕੂਲੇ ਉਹ ਕੁਸ਼ਤੀ ਕੋਚ ਨਿਯੁਕਤ ਹੋਇਆ।ਉਹਨੇ ਖਿਡਾਰੀਆਂ ਨੂੰ ਬਹੁਤ ਮੇਹਨਤ ਕਰਾਈ। ਉਹਦੀ ਰਹਿਨਮਾਈ ਹੇਠ ਪੰਜ ਸਾਲ ਟੀਮ ਲਗਾਤਾਰ ਪਹਿਲੇ ਨੰਬਰ 'ਤੇ ਆਉਂਦੀ ਰਹੀ। ਪ੍ਰਵੀਨ ਕੁਮਾਰ ਕਪੂਰਥਲਾ, ਹਰਦੀਪ, ਮਲਕੀਤ ਕਾਂਜਲੀਵਾਲ,ਨਵਤੇਜ, ਸੁਰਿੰਦਰ , ਰਣਧੀਰ, ਹਰਦੀਪ, ਬਲਵੀਰ, ਰਾਕੇਸ਼ ਕੁਮਾਰ, ਲਖਵਿੰਦਰ ਲੱਖਾ ਗੁਰਦਾਸਪੁਰ, ਮਿੱਤਰਪਾਲ, ਸਰੂਪਾ ਗੁਰਦਾਸਪੁਰ (ਕੈਲੇਫ਼ੋਰਨੀਆਂ), ਕਿੱਕਰ ਸਿੰਘ ਤੇ ਸੱਤਾ ਪਹਿਲਵਾਨ (ਨਿਊਯਾਰਕ) ਜਿਹੇ ਤਕੜੇ ਪਹਿਲਵਾਨ ਪੈਦਾ ਕੀਤੇ।

ਪਾਲੇ ਦੇ ਕਥਨ ਅਨੁਸਾਰ ਅਗਰ ਕੋਚ ਵਧੀਆ ਢੰਗ ਨਾਲ ਮੇਹਨਤ ਕਰਾਉਂਣ ਤਾਂ ਤਕੜੇ ਪਹਿਲਵਾਨ ਪੈਦਾ ਕੀਤੇ ਜਾ ਸਕਦੇ ਹਨ।ਇਹ ਵੀ ਕਿਹਾ ਕਿ ਕਈ ਤਾਂ ਐਵੇਂ ਹੀ ਕੋਚਿੰਗ ਦਾ ਠੱਪਾ ਲੁਆ ਲੈਂਦੇਂ ਹਨ। ਉਹ ਕਦੀ ਅਖਾੜੇ ਵੀ ਨਹੀਂ ਗਏ ਹੁੰਦੇ। ਬੱਸ ਡਰਾਮਾ ਜਿਹਾ ਕਰਕੇ ਡਿਗਰੀ ਲੈ ਲੈਂਦੇਂ ਹਨ। ਅਜਿਹੇ ਕੋਚਾਂ ਕੋਲੋਂ ਚੰਗੇ ਪਹਿਲਵਾਨਾਂ ਦੀ ਆਸ ਨਹੀਂ ਰੱਖੀ ਜਾ ਸਕਦੀ। ਭਾਰਤ ਖਾਸ ਕਰਕੇ ਪੰਜਾਬ ਵਿੱਚੋਂ ਤਕੜੇ ਮੱਲ ਪੈਦਾ ਨਾ ਹੋਣੇਂ ਸਾਡੀ ਬਦਕਿਸਮਤੀ ਹੈ। ਪਹਿਲਵਾਨੀ ਵਿੱਚੋਂ ਇਜ਼ਾਰੇਦਾਰੀ ਖਤਮ ਹੋਣੀਂ ਚਾਹੀਦੀ ਹੈ। ਪੁਰਾਣੇ ਪਹਿਲਵਾਨਾਂ ਨੂੰ ਪਿਛੇ ਰਹਿ ਕੇ ਨਵਿਆਂ ਨੂੰ ਅੱਗੇ ਆਉਂਣ ਦੇ ਮੌਕੇ ਦੇਣੇ ਚਾਹੀਦੇ ਹਨ। ਜਿਨਾਂ ਚਿਰ ਪਹਿਲਵਾਨੀਂ ਵਿੱਚੋਂ ਸਿਆਸਤ,ਰਿਸ਼ਤੇਦਾਰੀ ਤੇ ਭਾਈ-ਭਤੀਜਾਵਾਦ ਖਤਮ ਨਹੀਂ ਹੋ ਜਾਂਦੀ ਉਨਾਂ ਚਿਰ ਮੇਹਰਦੀਨ, ਸੁਖਵੰਤ , ਬਿੱਲਾ, ਬੁੱਧੂ ਜਿਹੇ ਮੱਲ ਪੈਦਾ ਨਹੀਂ ਹੋ ਸਕਦੇ। ਪੰਜਾਬ ਸਕੂਲ ਕੈਂਪਾਂ ਵਿੱਚ ਜਗਦੀਸ਼ ਭੋਲਾ, ਪ੍ਰਮਿੰਦਰ ਡੂੰਮਛੇੜੀ, ਜਗਜੀਤ ਸਿੰਘ ਤੇ ਹਰਜੀਤ ਬਰਾੜ ਬਾਜ਼ਾਖਾਨਾ ਵੀ ਉਹਦੇ ਕੋਲ ਕੁਸ਼ਤੀਆਂ ਲੜਦੇ ਰਹੇ। ਜਦੋਂ ਹਰਜੀਤ ਬਰਾੜ ਅਖਾੜੇ ਵਿੱਚ ਮੇਹਨਤ ਕਰਦਾ ਹੁੰਦਾ ਸੀ ਤਾਂ ਉਹਦਾ ਇੰਸਪੈਕਟਰ ਪਿਤਾ ਸ. ਬਖਸੀਸ ਸਿੰਘ ਅਖਾੜੇ ਕੋਲ ਜਾ ਕੇ ਖੜ੍ਹ ਜਾਂਦਾ। ਹਰਜੀਤ ਪਹਿਲਾਂ ਨੈਸ਼ਨਲ ਸਟਾਇਲ ਕਬੱਡੀ ਖੇਡਦਾ ਸੀ। ਪਾਲੇ ਦੇ ਕਹਿਣ 'ਤੇ ਉਹ ਕੁਸ਼ਤੀਆਂ ਲੜਨ ਲੱਗਾ। ਪੰਜਾਬ ਸਕੂਲ ਕੁਸ਼ਤੀ ਮੁਕਾਬਲਿਆਂ 'ਚੋਂ ਹਰਜੀਤ ਪਹਿਲੇ ਸਥਾਨ ਲੈਂਦਾਂ ਰਿਹੈ। ਫਿਰ ਉਹ ਕਬੱਡੀ ਵੱਲ੍ਹ ਨੂੰ ਹੋ ਗਿਆ ਤੇ ਕਬੱਡੀ ਦਾ ਸਟਾਰ ਖਿਡਾਰੀ ਬਣਿਆ। ਜਗਦੀਸ਼ ਭੋਲਾ ਸਕੂਲਾਂ ਦੀ ਨੈਸ਼ਨਲ ਵਿੱਚੋਂ ਪਹਿਲੇ ਸਾਲ ਦੂਜੇ ਨੰਬਰ 'ਤੇ ਰਿਹਾ। ਅਗਲੇ ਸਾਲ ਹੋਲੇ-ਮਹੱਲੇ ਦੀਆਂ ਕੁਸ਼ਤੀਆਂ ਲਈ ਕੱਟਕ ਜਾਣਾ ਸੀ।ਭੋਲੇ ਦੀ ਕੁਸ਼ਤੀ ਅੰਬਰਸਰੀਏ ਐਥੰਨੀ ਨਾਲ ਹੋਈ। ਐਥੰਨੀ ਤਕੜਾ ਹੋਣ ਕਰਕੇ ਭੋਲਾ ਤੀਜੇ ਸਥਾਨ 'ਤੇ ਰਿਹਾ। ਭੋਲੇ ਨੂੰ ਉਥੋਂ ਫ਼ਰਿਜ਼ ਮਿਲੀ। ਭੋਲੇ ਦੀ ਕੁਸ਼ਤੀਆਂ ਦੀ ਇਹ ਸ਼ੁਰੂਆਤ ਸੀ।

ਪੰਜਾਬ ਸਕੂਲ ਕੈਂਪਾਂ ਵਿੱਚ ਪਾਲੇ ਕੋਲ ਪਹਿਲਵਾਨ, ਬਾਲੀਵਾਲ, ਹਾਕੀ, ਜਿੰਮਨਾਸਟਿਕ ਅਤੇ ਹੋਰ ਗੇਮਾਂ ਦੇ 150 ਦੇ ਲੱਗਪਗ ਖਿਡਾਰੀ ਸਨ। ਭੋਲਾ ਉਥੋਂ ਫ਼ਸਟ ਆਇਆ। ਫਿਰ ਤਾਂ ਭੋਲੇ ਦੀ ਚੱਲ ਸੋ ਚੱਲ।ਭਾਰਤ ਦਾ ਤਕੜਾ ਮੱਲ ਬਣਿਆਂ।

1998 ਤੋਂ 97 ਤੱਕ ਪਾਲੇ ਨੇ ਭਾਰਤੀ ਕੈਂਪਾਂ ਵਿੱਚ ਰਹਿ ਕੇ ਤਕੜੇ ਖਿਡਾਰੀ ਪੈਦਾ ਕੀਤੇ। 1996 ਦੇ ਪੂਨੇ ਕਾਮਨਵੈਲਥ ਮੁਕਾਬਲਿਆਂ ਵਿੱਚ ਖਿਡਾਰੀ ਲੈ ਕੇ ਜਾਣ ਦਾ ਮੌਕਾ ਮਿਲਿਆ। ਭਾਰਤੀ ਕੁਸ਼ਤੀ ਕੋਚ ਪੀ ਆਰ ਸੌਂਧੀ ਵੀ ਉਸੇ ਕੈਂਪ ਵਿੱਚ ਕੋਚ ਸੀ। ਦੋਹਾਂ ਕੋਚਾਂ ਦੀ ਵਧੀਆ ਕੋਚਿੰਗ ਨੇ ਰੰਗ ਵਿਖਾਏ ਤੇ ਪਹਿਲਵਾਨਾਂ ਨੇ ਪਹਿਲੀਆਂ ਪੁਜ਼ੀਸ਼ਨਾਂ ਲਈਆਂ।

ਪੁਰਾਣੀਆਂ ਗੱਲਾਂ ਯਾਦ ਕਰਕੇ ਹੱਸਦਾ ਪਾਲਾ ਦੱਸਣ ਲੱਗਾ ਕਿ ਇਕ ਵਾਰ ਸਲਾਨਾ ਪੇਪਰਾਂ 'ਚ ਕਿਸੇ ਸਕੂਲ 'ਚ ਨਕਲ ਵੱਜਦੀ ਦਾ ਪਤਾ ਲੱਗਾ ਤੇ ਫ਼ਲਾਇੰਗ ਅਫ਼ਸਰ ਉਹਨੂੰ ਵੀ ਨਾਲ ਲੈ ਗਏ। ਉਥੇ ਦਾ ਡੀ ਪੀ ਈ ਪਾਲੇ ਨੂੰ ਕਹਿਣ ਲੱਗਾ 'ਆਹ ਲੋ 200 ਰੁਪਏ, ਜਾ ਕੇ ਖਾਉ ਪੀਉ।' ਪਾਲੇ ਨੇ ਮੋੜਵਾਂ ਜਵਾਬ ਦਿਤਾ ਕਿ "ਉਹ ਆਪਣੇਂ ਕੋਲੋ 200 ਰੁਪਏ ਦਿੰਦੈ ਤੇ ਉਹਨਾਂ ਨੂੰ ਆਪਣਾ ਕੰਮ ਕਰਨ ਦੇਵੇ।" ਪਾਲੇ ਨੇ ਜਿੰਦਗੀ 'ਚ ਕਦੇ ਕੋਈ ਲਾਲਚ ਨਹੀਂ ਕੀਤਾ। ਹਮੇਸ਼ਾਂ ਈਮਾਨਦਾਰੀ ਨਾਲ ਰਿਹੈ ਤੇ ਵਧੀਆ ਖਿਡਾਰੀ ਪੈਦਾ ਕੀਤੇ। ਘਰੋਂ ਰੱਜਾ-ਪੁੱਜਾ ਹੋਣ ਕਰਕੇ ਉਹ ਲੋੜਵੰਦ ਖਿਡਾਰੀਆਂ ਦੀ ਮੱਦਦ ਵੀ ਕਰ ਦਿੰਦਾ ਸੀ। ਚੱਕਾਂ ਵਾਲੇ ਕਮਲ ਪੰਡਿਤ ਨੂੰ ਖਾਲਸਾ ਕਾਲਜ਼ ਵੀ ਉਹੀ ਲੈ ਕੇ ਗਿਆ ਸੀ। ਹਰ ਤਰ੍ਹਾਂ ਨਾਲ ਉਹਦੀ ਮੱਦਦ ਕੀਤੀ।

ਪਹਿਲਵਾਨੀ, ਕਬੱਡੀ, ਬਾਕਸਿੰਗ ਤੇ ਟਾਗੋਬਾਰ (ਰੱਸਾ ਖਿਚਣਾ) 'ਚ ਵਡੇਰੀਆਂ ਮੱਲਾਂ ਮਾਰਨ ਵਾਲੇ ਪਾਲੇ ਨੂੰ ਆਪਣੇ ਪਿੰਡ 'ਤੇ ਬੜਾ ਮਾਣ ਹੈ, ਜਿਥੋਂ ਦੇ ਗੁਰਦਾਵਰ ਵਰਗੇ ਮੱਲ ਪੈਦਾ ਹੋਏ ਨੇ। ਗੁਰਦਾਵਰ ਭਾਰਤ ਤੋਂ ਬਾਹਰ ਪਾਕਿਸਤਾਨ, ਅਫ਼ਗਾਨਸਥਾਨ, ਇੰਗਲੈਂਡ ਤੇ ਹੋਰ ਦੇਸ਼ਾਂ ਵਿੱਚ ਘੁੱਲਣ ਜਾਂਦਾ ਰਿਹੈ। ਵਿਰੋਧੀ ਮੁੱਲਕਾਂ ਦੇ ਪਹਿਲਵਾਨਾਂ ਨੂੰ ਲਲਕਾਰਦਾ ਰਿਹੈ। ਕਬੱਡੀ ਖਿਡਾਰੀ ਘੁੱਗੇ 'ਤੇ ਵੀ ਮਾਣ ਹੈ ਤੇ ਰਹੇਗਾ ਵੀ। ਪਾਲਾ ਤੇ ਘੁੱਗਾ ਕਈ ਸਾਲ 'ਕੱਠੇ ਕਾਲਜ਼ਾ,ਚੈਪੀਂਅਨਸ਼ਿਪਾਂ, ਓਪਨ ਪੰਜਾਬ ਤੇ ਸਟੇਟ ਪੰਚਾਇਤੀ ਰਾਜ ਟੂਰਨਾਮੈਂਟ ਖੇਡਦੇ ਰਹੇ। ਕਬੱਡੀ ਵਿੱਚ ਘੁੱਗੇ ਨੇ ਹਰ ਪਾਸੇ ਘੁੱਗਾ-ਘੁੱਗਾ ਕਰਾਈ। ਘੁੱਗੇ ਤੋਂ ਡਰਦੇ ਤਕੜੇ ਤਕੜੇ ਰੇਡਰ ਦੁਆਬੇ ਵੱਲ੍ਹ ਨੂੰ ਮੂੰਹ ਨਹੀਂ ਸਨ ਕਰਦੇ। ਬੁਰਾ ਹਾਲ ਕਰਦਾ ਸੀ ਅਗਲੇ ਦਾ।ਘੁੱਗਾ (ਹਰਮਿੰਦਰ ਸਿੰਘ ਤੱਖਰ) ਅੱਜਕੱਲ੍ਹ ਵੈਨਕੂਵਰ ਕੈਨੇਡਾ ਰਹਿ ਰਿਹੈ।

ਗੁਰਦੇਵ ਦੇਬੂ (ਯੂ ਕੇ), ਬਿੰਦਰ ਜੱਬ (ਯੂ ਕੇ), ਸੋਹਣ ਸਿੰਘ ਗੋਗੀ ਦਾ ਬੇਟਾ ਸਤਨਾਮ ਸਿੰਘ (ਯੂ ਕੇ),ਪਾਲਾ ਭਗਤੂ, ਪਹਿਲਵਾਨ ਤੇ ਕਬੱਡੀ ਖਿਡਾਰੀ ਅਜੈਬ (ਯੂ ਕੇ) ਅਤੇ ਸਰਬਣ ਢਾਂਡੀ ਦਾ ਬੇਟਾ ਦੇਬਾ (ਯੂ ਕੇ) ਇਸੇ ਨਗਰ ਦੇ ਮਾਣ ਮੱਤੇ ਪਹਿਲਵਾਨ ਹੋਏ ਹਨ।

ਪਾਲੇ ਨੂੰ ਇਸ ਗੱਲ ਦਾ ਦੁੱਖ ਹੈ ਕਿ ਸ਼ੰਕਰ 'ਚੋਂ ਪਹਿਲਵਾਨ ਤੇ ਕਬੱਡੀ ਖਿਡਾਰੀ ਉਠਣੋਂ ਘੱਟ ਗਏ ਹਨ। ਪਹਿਲਾਂ ਤਾਂ ਕੁਸ਼ਤੀਆਂ ਦੇ ਦਿਨਾਂ 'ਚ ਦਿਨ ਰਾਤ ਢੋਲ ਵੱਜਦਾ ਰਹਿੰਦਾ ਸੀ। ਔਰਤਾਂ, ਮਰਦ ਅੱਧੀ ਅੱਧੀ ਰਾਤ ਤੱਕ ਬੋਲੀਆਂ ਪਾਉਂਦੇ। ਹੁਣ ਨਾ ਤਾਂ ਅੱਗੇ ਵਾਲਾ ਸ਼ੌਕ ਰਿਹਾ, ਨਾ ਢੋਲ ਵੱਜਦੇ ਹਨ ਤੇ ਨਾ ਹੀ ਪਹਿਲਵਾਨ ਉਠ ਰਹੇ ਹਨ।

ਮਾਤਾ ਚੰਨਣ ਕੌਰ ਦਾ ਪਹਿਲਵਾਨ ਤੇ ਕਬੱਡੀ ਖਿਡਾਰੀ ਪੁੱਤ ਗੁਰਪਾਲ ਸਿੰਘ ਤੱਖਰ ਉਰਫ਼ ਸ਼ੰਕਰੀਆ ਪਾਲਾ 16 ਫ਼ਰਵਰੀ 1979 ਨੂੰ ਦੁਸਾਂਝ ਕਲਾਂ ਦੀ ਹਰਦੀਪ ਕੌਰ ਨਾਲ ਵਿਆਹਿਆ ਗਿਆ। ਤਿੰਨ ਬੱਚੇ। ਦੋ ਲੜਕੇ ਤੇ ਇਕ ਲੜਕੀ। ਵੱਡੀ ਲੜਕੀ ਪਰਿਵਾਰ ਸਮੇਤ ਇੰਡੀਆਨਾ ਰਹਿ ਰਹੀ ਹੈ। ਜਦ ਕਿ ਦੋਵੇਂ ਲੜਕੇ ਉਹਦੇ ਕੋਲ ਹਨ। ਜਿੰਦਗੀ 'ਚ ਬੜਾ ਖੁਸ਼ ਹੈ

(ਬਾਕੀ ਸਫਾ 27 'ਤੇ)

# ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦਾ ਜੀਵਨ ਸੰਵਾਰਨ ਲਈ ਅਪਣਾ ਜੀਵਨ ਲਗਾ ਦਿੱਤਾ ਡਾਕਟਰ ਭੀਮ ਰਾਮ ਰਾਓ ਅੰਬੇਡਕਰ ਨੇ



ਕੁਲਦੀਪ ਚੰਦ
91-9417563054

ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦਾ ਜਨਮ ਅੱਜ ਦੇ ਦਿਨ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਕੇਂਦਰੀ ਪ੍ਰਾਂਤ (ਹੁਣ ਮੱਧ ਪ੍ਰਦੇਸ਼ ਵਿੱਚ) ਵਿੱਚ ਸਥਾਪਿਤ ਨਗਰ ਅਤੇ ਸੈਨਿਕ ਛਾਉਣੀ ਮਊ ਵਿੱਚ ਹੋਇਆ ਸੀ। ਆਪ ਦੇ ਪਿਤਾ ਦਾ ਨਾਮ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਦਾ ਨਾਮ ਭੀਮਾਬਾਈ ਮੁਰਬਾਦਕਰ ਸੀ ਅਤੇ ਉਹ ਅਪਣੇ ਮਾਤਾ ਪਿਤਾ ਦੀ 14ਵੀਂ ਔਲਾਦ ਸਨ। ਉਹ ਹਿੰਦੂ ਮਹਾਰ ਜਾਤਿ ਨਾਲ ਸਬੰਧ ਰੱਖਦੇ ਸੀ ਜੋ ਕਿ ਭਾਰਤ ਵਿੱਚ ਅਛੂਤ ਕਹੀ ਜਾਂਦੀ ਸੀ ਅਤੇ ਉਹਨਾਂ ਨਾਲ ਸਮਾਜਿਕ ਅਤੇ ਆਰਥਿਕ ਰੂਪ ਨਾਲ ਭੇਦਭਾਵ ਕੀਤਾ ਜਾਂਦਾ ਸੀ। ਡਾਕਟਰ ਅੰਬੇਡਕਰ ਦੇ ਬਜ਼ੁਰਗ ਲੰਬੇ ਸਮੇਂ ਤੋਂ ਬ੍ਰਿਟਿਸ਼ ਈਸਟ ਇੰਡੀਆਂ ਕੰਪਨੀ ਦੀ ਸੈਨਾ ਵਿੱਚ ਕੰਮ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਭਾਰਤੀ ਸੈਨਾ ਦੀ ਮਊ ਛਾਉਣੀ ਵਿੱਚ ਕੰਮ ਕਰਦੇ ਸਨ। ਸਕੂਲੀ ਪੜ੍ਹਾਈ ਵਿੱਚ ਨਿਪੁੰਨ ਹੋਣ ਦੇ ਬਾਵਜੂਦ ਅੰਬੇਡਕਰ ਅਤੇ ਹੋਰ ਅਛੂਤ ਬੱਚਿਆਂ ਨਾਲ ਜਾਤਿ ਅਧਾਰਤ ਵਿਤਕਰਾ ਕੀਤਾ ਜਾਂਦਾ ਸੀ। ਕੁਝ ਸਮੇਂ ਬਾਅਦ ਆਪ ਦਾ ਪਰਿਵਾਰ ਮੁੰਬਈ ਆ ਗਿਆ ਜਿੱਥੇ ਕਿ ਅੰਬੇਡਕਰ ਐਲਫਿੰਸਟੋਲ ਰੋਡ ਸਥਿਤ ਸਰਕਾਰੀ ਹਾਈ ਸਕੂਲ ਦੇ ਪਹਿਲੇ ਦਲਿਤ ਵਿਦਿਆਰਥੀ ਬਣੇ। ਇੱਥੇ ਵੀ ਉਨ੍ਹਾਂ ਨਾਲ ਜਾਤਿ ਅਧਾਰਿਤ ਭੇਦਭਾਵ ਹੁੰਦਾ ਰਿਹਾ। ਉਨ੍ਹਾਂ ਦੇ ਜੀਵਨ ਵਿੱਚ ਵਾਪਰੀਆਂ ਅਜਿਹੀਆਂ ਭੇਦਭਾਵ ਵਾਲੀਆਂ ਘਟਨਾਵਾਂ ਨੇ ਉਨ੍ਹਾਂ ਦੇ ਦਿਮਾਗ ਅਤੇ ਵਿਚਾਰਧਾਰਾ ਤੇ ਡੂੰਘਾ ਅਸਰ ਕੀਤਾ। ਉਨ੍ਹਾਂ ਨੇ ਅਪਣੇ ਇੱਕ ਬ੍ਰਾਹਮਣ ਦੋਸਤ ਅਧਿਆਪਕ ਮਹਾਂਦੇਵ ਅੰਬੇਡਕਰ ਦੇ ਕਹਿਣ ਤੇ ਅਪਣੇ ਨਾਮ ਨਾਲ ਅੰਬੇਡਕਰ ਸ਼ਬਦ ਜੋੜਿਆ। ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਨ੍ਹਾਂ ਨੇ ਐਲਫਿਨਸਟਨ ਕਾਲਜ਼ ਬੰਬਈ ਵਿੱਚ ਦਾਖਿਲਾ ਲਿਆ। ਸੰਨ 1912 ਵਿੱਚ ਉਨ੍ਹਾਂ ਨੇ ਬੀ ਏ ਪਾਸ ਕਰ ਲਈ ਅਤੇ ਮਹਾਰਾਜਾ ਬੜੋਦਾ ਨੇ ਉਹਨਾਂ ਨੂੰ ਉਚੱ ਵਿਦਿਆ ਪ੍ਰਾਪਤ ਕਰਨ ਲਈ ਸਰਕਾਰੀ ਖਰਚੇ ਤੇ ਅਮਰੀਕਾ ਭੇਜ ਦਿੱਤਾ ਅਤੇ ਆਪ ਨੇ ਪੰਜ ਵਿਸ਼ਿਆਂ ਵਿੱਚ ਐਮ.ਏ., ਪੀ.ਐਚ.ਡੀ., ਡੀ.ਐਸ.ਸੀ. ਐਲ.ਐਲ.ਡੀ., ਡੀ.ਲਿੱਟ, ਬਾਰ.ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਆਪ ਦਾ ਵਿਆਹ ਲੱਗਭੱਗ 17 ਸਾਲ ਦੀ ਉਮਰ ਵਿੱਚ ਰਾਮਾ ਬਾਈ ਨਾਲ ਹੋਇਆ ਅਤੇ ਆਪ ਦੇ।ਘਰ ਪੰਜ ਬੱਚਿਆਂ ਜਸ਼ਵੰਤ ਰਾਓ, ਗੰਗਾਧਰ, ਰਮੇਸ਼, ਇੰਦੂ ਅਤੇ ਰਾਜ ਰਤਨ ਨੇ ਜਨਮ ਲਿਆ ਪਰ ਜਸਵੰਤ ਰਾਓ ਤੋਂ ਇਲਾਵਾ ਬਾਕੀ ਛੋਟੀ ਉਮਰ ਵਿੱਚ ਹੀ ਮਰ ਗਏ। ਮਈ 1935 ਵਿੱਚ ਬਾਬਾ ਸਾਹਿਬ ਦੀ ਜੀਵਨ ਸਾਥਣ ਰਮਾ ਬਾਈ ਬਿਮਾਰੀ ਤੋਂ ਬਾਦ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। ਪੜਾਈ ਮੁਕੰਮਲ ਕਰਨ ਤੋਂ ਬਾਦ ਮਹਾਰਾਜਾ ਬੜੌਦਾ ਨੇ ਆਪ ਨੂੰ ਫੌਜੀ ਸਕੱਤਰ ਨਿਯੁਕਤ ਕਰ ਲਿਆ ਪਰ ਇੱਥੇ ਵੀ ਉਨ੍ਹਾਂ ਨੂੰ ਅਛੂਤ ਹੋਣ ਕਾਰਨ ਵਿਤਕਰਾ ਹੀ ਝੱਲਣਾ ਪਿਆ। ਜਦੋਂ ਉਹ ਬੰਬਈ ਦੇ ਕਾਲਜ਼ ਵਿੱਚ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਤਾਂ ਉਥੇ ਵੀ ਅਛੂਤ ਹੋਣ ਕਾਰਨ ਉਨ੍ਹਾਂ ਨਾਲ ਭੇਦਭਾਵ ਹੁੰਦਾ ਰਿਹਾ। ਬ੍ਰਿਟਿਸ਼ ਸਰਕਾਰ ਵਿੱਚ ਉਚੱ ਅਹੁਦੇ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਲੋਕਾਂ ਵਲੋਂ ਕੀਤੇ ਅੰਦੋਲਨ ਬਾਦ ਸਾਊਥਬੋਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ ਇੱਕ ਐਂਗਲੋ ਇੰਡੀਅਨ ਲਈ ਰੱਖੀ ਗਈ। ਡਾਕਟਰ ਅੰਬੇਡਕਰ ਨੇ ਇਸ ਸਮਿਤੀ ਨੂੰ ਮੰਗ ਪੱਤਰ ਦੇਕੇ ਮੰਗ ਕੀਤੀ ਕਿ ਅਛੂਤਾਂ ਲਈ ਵੀ ਅਲੱਗ ਅਧਿਕਾਰ ਰੱਖੇ ਜਾਣ ਪਰੰਤੂ ਹਿੰਦੂਆਂ ਨੇ ਡਾਕਟਰ ਅੰਬੇਡਕਰ ਦੀ ਇਸ ਮੰਗ ਦਾ ਸੱਖਤੀ ਨਾਲ ਵਿਰੋਧ ਕੀਤਾ ਜਿਸ ਕਾਰਨ ਇਨ੍ਹਾਂ ਵਿਚੋਂ ਕੋਈ ਵੀ ਪੋਸਟ ਅਛੂਤਾਂ ਲਈ ਨਾਂ ਰੱਖੀ ਗਈ। ਡਾਕਟਰ ਅੰਬੇਡਕਰ ਅਤੇ ਹੋਰ ਦਲਿਤਾਂ ਦੀ ਮੰਗ ਨੂੰ ਵੇਖਦੇ ਹੋਏ ਅੰਗਰੇਜ ਸਰਕਾਰ ਨੇ ਦਲਿਤਾਂ ਦੀ ਹਾਲਤ ਜਾਨਣ ਲਈ ਸਾਇਮਨ ਕਮਿਸ਼ਨ ਭਾਰਤ ਭੇਜਿਆ ਜਿਸਦਾ ਡਾਕਟਰ ਅੰਬੇਡਕਰ, ਆਦਿਧਰਮ ਮੁਹਿੰਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਆਦਿ ਨੇ ਸਵਾਗਤ ਕੀਤਾ ਅਤੇ ਦਲਿਤ ਜਥੇਵੰਦੀਆਂ ਨੇ ਅਪਣੀਆਂ ਮੰਗਾਂ ਇਸ ਕਮਿਸ਼ਨ ਅੱਗੇ ਰੱਖੀਆਂ। ਕਈ ਹਿੰਦੂ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਇਸਤੋਂ ਬਾਦ ਕਮਿਸ਼ਨ ਦੀਆਂ ਤਿੰਨ ਮੀਟਿੰਗਾਂ ਲੰਡਨ ਵਿੱਚ ਹੋਈਆਂ ਜਿਸ ਵਿੱਚ ਡਾਕਟਰ ਅੰਬੇਡਕਰ ਨੇ ਦਲਿਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗਸੱਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿਤਾ ਜਿਸਦਾ ਕਈ ਕੱਟੜ ਹਿੰਦੂ ਨੇਤਾਵਾਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਅਤੇ ਅਛੂਤਾਂ ਨੂੰ ਮਿਲੇ ਅਧਿਕਾਰਾਂ ਖਿਲਾਫ ਮਰਨ ਵਰਤ ਸ਼ੁਰੂ ਕਰ ਦਿਤਾ ਜਿਸ ਨਾਲ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਡਾਕਟਰ ਅੰਬੇਡਕਰ ਤੇ ਸਮਝੌਤੇ ਲਈ ਦਬਾਓ ਵੱਧ ਗਿਆ। ਅੰਤ 24 ਸਤੰਬਰ 1932 ਨੂੰ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਜਿਸ ਵਿੱਚ ਅਛੂਤਾਂ ਨੂੰ ਮਿਲਿਆ ਵੱਖਰੀ ਪ੍ਰਤੀਨਿਧਤਾ ਦਾ ਅਧਿਕਾਰ ਖਤਮ ਕੀਤਾ ਗਿਆ। ਡਾਕਟਰ ਅੰਬੇਡਕਰ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਹੋਈ। ਉਨ੍ਹਾਂ ਨੇ ਹਿੰਦੁ ਧਰਮ ਅਤੇ ਮੁਸਲਿਮ ਧਰਮ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਖੁੱਲਕੇ ਲਿਖਿਆ।



ਉਨ੍ਹਾਂ ਨੇ ਮੂਕ ਨਾਇਕ-ਗੂੰਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। ਉਨ੍ਹਾਂ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਅਤੇ ਦਲਿਤਾਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਡਾਕਟਰ ਅੰਬੇਡਕਰ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੋਰ ਤੇ ਕੰਮ ਕੀਤਾ। ਅੰਤ 15 ਅਗਸਤ 1947 ਨੂੰ ਭਾਰਤ ਦੇਸ਼ ਅਜ਼ਾਦ ਹੋ ਗਿਆ ਅਤੇ ਡਾਕਟਰ ਅੰਬੇਡਕਰ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਣੇ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਇਸ ਕਮੇਟੀ ਵਿੱਚ 6 ਹੋਰ ਮੈਂਬਰ ਪੰਡਿਤ ਗੋਬਿੰਦ ਵਲਭ ਪੰਤ, ਕੇ ਐਮ ਮੁਨਸ਼ੀ ਸਾਬਕ ਗ੍ਰਹਿ ਮੰਤਰ ਬੰਬੇ, ਅਲਾਦੀ ਕ੍ਰਿਸ਼ਨਾਸਵਾਮੀ ਅਈਅਰ ਸਾਬਕਾ ਐਡਵੋਕੇਟ ਜਨਰਲ ਮਦਰਾਸ ਰਾਜ, ਐਨ ਗੋਪਾਲਾਸਵਾਮੀ ਐਂਇਗਰ ਸਾਬਕਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ, ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ, ਮੁਹੰਮਦ ਸਾਦਉੱਲਾ ਸਾਬਕਾ ਮੁੱਖ ਮੰਤਰੀ ਅਸਾਮ ਅਤੇ ਮੁਸਲਿਮ ਲੀਗ ਮੈਂਬਰ ਅਤੇ ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਸਨ।

ਸਰ ਬੈਨੇਗਲ ਨਾਰਸਿੰਗ ਰਾਓ ਨੂੰ ਜੋ ਕਿ 1950-54 ਦੌਰਾਨ ਪਹਿਲੇ ਭਾਰਤੀ ਅੰਤਰਰਾਸ਼ਟਰੀ ਨਿਆਂ ਜਸਟਿਸ ਰਹੇ ਹਨ ਨੂੰ ਸੰਵਿਧਾਨਿਕ ਸਲਾਹਕਾਰ ਬਣਾਇਆ ਗਿਆ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ ਕੀਤਾ ਗਿਆ। 26 ਨਵੰਬਰ, 1949 ਨੂੰ ਸੰਵਿਧਾਨ ਸਭਾ ਨੇ ਇਸਨੂੰ ਮੰਨਜੂਰ ਕਰ ਲਿਆ। 1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋਕਿ ਕਰੋੜ੍ਹਾਂ ਅਛੂਤਾਂ ਵਾਂਗ ਸਦੀਆਂ ਤੋਂ ਵਿਤਕਰੇ ਦਾ ਸ਼ਿਕਾਰ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਉਨ੍ਹਾਂ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿਤਾ। 1952 ਵਿੱਚ ਡਾਕਟਰ ਅੰਬੇਡਕਰ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਇਹ ਚੋਣ ਹਾਰ ਗਏ। ਮਾਰਚ 1952 ਵਿੱਚ ਡਾਕਟਰ ਅੰਬੇਡਕਰ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਜਿੰਦਗੀ ਦੇ ਅੰਤਿਮ ਸਮੇਂ ਤੱਕ ਉਹ ਰਾਜ ਸਭਾ ਮੈਂਬਰ ਬਣੇ ਰਹੇ।

ਡਾਕਟਰ ਅੰਬੇਡਕਰ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ ਅਤੇ ਕਈ ਅੰਦੋਲਨ ਕੀਤੇ। 25 ਦਸੰਬਰ, 1927 ਨੂੰ ਮਨੂੰ ਸਮ੍ਰਤਿ ਨੂੰ ਜਲਾਇਆ। ਉਨ੍ਹਾਂ ਨੇ 13 ਅਕਤੂਬਰ, 1935 ਨੂੰ ਐਲਾਨ ਕੀਤਾ ਸੀ ਕਿ ਉਹ ਹਿੰਦੁ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ।


ਉਨ੍ਹਾਂ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ। ਉਹ ਸਿੱਖ ਧਰਮ ਜਿਸ ਵਿੱਚ ਦਲਿਤਾਂ ਦੇ ਰਹਿਵਰ ਗੁਰੂਆਂ ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ ਅਤੇ ਜੋਕਿ ਸਭਨੂੰ ਬਰਾਬਰਤਾ ਦਾ ਸੁਨੇਹਾ ਦਿੰਦਾ ਹੈ ਨੂੰ ਅਪਣਾਉਣ ਲਈ ਤਿਆਰ ਹੋ ਗਏ ਪਰ ਕੁੱਝ ਉਚੱ ਜਾਤੀ ਦੇ ਸਿੱਖ ਧਰਮ ਦੇ ਲੀਡਰਾਂ ਕਾਰਨ ਆਪ ਸਿੱਖ ਧਰਮ ਨਾਂ ਅਪਣਾ ਸਕੇ। 1955 ਵਿੱਚ ਉਨ੍ਹਾਂ ਨੇ ਬੋਧ ਸੋਸਾਇਟੀ ਆਫ ਇੰਡੀਆ ਦੀ ਸਥਾਪਨਾ ਕੀਤੀ। 14 ਅਕਤੂਬਰ, 1956 ਨੂੰ ਡਾਕਟਰ ਅੰਬੇਡਕਰ ਨੇ ਲੱਖਾਂ ਸਾਥੀਆ ਸਮੇਤ ਬੁੱਧ ਧਰਮ ਅਪਣਾਇਆ। ਦਿੱਲੀ ਵਿੱਚ 6 ਦਸੰਬਰ 1956 ਨੂੰ ਡਾਕਟਰ ਅੰਬੇਡਕਰ ਸਾਨੂੰ ਸਦੀਵੀ ਵਿਛੋੜਾ ਦੇ ਗਏ।

ਭਾਰਤ ਸਰਕਾਰ ਵਲੋਂ 1992 ਵਿੱਚ ਆਪਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ। 14 ਅਪ੍ਰੈਲ 1992 ਨੂੰ ਪਹਿਲੀ ਵਾਰ ਭਾਰਤ ਸਰਕਾਰ ਨੇ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਅਤੇ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਗਿਆ। ਸਰਕਾਰ ਵਲੋਂ ਅਤੇ ਵੱਖ ਵੱਖ ਸਮਾਜਿਕ, ਰਾਜਨੀਤਿਕ ਸੰਗਠਨਾਂ ਵਲੋਂ ਹਰ ਸਾਲ ਦੀ ਤਰਾਂ ਅੱਜ ਡਾਕਟਰ ਅੰਬੇਡਕਰ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ।

# 100 ਸਾਲਾਂ ਬਾਦ ਵੀ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਪੂਰੀ ਪਹਿਚਾਣ ਅਤੇ ਸਨਮਾਨ ਨਾ ਮਿਲਿਆ

ਕੁਲਦੀਪ ਚੰਦ

ਅੱਜ ਦੇ ਦਿਨ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲਿਆਂਵਾਲਾ ਬਾਗ ਵਿੱਚ ਹੋਏ ਗੋਲੀਕਾਂਡ ਜਿਸ ਵਿੱਚ ਅਣਗਣਿਤ ਨਿਹੱਥੇ ਨਿਰਦੋਸ਼ ਲੋਕ ਮਾਰੇ ਗਏ ਅਤੇ ਜਖਮੀ ਹੋਏ ਸਨ ਨੂੰ ਯਾਦ ਕਰਕੇ ਹਰ ਭਾਰਤ ਵਾਸੀ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਪਰ ਇਸਤੋਂ ਵੀ ਵੱਡੇ ਦੁੱਖ ਅਤੇ ਰੋਸ ਦੀ ਗੱਲ ਹੈ ਕਿ ਜਲਿਆਂਵਾਲਾ ਬਾਗ ਵਿੱਚ ਮਾਰੇ ਗਏ ਲੋਕਾਂ ਨੂੰ ਸਹੀ ਪਹਿਚਾਣ ਅਤੇ ਸਨਮਾਨ ਅਜ਼ਾਦੀ ਦੇ 7 ਦਹਾਕਿਆਂ ਬਾਦ ਵੀ ਹਾਸਲ ਨਹੀਂ ਹੋਇਆ ਹੈ। ਜਲਿਆਂਵਾਲਾ ਬਾਗ ਪ੍ਰਸਿੱਧ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅਮ੍ਰਿਤਸਰ ਦੇ ਨੇੜੇ ਹੈ। ਇਤਿਹਾਸ ਅਨੁਸਾਰ ਇਹ ਬਾਗ ਹਿੰਮਤ ਸਿੰਘ ਦੇ ਪਰਿਵਾਰ ਦੀ ਸੰਪਤੀ ਸੀ ਜੋ ਕਿ ਪਿੰਡ ਜੱਲਾ ਜੋਕਿ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਥਿਤ ਹੈ ਤੋਂ ਇੱਥੇ ਆਏ ਸਨ। ਇਸ ਪਰਿਵਾਰ ਨੂੰ ਜੱਲੇਵਾਲੇ ਜਾਂ ਜੱਲੇ ਜਾਂ ਜੱਲਾ ਆਦਿ ਕਿਹਾ ਜਾਂਦਾ ਸੀ। ਇੱਥੇ 1920 ਵਿੱਚ ਇੰਡੀਅਨ ਨੈਸ਼ਨਲ ਕਾਂਗਸਰ ਪਾਰਟੀ ਵਲੋਂ ਇੱਕ ਟਰੱਸਟ ਬਣਾਇਆ ਗਿਆ ਅਤੇ 1923 ਵਿੱਚ ਇਸ ਟਰੱਸਟ ਨੇ ਇਹ ਜਮੀਨ 560472/- ਰੁਪਏ ਵਿੱਚ ਖਰੀਦੀ ਸੀ। ਬਾਗ ਵਿੱਚ ਲਾਟ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ 925000/- ਰੁਪਏ ਦੀ ਲਾਗਤ ਨਾਲ ਬਣਾਈ ਗਈ ਸੀ। ਅਜਾਦੀ ਤੋਂ ਕਈ ਸਾਲਾਂ ਬਾਦ 1961 ਵਿੱਚ ਜੋਤੀ ਦੇ ਅਕਾਰ ਦਾ 45 ਫੁੱਟ ਉੱਚਾ ਲਾਲ ਪੱਥਰਾਂ ਵਾਲਾ ਖੰਭਾ ਇਸ ਗੋਲੀਕਾਂਡ ਵਿੱਚ ਮਾਰੇ ਗਏ ਸ਼ਹੀਦਾਂ ਦੀ ਯਾਦ ਵਿੱਚ ਬਣਾਇਆ ਗਿਆ। ਇੱਥੇ ਇੱਕ ਅਮਰ ਜੋਤੀ ਵੀ ਬਣਾਈ ਗਈ ਹੈ ਜੋਕਿ ਹਮੇਸ਼ਾ ਬਲਦੀ ਰਹਿੰਦੀ ਹੈ। ਇਸ ਗੋਲੀਕਾਂਡ ਦਾ ਇਤਿਹਾਸ ਵੇਖੀਏ ਤਾਂ ਬ੍ਰਿਟਿਸ਼ ਸਰਕਾਰ ਵਲੋਂ ਪਾਸ ਕੀਤੇ ਗਏ ਰਾਅਲਟ ਐਕਟ ਦੇ ਵਿਰੋਧ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਰੋਸ ਪ੍ਰਦਰਸ਼ਨ ਹੋ ਰਿਹਾ ਸੀ। ਇਸ ਕਾਰਨ ਬ੍ਰਿਟਿਸ਼ ਸਰਕਾਰ ਵਲੋਂ ਦੋ ਪ੍ਰਮੁੱਖ ਲੀਡਰਾਂ ਸਤਿਆਪਾਲ ਅਤੇ ਸੈਫੂਦੀਨ ਕਿਚਲੂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਸ ਕਾਰਨ 10 ਅਪ੍ਰੈਲ 1919 ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਘਰ ਮੂਹਰੇ ਲੋਕਾਂ ਵਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀ ਆਪਣੇ ਲੀਡਰਾਂ ਦੀ ਰਿਹਾਈ ਦੀ ਮੰਗ ਕਰ ਰਹੇ ਸਨ ਜਿਹਨਾਂ ਨੂੰ ਪੁਲਿਸ ਗ੍ਰਿਫਤਾਰ ਕਰਕੇ ਕਿਸੇ ਗੁੱਪਤ ਜਗ੍ਹਾ ਤੇ ਲੈ ਗਈ ਸੀ। ਬ੍ਰਿਟਿਸ਼ ਫੌਜ ਨੇ ਪ੍ਰਦਰਸ਼ਨਕਾਰੀਆਂ ਤੇ ਗੋਲੀ ਚਲਾ ਦਿੱਤੀ ਜਿਸ ਕਾਰਨ ਕਈ ਪ੍ਰਦਰਸ਼ਨਕਾਰੀ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ ਸਨ। ਇਸ ਤੋਂ ਬਾਅਦ ਅੰਗਰੇਜ਼ਾ ਖਿਲਾਫ ਰੋਸ ਹੋਰ ਵੱਧ ਗਿਆ ਅਤੇ ਪ੍ਰਦਰਸ਼ਨਕਾਰੀਆਂ ਨੇ ਸਰਕਾਰੀ ਦਫ਼ਤਰਾਂ ਅਤੇ ਰੇਲਵੇ ਸਟੇਸ਼ਨਾਂ ਤੇ ਹਮਲਾ ਕਰਕੇ ਭੰਨਤੋੜ ਸ਼ੁਰੂ ਕਰ ਦਿੱਤੀ। ਇਸ ਦੌਰਾਨ 5 ਯੂਰਪੀ ਨਾਗਰਿਕਾਂ ਸਮੇਤ ਕਈ ਸਰਕਾਰੀ ਅਧਿਕਾਰੀ ਅਤੇ ਆਮ ਨਾਗਰਿਕ ਮਾਰੇ ਗਏ। ਫੌਜ਼ ਨਾਲ ਪ੍ਰਦਰਸ਼ਨਕਾਰੀਆਂ ਦੀਆਂ ਕਈ ਝੜਪਾਂ ਹੋਈਆਂ ਜਿਸ ਵਿੱਚ 8 ਤੋਂ 20 ਪ੍ਰਦਰਸ਼ਨਕਾਰੀ ਮਾਰੇ ਗਏ। ਇਸਤੋਂ ਬਾਅਦ 11 ਅਪ੍ਰੈਲ, 1919 ਨੂੰ ਮਿਸ ਮਾਰਸੇਲਾ ਸ਼ੇਰਵੁੱਡ ਜੋ ਕਿ ਇੱਕ ਅੰਗਰੇਜ਼ ਮਿਸ਼ਨਰੀ ਸੀ ਅਤੇ ਸਕੂਲ ਚਲਾ ਰਹੀ ਸੀ ਨੇ ਸਕੂਲ ਬੰਦ ਕਰ ਦਿੱਤਾ ਅਤੇ ਲੱਗਭੱਗ 600 ਭਾਰਤੀ ਵਿਦਿਆਰਥੀਆਂ ਨੂੰ ਵਾਪਿਸ ਘਰ ਭੇਜ ਦਿੱਤਾ ਸੀ। ਇਸਦੇ ਰੋਸ ਵਜੋਂ ਭੜਕੀ ਭੀੜ ਨੇ ਕੂਚਾ ਕੂਰੀਚਨ ਤੰਗ ਗਲੀ ਵਿੱਚ ਉਸਨੂੰ ਵਾਲਾਂ ਤੋਂ ਫੜ ਕੇ ਘਸੀਟਿਆ ਅਤੇ ਕੁੱਟਿਆ। ਇਸਤੋਂ ਬਾਅਦ ਜਨਰਲ ਡਾਇਰ ਨੇ ਉਸੇ ਗਲੀ ਵਿੱਚ ਭਾਰਤੀਆਂ ਨੂੰ ਗੋਡਿਆਂ ਅਤੇ ਹੱਥਾਂ ਭਾਰ ਰੇਂਗ ਕੇ ਚੱਲਣ ਲਈ ਮਜ਼ਬੂਰ ਕੀਤਾ ਸੀ। ਇਸਤੋਂ ਅਗਲੇ ਦੋ ਦਿਨਾਂ ਤੱਕ ਪੰਜਾਬ ਵਿੱਚ ਹਿੰਸਾ ਦੀਆਂ ਵਾਰਦਾਤਾਂ ਹੁੰਦੀਆਂ ਰਹੀਆਂ। ਇਸਤੋਂ ਬਾਅਦ ਅੰਗਰੇਜ਼ ਸਰਕਾਰ ਨੇ ਸਾਰੇ ਪੰਜਾਬ ਵਿੱਚ ਮਾਰਸ਼ਲ ਲਾਅ ਲਗਾ ਦਿੱਤਾ। ਇਸਤੋਂ ਬਾਅਦ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਹਰਮਿੰਦਰ ਸਾਹਿਬ ਨੇੜੇ ਜ਼ਲਿਆਵਾਲਾ ਬਾਗ ਵਿੱਚ ਲੋਕਾਂ ਦਾ ਭਾਰੀ ਇਕੱਠ ਜਿਸ ਵਿੱਚ ਲੱਗਭੱਗ ਪੰਜ ਹਜ਼ਾਰ ਵਿਅਕਤੀ ਹਾਜ਼ਰ ਸਨ ਸ਼ਾਂਤੀਪੂਰਵਕ ਸਭਾ ਕਰ ਰਿਹਾ ਸੀ। ਇਹ ਜਲਸਾ ਸ਼ਾਮ ਦੇ 4 ਵੱਜ ਕੇ 30 ਮਿੰਟ ਤੇ ਸ਼ੁਰੂ ਹੋਇਆ ਸੀ। ਇਸ ਵਿੱਚ ਵੱਖ ਵੱਖ ਪਿੰਡਾਂ ਦੇ ਲੋਕ ਸ਼ਾਮਿਲ ਸਨ। ਸ਼ਾਮ ਦੇ 5 ਵੱਜ ਕੇ 30 ਮਿੰਟ ਤੇ ਬ੍ਰਿਗੇਡੀਅਰ ਜਨਰਲ ਰੇਜੀਨਾਲਡ ਡਾਇਰ ਦੀ ਕਮਾਂਡ ਵਿੱਚ ਬ੍ਰਿਟਿਸ਼ ਇੰਡੀਅਨ ਆਰਮੀ ਦਾ ਦਸਤਾ ਜਿਸ ਵਿੱਚ 65 ਫੌਜੀ ਗੋਰਖਾ ਅਤੇ 25 ਫੌਜੀ ਬਲੋਚ ਸਨ ਨੇ ਆ ਕੇ ਸ਼ਾਤੀਪੂਰਵਕ ਚੱਲ ਰਹੇ ਜਲਸੇ ਨੂੰ ਘੇਰਾ ਪਾ ਲਿਆ। ਇਹ ਫੌਜੀ 303 ਲੀ ਇਨਫੀਲਡ ਬੋਲਟ ਐਕਸ਼ਨ ਰਾਈਫਲਾਂ ਨਾਲ ਲੈਸ ਸਨ। ਇਸ ਮੌਕੇ ਜਨਰਲ ਡਾਇਰ ਆਪਣੇ ਨਾਲ ਦੋ ਗੱਡੀਆਂ ਵਿੱਚ ਮਸ਼ੀਨਗੰਨਾਂ ਵੀ ਲੈ ਕੇ ਆਇਆ ਸੀ। ਜਨਰਲ ਡਾਇਰ ਨੇ ਬਾਹਰ ਜਾਣ ਦੇ ਰਸਤੇ ਨੂੰ ਬੰਦ ਕਰ ਦਿੱਤਾ ਅਤੇ ਉਥੇ ਮਸ਼ੀਨਗੰਨਾਂ ਬੀੜ ਦਿੱਤੀਆਂ। ਜਨਰਲ ਡਾਇਰ ਨੇ ਬਿਨਾਂ ਕੋਈ ਚੇਤਾਵਨੀ ਦਿੱਤੇ ਹੀ ਜਲਸੇ ਉਤੇ ਫਾਈਰਿੰਗ ਦਾ ਹੁਕਮ ਦੇ ਦਿੱਤਾ। ਫੌਜ ਨੇ 10 ਮਿੰਟ ਤੱਕ ਗੋਲਾਬਾਰੀ ਕੀਤੀ ਜਿਸ ਨਾਲ ਸੈਂਕੜੇ ਨਿਹੱਥੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਜ਼ਖਮੀ ਹੋ ਗਏ। ਇਹ ਬਾਗ ਦੋ ਸੋ ਗਜ ਲੰਮਾ ਅਤੇ ਇੱਕ ਸੋ ਗਜ ਚੌੜਾ ਸੀ। ਉਸਦੇ ਚਾਰੇ ਪਾਸੇ ਦੀਵਾਰ ਸੀ ਅਤੇ ਦੀਵਾਰ ਦੇ ਨਾਲ ਹੀ ਘਰ ਸਨ। ਬਾਹਰ ਨਿਕਲਣ ਲਈ ਇੱਕ ਛੋਟਾ ਜਿਹਾ ਤੰਗ ਰਸਤਾ ਸੀ।ਕੁਝ ਲੋਕਾਂ ਨੇ ਖੂਹ ਵਿੱਚ ਛਾਲਾ ਮਾਰ ਦਿੱਤੀਆਂ ਪਰ ਆਪਣੀ ਜਾਨ ਨਾ ਬਚਾ ਸਕੇ। ਕੁਝ ਲੋਕਾਂ ਨੇ ਕੰਧ ਟੱਪ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਗੋਲੀਆਂ ਦੀ ਮਾਰ ਤੋਂ ਬਚ ਨਾ ਸਕੇ। ਇਹ ਗੋਲੀਬਾਰੀ ਉਦੋਂ ਹੀ ਖਤਮ ਹੋਈ ਜਦੋਂ ਫੌਜੀਆਂ ਦੀਆਂ ਗੋਲੀਆਂ ਖਤਮ ਹੋ ਗਈਆਂ। ਜਨਰਲ ਡਾਇਰ ਅਨੁਸਾਰ 1650 ਰਾਊਂਡ ਗੋਲੀਆਂ ਚਲਾਈਆਂ ਗਈਆਂ ਸਨ। ਖੂਹ ਵਿੱਚੋਂ 120 ਲਾਸ਼ਾਂ ਕੱਢੀਆਂ ਗਈਆਂ ਸੀ। ਇਸਤੋਂ ਬਾਅਦ ਮੁਕੰਮਲ ਕਰਫਿਊ ਲਗਾ ਦਿੱਤਾ ਗਿਆ। ਪੰਜਾਬ ਦੇ ਲੋਕਾਂ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਅੰਗਰੇਜ਼ਾਂ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਸੀ ਅਤੇ ਹਜ਼ਾਰਾਂ ਪੰਜਾਬੀਆਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ ਪਰ ਅੰਗਰੇਜ਼ਾਂ ਨੇ ਇਸਦੇ ਬਦਲੇ ਵਿੱਚ ਜਲਿਆਵਾਲਾ ਬਾਗ ਵਿੱਚ ਨਿਹੱਥੇ ਪੰਜਾਬੀ ਪੇਂਡੂਆਂ ਦੇ ਖੂਨ ਦੀ ਹੌਲੀ ਖੇਡੀ। ਜਲਿਆਵਾਲਾ ਬਾਗ ਵਿੱਚ ਆਪਣੀਆਂ ਜਾਨਾਂ ਗਵਾਉਣ ਵਾਲੇ ਲੋਕਾਂ ਦੀ ਅੱਜ ਤੱਕ ਤਾਂ ਪੂਰੀ ਗਿਣਤੀ ਅਤੇ ਜਾਣਕਾਰੀ ਹੀ ਪਤਾ ਨਹੀਂ ਚੱਲ ਸਕੀ ਹੈ ਅਤੇ ਨਾਂ ਹੀ ਅੱਜ ਤੱਕ ਉਨ੍ਹਾਂ ਨੂੰ ਸ਼ਹੀਦਾਂ ਦਾ ਦਰਜਾ ਦਿੱਤਾ ਹੈ। ਉਸ ਵੇਲੇ ਇਸ ਗੋਲੀਕਾਂਡ ਵਿੱਚ ਸ਼ਹੀਦ ਹੋਏ ਲੋਕਾਂ ਦੀ ਗਿਣਤੀ ਵੀ ਵੱਖ ਵੱਖ ਦਰਸਾਈ ਗਈ। ਅੰਗਰੇਜ਼ ਸਰਕਾਰ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਮਾਰੇ ਗਏ ਸਨ ਅਤੇ ਲੱਗਭੱਗ 1100 ਵਿਅਕਤੀ ਜਖਮੀ ਹੋਏ ਸਨ, ਸਿਵਲ ਸਰਜਨ ਡਾਕਟਰ ਵਿਲੀਅਮਜ਼ ਡੀਮੈਡੀ ਅਨੁਸਾਰ ਇਸ ਗੋਲੀਕਾਂਡ ਵਿੱਚ 1526 ਵਿਅਕਤੀ ਸ਼ਹੀਦ ਹੋਏ ਹਨ, ਇੰਡੀਅਨ ਨੈਸ਼ਨਲ ਕਾਂਗਰਸ ਅਨੁਸਾਰ ਇਨ੍ਹਾਂ ਦੀ ਗਿਣਤੀ 1500 ਤੋਂ ਵੱਧ ਦੱਸੀ ਗਈ ਸੀ, ਡਿਪਟੀ ਕਮਿਸ਼ਨਰ ਅਮ੍ਰਿਤਸਰ ਦੇ ਦਫਤਰ ਵਿੱਚ ਲਗਾਈ ਗਈ ਸੂਚੀ ਅਨੁਸਾਰ ਇਸ ਗੋਲੀਕਾਂਡ ਵਿੱਚ 484 ਵਿਅਕਤੀ ਸ਼ਹੀਦ ਹੋਏ ਸਨ ਜਦਕਿ ਜਲਿਆਂਵਾਲਾ ਬਾਗ ਵਿੱਚ ਸਿਰਫ 388 ਵਿਅਕਤੀਆਂ ਦੀ ਹੀ ਸੂਚੀ ਹੈ। ਬ੍ਰਿਟਿਸ਼ ਸਰਕਾਰ ਦੇ ਰਿਕਾਰਡ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਸਹੀਦ ਹੋਏ ਸਨ ਜਿਨ੍ਹਾਂ ਵਿੱਚ 337 ਪੁਰਸ਼, 41 ਨਾਬਾਲਿਗ ਲੜਕੇ ਅਤੇ 01 ਛੇ ਹਫਤੇ ਦਾ ਬੱਚਾ ਸ਼ਾਮਿਲ ਸੀ। ਉਨ੍ਹਾਂ ਅਨੁਸਾਰ ਇਸ ਗੋਲੀਕਾਂਡ ਵਿੱਚ 200 ਵਿਅਕਤੀ ਜਖਮੀ ਹੋਏ ਸਨ। ਕੁੱਝ ਇਤਿਹਾਸਕਾਰਾਂ ਸਨ ਇਸ ਗੋਲੀਕਾਂਡ ਨੂੰ ਕਰਵਾਉਣ ਵਿੱਚ ਕੁੱਝ ਸਥਾਨਕ ਆਗੂਆਂ ਦਾ ਵੀ ਵੱਡਾ ਹੱਥ ਸੀ। ਉਸ ਵੇਲੇ ਦਰਬਾਰ ਸਾਹਿਬ ਤੇ ਮਹੰਤਾਂ ਨੇ ਕਬਜ਼ਾ ਕੀਤਾ ਹੋਇਆ ਸੀ ਅਤੇ ਦਰਬਾਰ




(ਬਾਕੀ ਸਫਾ 27 'ਤੇ)

# ਵਿਦਿਆ ਬਿਨ, ਮਤੀ ਗਈ। ਮਤੀ ਬਿਨ, ਨੀਤੀ ਗਈ। ਨੀਤੀ ਬਿਨ, ਗਤੀ ਗਈ। ਗਤੀ ਬਿਨ, ਧਨ ਗਿਆ। ਧਨ ਬਿਨ, ਸ਼ੂਦਰ ਪਤਿਤ ਹੋਏ।



ਹਰਦੀਪ ਸਿੰਘ ਚੁੰਬਰ
+91-94636-01616

ਹਜਾਰਾਂ ਸਾਲਾਂ ਤੋਂ ਇਹ ਭਿਆਨਕ ਤਬਾਹੀ ਸਿਰਫ਼ ਅਗਿਆਨਤਾ ਦੇ ਕਾਰਨ ਸੀ। ਮਹਾਤਮਾ ਜੋਤੀਬਾ ਫੂਲੇ ਜੀ, ਇਸ ਆਧੁਨਿਕ ਭਾਰਤ ਮਾਹਾਨ ਪਿਤਾ ਦੇ ਸਭ ਤੋਂ ਮਹਾਨ ਪਿਤਾਮਾ ਦੇ ਵਿਚਾਰ, ਜਿਸ ਵਿਚ ਉਹਨਾਂ ਦੇ ਜੀਵਨ ਫਲਸਫੇ ਅਤੇ ਉਦੇਸ਼ ਦਾ ਸੰਪੂਰਨ ਵਿਖਿਆਨ ਹੈ। 'ਮਹਾਤਮਾ ਜੋਤੀਬਾ' ਗੋਵਿੰਦਰਾਓ ਫੂੱਲੇ ਜੀ ਉਨ੍ਹੀਵੀਂ ਸਦੀ ਦੇ ਭਾਰਤ ਦੇ ਪ੍ਰਸਿੱਧ ਸਮਾਜਕ ਸੁਧਾਰਕ ਅਤੇ ਚਿੰਤਕ ਸਨ।ਹਜਾਰਾਂ ਸਾਲਾਂ ਤੋ ਜੁਲਮਾ ਦੇ ਸ਼ਿਕਾਰ ਹੋਏਮੂਲ ਭਾਰਤੀ ਸਛੂੱਤ, ਅਛੂੱਤ ਸ਼ੂਦਰ, ਅਤੇ ਭਾਰਤੀ ਔਰਤਾਂ ਨੂੰ ਧਨ, ਧਰਤੀ ਅਤੇ ਸਿੱਖਿਆ ਤੋ ਬੇਦਖਲ ਅਤੇ ਵੰਚਿਤ ਕਰ ਬਦਤਰ ਜਿੰਦਗੀ ਜੀਣ ਲਈ ਮਜਬੂਰ ਸਨ। ਉਹ ਭਾਰਤ ਦੇ ਕਰੀਬ 74% (50% ਔਰਤ ਅਬਾਦੀ ਅਤੇ 24% ਐਸਸੀ, ਐਸਟੀ) ਲੋਕਾਂ ਲਈ ਸਿੱਖਿਆ ਅਤੇ ਤਰੱਕੀ ਦੇ ਰਾਹ ਖੋਲਣ ਵਾਲੇ ਮਹਾਨ ਸਮਾਜ ਸੁਧਾਰਕ ਅਤੇ ਜਾਤੀਵਾਦ ਦੇ ਕੋਹੜ ਦੇ ਵਿਰੁੱਧ ਸਮਾਜਿਕ ਅੰਦੋਲਨ ਦੇਸੁਰੂਆਤ ਕਰਨ ਵਾਲੇ ਮੋਢੀਮੰਨੇ ਜਾਂਦੇ ਹਨ। ਮਹਾਤਮਾ ਜੋਤੀਬਾ ਫੂੱਲੇ ਨੂੰ ਭਾਰਤ ਵਿਚ ਮਾਨਸਿਕ ਰੋਗੀ, ਵਿਧਵਾਵਾਂ ਅਤੇ ਅਨਾਥਾਂ ਲਈ ਆਸ਼ਰਮ ਦੀ ਸ਼ੁਰੂਆਤ ਕਰਨ ਵਾਲੇ ਪਹਿਲੇ ਭਾਰਤੀ ਮਹਾਨ ਪੁਰਸ਼ ਮੰਨਿਆ ਜਾਂਦਾ ਹੈ।

**ਬਚਪਨ ਅਤੇ ਅਰੰਭਕ ਜੀਵਨ:-** ਭਾਰਤ ਦੇ ਮਹਾਨ ਸਪੂਤਮਹਾਤਮਾ ਜੋਤੀਰਾਓ ਗੋਵਿੰਦਰਾਓ ਫੂਲੇ ਜੀ ਦਾ ਜਨਮ11 ਅਪ੍ਰੈਲ 1827 ਵਿਚ ਮਹਾਰਾਸ਼ਟਰ ਦੇ ਸਤਾਰਾ ਜ਼ਿਲੇ ਵਿਚ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਂ ਗੋਵਿੰਦਰਾਓ ਫੂਲੇ ਜੀ ਅਤੇਮਾਤਾ ਜੀ ਦਾ ਨਾਂ ਚਿਮਨਾਬਾਈ ਫੂਲੇ ਸੀ। ਉਹਨਾਂ ਦੀ ਪਤਨੀ ਸਾਵਿਤਰੀ ਬਾਈ ਫੂਲੇ ਜੀ ਅਤੇ ਇੱਕ ਪੁੱਤਰ ਯਸ਼ਵੰਤਰਾਓ ਫੂਲੇ (ਗੋਦ ਲਏ ਪੁੱਤਰ) ਜੀ ਸਨ। ਉਹਨਾਂ ਦਾ ਇਕ ਭਰਾ ਵੀ ਸੀ। ਉਹਨਾਂ ਸਕਾਟਿਸ਼ ਮਿਸ਼ਨ ਦੇ ਹਾਈ ਸਕੂਲ, ਪੁਣੇ ਤੋ ਦਸਵੀਂ ਤਕ ਦੀ ਸਿੱਖਿਆ ਪ੍ਰਪਤ ਕੀਤੀ।ਉਨ੍ਹਾਂ ਦੇ ਪਿਤਾ ਜੀ ਗੋਵਿੰਦਰਾਓ ਪੂਨਾਂ ਵਿਚ ਇਕ ਸਬਜ਼ੀ-ਵਿਕਰੇਤਾ ਸਨ ਅਤੇ ਪ੍ਰਿਵਾਰ 'ਮਾਲੀ' ਜਾਤੀ ਨਾਲ ਸੰਬੰਧਿਤ ਸੀ। ਉਨ੍ਹਾਂ ਦਾ ਅਸਲੀ ਜਾਤੀ 'ਗੋਰਹੂ' ਸੀ। ਮਾਲੀਆਂ ਨੂੰ ਬ੍ਰਾਹਮਣੀ ਵਰਣ-ਵਿਵਸਥਾ ਵਿਚ ਨੀਵੀਂ ਜਾਤੀ ਅਤੇ ਸਮਾਜਿਕ ਤੌਰ ਤੇ ਬਹਿਸਕਾਰਤ ਕੀਤਾ ਮੰਨਿਆ ਜਾਂਦਾ ਹੈ।

ਮਹਾਤਮਾ ਜੋਤੀਬਾ ਜੀ ਦੇ ਮਾਤਾ-ਪਿਤਾ ਫੁੱਲਾਂ ਦਾ ਕੰਮ ਕਰਦੇ ਸਨ, ਇਸ ਲਈ ਪਰਿਵਾਰ ਨੂੰ 'ਫੂਲੇ' ਪਰਿਵਾਰ ਵਜੋਂ ਜਾਣਿਆ ਜਾਣ ਲੱਗਾ। ਜਦੋਂ ਉਹ ਕੇਵਲ ਨੌਂ ਮਹੀਨਿਆਂ ਦੇ ਹੀ ਸਨ, ਮਹਾਤਮਾ ਜੋਤੀਬਾ ਜੀ ਦੀ ਮਾਤਾ ਜੀ ਦਾ ਦੇਹਾਂਤ ਹੋ ਗਿਆ। ਪਿਤਾ ਨੇ ਦੁਬਾਰਾ ਵਿਆਹ ਨਾਂ ਕਰਾਇਆ, ਇਕ ਨੇਕ ਦਿਲ ਔਰਤ ਨੂੰ ਬੱਚਿਆਂ ਦੀ ਦੇਖ ਭਾਲ ਲਈ ਰਖ ਲਿਆ। ਇਸ ਔਰਤ ਦਾ ਮਹਾਤਮਾ ਉਤੇ ਪ੍ਰਭਾਵ ਰਿਹਾ। ਜੋਤੀਰਾਓ ਜੀ ਬਚਪਨ ਤੋਂ ਹੀ ਬੁੱਧੀਮਾਨ ਸਖਸ਼ੀਅਤ ਦੇ ਮਾਲਕ ਸਨ ਪਰ ਘਰ ਵਿਚ ਮਾੜੀ ਵਿੱਤੀ ਸਥਿਤੀ ਕਾਰਨ ਉਸ ਨੂੰ ਛੋਟੀ ਉਮਰ ਵਿਚ ਪ੍ਰਾਇਮਰੀ ਤੋਂ ਬਾਅਦ ਪੜ੍ਹਾਈ ਰੋਕਣੀ ਪਈ। ਉਸਨੇ ਪਰਿਵਾਰ ਦੇ ਮਾਲ ਖੋਤਾਂ ਵਿਚ ਕੰਮ ਕਰਕੇ ਆਪਣੇ ਪਿਤਾ ਦੀ ਮਦਦ ਕਰਨਾ ਸ਼ੁਰੂ ਕਰ ਦਿੱਤਾ। ਬੱਚੇ ਦੀ ਵਿਲੱਖਣਤਾ ਦੀ ਪ੍ਰਤਿਭਾ ਨੂੰ ਪਛਾਣਦੇ ਹੋਏ, ਇਕ ਗੁਆਂਢੀ ਨੇ ਆਪਣੇ ਪਿਤਾ ਨੂੰ ਉਸ ਨੂੰ ਸਕੂਲ ਭੇਜਣ ਲਈ ਮਨਾ ਲਿਆ। 1841 ਵਿਚ, ਜੋਤੀਬਾ ਜੀ ਨੇ ਸਕੌਟਿਸ਼ ਮਿਸ਼ਨ ਦੇ ਹਾਈ ਸਕੂਲ, ਪੂਨਾ ਵਿਚ ਦਾਖ਼ਲਾ ਲੈ ਲਿਆ ਅਤੇ 1847 ਵਿਚ ਆਪਣੀ ਪੜ੍ਹਾਈ ਪੂਰੀ ਕੀਤੀ। ਉੱਥੇ ਉਹਨਾਂ ਦਾ ਮਿਲਾਪ ਇਕ ਬ੍ਰਾਹਮਣ ਲੜਕੇ ਸਦਾਸਿਵ ਬੱਲਾਲ ਗੋਵੰਡੇ ਨਾਲ ਹੋਇਆ ਜਿਹੜਾ ਜੀਵਨ ਭਰ ਉਹਨਾਂ ਦੀ ਕਰੀਬੀ ਦੋਸਤ ਬਣਿਆ ਰਿਹਾ। ਜਦੋਂ ਉਹ ਕੇਵਲ 13 ਸਾਲ ਦੇ ਹੋਏ ਉਹਨਾਂ ਦਾ ਵਿਆਹ ਸਾਵਿਤਰੀਬਾਈ ਜੀ ਨਾਲ ਹੋਇਆ।

**ਸਮਾਜਿਕ ਬੇਇਨਸਾਫੀ ਦਾ ਸ਼ਿਕਾਰ :-** 1848 ਵਿਚ, ਇਕ ਘਟਨਾ ਨੇ ਮਹਾਤਮਾ ਜੋਤੀਬਾ ਜੀ ਨੂੰ ਜਾਤਪਾਤ ਦੇ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਇਸ ਸਮਾਜਿਕ ਬੇਇਨਸਾਫੀ ਨੇ ਉਹਨਾਂ ਨੂੰ ਭਾਰਤੀ ਸਮਾਜ ਨਾਬਰਾਬਰੀ ਵਿਰੁੱਧ ਜੀਵਨ ਦਾ ਮਕਸਦ ਬਨਾਉਣ ਲਈ ਪ੍ਰੇਰਤ ਕੀਤਾ, ਅਤੇ ਦਿਲ ਅੰਦਰ ਸਮਾਜਿਕ ਇਨਕਲਾਬ ਦੀ ਜੋਤੀ ਜਗਾ ਦਿਤੀ ਇਹ ਘਟਨਾ ਸੀ ਕਿ ਮਹਾਤਮਾ ਜੋਤੀਰਾਓ ਨੂੰ ਉਨ੍ਹਾਂ ਦੇ ਇੱਕ ਬ੍ਰਾਹਮਣ ਦੋਸਤ ਨੇ ਆਪਣੇ ਵਿਆਹ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਪਰ ਬਰਾਤ ਸਮੇਂ ਲਾੜੇ ਦੇ ਰਿਸ਼ਤੇਦਾਰਾਂ ਨੇ ਮਹਾਤਮਾ ਜੋਤੀਬਾ ਦੀ ਛੋਟੀ ਜਾਤੀ ਸਬੰਧਤ ਹੋਣ ਕਾਰਨ ਬੇਇੱਜ਼ਤ ਕੀਤਾ ਅਤੇ ਇਸ ਤਰਾਂ ਜਦੋਂ ਉਹਨਾਂ ਨੂੰ ਉਸਦੇ ਜਨਮ ਕਾਰਨ ਛੋਟੀ ਜਾਤੀ ਹੋਣ ਬਾਰੇ ਪਤਾ ਲੱਗਾ ਤਾਂ ਮਹਾਤਮਾ ਜੋਤੀਬਾ ਜੀ ਨੇ ਵਿਆਹ ਸਮਾਰੋਹ ਛੱਡ ਦਿੱਤਾ। ਹੁਣ ਉਹਨਾਂ ਪ੍ਰਚਲਿਤ ਜਾਤੀਵਾਦੀ-ਪ੍ਰਣਾਲੀ ਅਤੇ ਸਮਾਜਿਕ ਪਾਬੰਦੀਆਂ ਨੂੰ ਚੁਣੌਤੀ ਦੇਣ ਲਈ ਆਪਣਾ ਮਨ ਬਣਾ ਲਿਆ। ਉਸ ਨੇ ਸਮਾਜਿਕ ਬਹਿਸਕਿਰਤ ਸਮਾਜ ਦੀ ਪ੍ਰਣਾਲੀ ਨੂੰ ਖ਼ਤਮ ਕਰਨ ਅਤੇ ਵੰਚਿਤ ਸਮਾਜ ਦੇ ਸਾਰੇ ਮਨੁੱਖਾਂ ਦੀ ਮੁਕਤੀ ਨੂੰ ਜੀਵਨ ਨਿਸ਼ਾਨਾ ਬਣਾ ਲਿਆ। ਮਹਾਤਮਾ ਜੋਤੀਰਾਓ ਨੇ ਜਦੋ ਥੌਮਸ ਪੇਨ ਦੀ ਮਸ਼ਹੂਰ ਕਿਤਾਬ 'ਦ ਰਾਈਟਸ ਆਫ ਮੈਨ' (ਮਨੁੱਖ ਦੇ ਅਧਿਕਾਰ) ਨੂੰ ਪੜ੍ਹਿਆ ਤਾਂ ਉਹ ਉਹਨਾਂ ਦੇ, ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਸਮਾਜਿਕ ਬੁਰਾਈਆਂ ਦਾ ਮੁਕਾਬਲਾ ਕਰਨ ਲਈ ਔਰਤਾਂ ਦੀ ਸਿੱਖਿਅਤ ਹੋਣਾ ਸਭ ਤੋਂ ਮੁੱਢਲੀ ਜਰੂਰਤ ਹੈ। ਸਕੂਲ ਲੜਕੀਆਂ ਨੂੰ ਹਿਸਾਬ, ਭੂਗੋਲ ਅਤੇ ਇਤਿਹਾਸ ਪੜ੍ਹਾਇਆ ਜਾਂਦਾ ਸੀ।

### ਔਰਤਾਂ ਦੀ ਸਿੱਖਿਆ ਲਈ ਯਤਨ

ਸੁਧਾਰ ਹਮੇਸ਼ਾ ਆਪਣੇ ਤੋਂ ਸੁਰੂ ਹੁੰਦਾ ਹੈ। ਇਸ ਲਈ ਉਹਨਾਂ ਨੇ ਸਭ ਤੋਂ ਪਹਿਲਾਂ ਆਪਣੀ ਪਤਨੀ ਨੂੰ ਸਿੱਖਿਆ ਦੇਣੀ ਸੁਰੂ ਕੀਤੀ। ਜੇ ਕਰ ਸੁਧਾਰ ਘਰ ਤੋਂ ਸੁਰੂ ਹੋਇਆ ਤਾਂ ਵਿਰੋਧ ਵੀ ਹੋਇਆ। ਉਹਨਾਂ ਨੂੰ ਘਰ ਛੱਡਣ ਲਈ ਮਜਬੂਰ ਹੋਣਾ ਪਿਆ। ਸਵਿਤਰੀ ਬਾਈ ਫੂਲੇ ਨੂੰ ਮਹਾਤਮਾ ਜੋਤੀ ਰਾਓ ਨੇ ਪੜ੍ਹਨਾ ਅਤੇ ਲਿਖਣਾ ਸਿਖਾਇਆ। ਜੋਤੀ ਨੇ ਘਰ ਛੱਡਿਆ ਤਾਂ ਇਕ ਮੁਸਲਮਾਨ ਪ੍ਰੀਵਾਰ ਨੇ ਉਹਨਾਂ ਨੂੰ ਆਪਣੇ ਘਰ ਸਹਾਰਾ ਦਿਤਾ। 1851 ਵਿਚ, ਮਹਾਤਮਾ ਜੋਤੀਬਾ ਜੀ ਨੇ ਲੜਕੀਆਂ ਦੇ ਸਕੂਲ ਦੀ ਸਥਾਪਨਾ ਕੀਤੀ। ਜਿੱਥੇ ਭਾਰਤੀ ਔਰਤਾਂ ਲਈ ਉਹਨਾਂ ਪਹਿਲਾ ਸਕੂਲ ਵੀ ਖੋਲਿਆ ਅਤੇ ਮਾਤਾ ਸਵਿਤਰੀਬਾਈ ਫੂਲੇ ਭਾਰਤ ਦੇ ਔਰਤਾਂ ਦੇ ਸਕੂਲ ਦੀ ਪਹਿਲੀ ਔਰਤ ਅਧਿਆਪਕ ਵੀ ਬਣੀ। ਸਵਿਤਰੀ ਬਾਈ ਫੂਲੇ ਨੇ ਮਹਾਤਮਾ ਜੋਤੀਬਾ ਜੀ ਫੂਲੇ ਦੇ ਸੁਰੂ ਕੀਤੇ ਔਰਤਾਂ ਨੂੰ ਸਿੱਖਿਆ ਦੇ ਅਧਿਕਾਰ ਦੇਣ ਦੇ ਯਤਨਾਂ ਦਾ ਸਾਰੀ ਉਮਰ ਸਮਰਥਨ ਵੀ ਕੀਤਾ ਅਤੇ ਖੁਦ ਵੀ ਕਈ ਤਰਾਂ ਦੀ ਸਮਾਜ ਵਿੱਚ ਲਗੇ ਰਹੇ। ਬਾਅਦ ਵਿਚ, ਉਸਨੇ ਲੜਕੀਆਂ ਲਈ ਦੋ ਹੋਰ ਸਕੂਲ ਖੋਲ੍ਹੇ ਅਤੇ ਹੇਠਲੇ ਜਾਤਾਂ ਲਈ ਇਕ ਆਦਿਵਾਸੀ ਸਕੂਲ ਖੋਲ੍ਹਿਆ, ਖਾਸ ਤੌਰ 'ਤੇ ਮਹਾਰਾਂ ਅਤੇ ਮਾਗਾਂ ਲਈ। ਆਪਣੇ ਪੁੱਤਰ ਨੂੰ ਡਾਕਟਰ ਬਣਾਇਆ ਅਤੇ ਸਮਾਜ ਸੇਵਾ ਵਿਚ ਲਗਾਇਆ।



### ਵਿਧਵਾਵਾਂ ਦਾ ਪੁਨਰ ਵਸੇਬਾ

ਮਹਾਤਮਾ ਜੋਤੀਬਾ ਜੀਨੇ ਵਿਧਵਾਵਾਂ ਦੀਆਂ ਮਾੜੀਆਂ ਹਾਲਤਾਂ ਅਤੇ ਸਮਸਿਆਵਾਂ ਨੂੰ ਸਮਝਿਆ, ਵਿਧਵਾਵਾਂ ਲਈ ਆਸ਼ਰਮ ਬਣਾਏ, ਉਹਨਾਂ ਦੇ ਵਿਧਵਾ ਵਿਆਹ ਦੀ ਸੁਰੂਆਤ ਕੀਤੀ। ਵਿਧਵਾਵਾਂ ਦੀ ਦੁਰਦਸ਼ਾ ਕਾਰਨ ਉਹ ਬਹੁਤ ਉਦਾਸ ਹੋ ਗਏ ਸਨ, ਖ਼ਾਸ ਤੌਰ 'ਤੇ ਉਨ੍ਹਾਂ ਵਿਧਵਾਵਾਂ ਨਾਲ ਜਿਸ ਦਾ ਦੂਜੇ ਮਰਦਾਂ ਦੁਆਰਾ ਕੀਤੇ ਗਏ ਸ਼ੋਸ਼ਣ ਦੇ ਕਾਰਨ ਆਪਣੇ ਪਤੀਆਂ ਦੀ ਮੌਤ ਤੋਂ ਬਾਅਦ ਗਰਭਵਤੀ ਹੋਈਆਂ ਸਨ। ਉਸ ਨੇ ਇਕ ਅਜਿਹੇ ਘਰ ਖੋਲ੍ਹਿਆ ਜਿੱਥੇ ਅਜਿਹੇ ਵਿਧਵਾ ਬੱਚਿਆਂ ਨੂੰ ਸੁਰੱਖਿਅਤ ਢੰਗ ਨਾਲ ਜਨਮ ਦੇ ਸਕਦੀਆਂ ਸਨ ਅਤੇ ਬੱਚਿਆਂ ਦੀ ਪ੍ਰਵਰਿਸ਼ ਕਰ ਸਕਦੀਆਂ ਸਨ। ਮਰਦ ਪ੍ਰਧਾਨ ਸਮਾਜ ਵਿੱਚ ਔਰਤਾਂ ਦੀ ਸਥਿਤੀ ਬਹੁਤ ਹੀ ਮਾੜੀ ਸੀ। ਹਰ ਵਰਗ ਦੀਆਂ ਔਰਤਾਂ ਨੂੰ ਕਈ ਤਰਾਂ ਦੇ ਜੁਲਮਾਂ ਦਾ ਸ਼ਿਕਾਰ ਹੋਣਾ ਦੀਆਂ ਆਮ ਘਟਨਾ ਸਨ। ਸਮਾਜ ਵਿੱਚ ਬਾਲ ਵਿਆਹ ਦਾ ਰਿਵਾਜ ਸੀ, ਕਈ ਵਾਰ ਬੱਚੀਆਂ ਵੱਡੇ ਉਮਰ ਦੇ ਮਰਦਾਂ ਨਾਲ ਵਿਆਹੀਆਂ ਜਾਂਦੀਆਂ ਸਨ। ਜਦੋਂ ਇਹ ਵਿਆਹੀਆਂ ਬੱਚੀਆਂ ਅਕਸਰ ਜਵਾਨ ਹੁੰਦੀਆਂ ਤਾਂ ਮਰਦ ਦੇ ਵੱਡੀ ਉਮਰ ਨਾਲ ਮਰਨ ਉਪਰੰਤ ਇਹ ਵਿਧਵਾ ਹੋ ਜਾਂਦੀਆਂ ਸਨ। ਕੋਈ ਵੀ ਪਰਿਵਾਰ ਇਸ ਵਿਧਵਾਦੀ ਸਹਾਇਤਾ ਲਈ ਅਗੇ ਆਉਂਦਾ, ਜੋਤਿਬਾ ਔਰਤ ਦੀ ਇਸ ਦੁਰਦਸ਼ਾ ਤੋਂ ਦੁਖੀ ਸੀ। ਉਹਨਾਂ ਨੇ 1854 ਵਿਚ ਇਹਨਾਂ ਮੰਦਭਾਗੀਆ ਔਰਤਾਂ ਨੂੰ ਸਮਾਜ ਦੇ ਨਿਰਦਈ ਹੱਥੋਂ ਤਬਾਹ ਹੋਣ ਤੋਂ ਬਚਾਉਣ ਲਈ ਇਕ ਯਤੀਮਖਾਨਾ ਦੀ ਸਥਾਪਨਾ ਕੀਤੀ।

### ਜਾਤਪਾਤ ਵਿਤਕਰੇ ਦੇ ਖ਼ਤਮ ਕਰਨ ਲਈ ਯਤਨ

ਮਹਾਤਮਾ ਜੋਤੀਓ ਜੀ ਨੇ ਰੂੜੀਵਾਦੀ ਬ੍ਰਾਹਮਣ ਅਤੇ ਹੋਰ ਉੱਚ ਜਾਤੀਆਂ ਤੇ ਹਮਲਾ ਕੀਤਾ ਅਤੇ ਉਹਨਾਂ ਨੂੰ "ਪਖੰਡੀ" ਕਰਾਰ ਦਿਤਾ। ਉਸਨੇ ਉੱਚ ਜਾਤੀਆਂ ਦੇ ਲੋਕਾਂ ਦੇ ਅਮਾਨਵੀਆ ਤਾਨਾਸ਼ਾਹੀ ਦੇ ਖਿਲਾਫ ਪ੍ਰਚਾਰ ਕੀਤਾ ਅਤੇ ਉਨ੍ਹਾਂ 'ਤੇ ਲਗਾਏਆਂ ਗਈਆਂ ਪਾਬੰਦੀਆਂ ਨੂੰ ਚੁਣੌਤੀ ਦੇਣ ਲਈ "ਕਿਸਾਨਾਂ" ਅਤੇ "ਪ੍ਰੋਲੇਤਾਰੀ" ਨੂੰ ਅਪੀਲ ਕੀਤੀ।

ਉਸਨੇ ਜਾਤੀ ਕਾਰਨਾਂ ਕਰਕੇ ਦੁਰਕਾਰੇ ਅਤੇ ਪਛੜੇ ਲੋਕਾਂ ਦੀ ਸਹਾਇਤਾ ਲਈ ਹਮੇਸ਼ਾ ਆਪਣਾ ਦਿਲ ਅਤੇ ਘਰ ਖੁੱਲਾ ਰੱਖਿਆ। ਉਹ ਬਿਨਾਂ ਕਿਸੇ ਲਿੰਗ, ਜਾਤੀ ਭੇਦ ਕੀਤੇ ਹਰ ਤਰਾਂ ਨਾਲ ਮਾਨਵਤਾ ਬਰਾਬਰੀ ਦਾ ਵਿਸ਼ਵਾਸ ਰਖਦੇ ਸਨ ਅਤੇ ਉਸਨੇ ਆਪਣੀਆਂ ਸਾਰੀਆਂ ਸਮਾਜਿਕ ਸੁਧਾਰ ਦੀਆਂ ਗਤੀਵਿਧੀਆਂ ਵਿੱਚ ਆਪਣੀ ਪਤਨੀ ਨੂੰ ਸ਼ਾਮਲ ਕਰਕੇ ਆਪਣੇ ਵਿਸ਼ਵਾਸਾਂ ਦੀ ਮਿਸਾਲ ਦਾ ਅਨੁਸਰਣ ਕੀਤਾ। ਉਹ ਵਿਸ਼ਵਾਸ ਕਰਦੇ ਸਨ ਕਿ ਹਿੰਦੂ ਧਾਰਮਿਕਤਾ, ਉੱਚ ਜਾਤੀਆਂ ਦੁਆਰਾ ਹੇਠਲੀਆਂ ਜਾਤੀਆਂ ਨੂੰ ਗਲਾਮ ਬਨਾਉਣ ਦੇ ਸਾਧਨ ਵਜੋਂ ਲਾਗੂ ਕੀਤੀ ਜਾਣ ਵਾਲੀ ਵਿਵਸਥਾ ਹੈ।

ਸਮਾਜ ਦੇ ਕਟੜਵਾਦੀ ਬ੍ਰਾਹਮਣ ਮਹਾਤਮਾ ਜੋਤੀਬਾ ਜੀ ਦੀਆਂ ਗਤੀਵਿਧੀਆਂ ਤੋਂ ਬਹੁਤ ਲੋਹੇ ਲਾਖੇ ਅਤੇ ਨਰਾਜ ਸਨ। ਉਨ੍ਹਾਂ ਨੇ ਉਨ੍ਹਾਂ ਨੂੰ ਸਮਾਜ ਦੇ ਨਿਯਮਾਂ ਅਤੇ ਨਿਯਮਾਂ ਨੂੰ ਵਿਗਾੜਨ ਲਈ ਜ਼ਿੰਮੇਵਾਰ ਠਹਿਰਾਇਆ। ਕਈਆਂ ਨੇ ਉਸ ਉੱਤੇ ਈਸਾਈ ਮਿਸ਼ਨਰੀਆਂ ਦੀ ਤਰਫ਼ੋਂ ਕੰਮ ਕਰਨ ਦਾ ਇਲਜ਼ਾਮ ਲਗਾਇਆ। ਪਰ ਮਹਾਤਮਾ ਜੋਤੀਰਾਓ ਫੂਲੇ ਨਿਡਰ ਅਤੇ ਅਡੋਲ ਸਨ ਉਹਨਾਂ ਜੋਰ ਸ਼ੋਰ ਨਾਲ ਅੰਦੋਲਨ ਜਾਰੀ ਰੱਖਿਆ। ਕੁੱਝ ਸੁਧਾਰਵਾਦੀ ਸੋਚ ਵਾਲੇ ਲੋਕਾਂ ਅਤੇ ਦੋਸਤਾਂ ਨੇ ਉਹਨਾਂ ਦਾ ਸਮਰਥਨ ਵੀ ਕੀਤਾ ਅਤੇ ਅੰਦੋਲਨ ਨੂੰ ਕਾਮਯਾਬ ਬਣਾਉਣ ਲਈ ਆਪਣੀ ਹਮਾਇਤ ਵੀ ਦਿੱਤੀ।

### ਸਤਿਆ ਸੋਧਕ ਸਮਾਜ ਸਥਾਪਨਾ

1873 ਵਿਚ, ਮਹਾਤਮਾ ਜੋਤੀਬਾ ਜੀ ਫੂਲੇ ਨੇ 'ਸਤਿਆ ਸੋਧਕ ਸਮਾਜ' ਇਕ ਸਮਾਜਕ ਸੰਗਠਨ ਦੀ ਸਥਾਪਨਾ ਕੀਤੀ। ਉਸਨੇ ਮੌਜੂਦਾ ਅੰਧਵਿਸ਼ਵਾਸਾਂ ਨੂੰ ਬਦਲਣ ਅਤੇ ਸਾਮਾਜ ਨੂੰ ਸਮਾਨਤਾ ਦੇ ਅਧਾਰ ਉਤੇ ਪੁਨਰ ਨਿਰਮਾਣ ਕਰਨ ਲਈ ਕੋਸ਼ਿਸ ਕੀਤੀ। ਮਹਾਤਮਾ ਜੋਤੀਰਾਓ ਨੇ ਹਿੰਦੂਆਂ ਦੇ ਪ੍ਰਾਚੀਨ ਗ੍ਰੰਥਾਂ ਵੇਦਾਂ ਦੀ ਜ਼ੋਰਦਾਰ ਨਿਖੇਧੀ ਕੀਤੀ। ਉਸਨੇ ਕਈ ਹੋਰ ਪ੍ਰਾਚੀਨ ਗ੍ਰੰਥਾਂ ਦੇ ਰਾਹੀਂ ਬ੍ਰਾਹਮਣਵਾਦੀ ਇਤਿਹਾਸ ਦਾ ਪਤਾ ਲਗਾਇਆ ਅਤੇ ਸਮਾਜ ਵਿੱਚ "ਸ਼ੂਦਰ" ਅਤੇ "ਅਤੀ ਸ਼ੂਦਰ" ਨੂੰ ਦਬਾਉਣ ਵਾਲੇ ਦਸਿਆ। ਸਤਿਆ ਸੋਧਕ ਸਾਮਾਜ ਦਾ ਮੰਤਵ ਸਮਾਜ ਨੂੰ ਜਾਤੀਗਤ ਭੇਦਭਾਵ ਤੋਂ ਮੁਕਤ ਕਰਨਾ ਅਤੇ ਬ੍ਰਾਹਮਣਾਂ ਦੁਆਰਾ ਤੰਗ-ਪ੍ਰੇਸ਼ਾਨ ਕੀਤੇ ਜਾ ਰਹੇ ਜਾਤੀ-ਸ਼ਿਕਾਰ ਲੋਕਾਂ ਨੂੰ ਆਜ਼ਾਦ ਕਰਾਉਣਾ ਸੀ। ਉਹਨਾਂ ਦਾ ਸੰਗਠਨ ਲਗਾਤਾਰ ਸਮਾਜ ਸੁਧਾਰ ਦਾ ਕੰਮ ਕਰ ਰਿਹਾ ਸੀ। 1876 ਤੱਕ 'ਸਤਿਆ ਸੋਧਕ ਸਮਾਜ' ਨੇ 316 ਮਿਹਨਤੀ ਮੈਂਬਰ ਹੋਣ ਦਾ ਮਾਣ ਹਾਸਲ ਕੀਤਾ। 1868 ਵਿਚ, ਮਹਾਤਮਾ ਜੋਤੀਰਾਓ ਨੇ ਸਾਰੇ ਮਨੁੱਖਾਂ ਪ੍ਰਤੀ ਆਪਣੇ ਗਲੇ ਲਗਾਉਣ ਦੇ ਰਵੱਈਏ ਨੂੰ ਪ੍ਰਦਰਸ਼ਿਤ ਕਰਨ ਲਈ ਆਪਣੇ ਘਰ ਦੇ ਬਾਹਰ ਇਕ ਆਮ ਨਹਾਉਣ ਦੀ ਟੈਂਕ ਬਣਾਉਣ ਦਾ ਫੈਸਲਾ ਕੀਤਾ ਅਤੇ ਸਰਵਸਮਾਜ ਵਿੱਚ ਖਾਣੇ ਦੀ ਸਾਂਝ ਵਿਚ ਯਕੀਨ ਰੱਖਦੇ ਸਨ। ਇਕ ਸਮਾਜਿਕ ਕਾਰਕੁਨ ਅਤੇ ਸੁਧਾਰਕ ਹੋਣ ਦੇ ਇਲਾਵਾ, ਉਹ ਇਕ ਵਪਾਰੀ ਵੀ ਸਨ।

ਉਹ ਇਕ ਕ੍ਰਿਸਾਨ ਅਤੇ ਮਿਉਂਸਪਲ ਕਾਰਪੋਰੇਸ਼ਨ ਦੇ ਠੇਕੇਦਾਰ ਵੀ ਸਨ। ਉਹਨਾਂ 1876 ਅਤੇ 1883 ਦੇ ਵਿਚਕਾਰ ਪੂਨਾ ਨਗਰਪਾਲਿਕਾ ਦੇ ਕਮਿਸ਼ਨਰ ਦੇ ਤੌਰ 'ਤੇ ਵੀ ਸੇਵਾ ਨਿਭਾਈ।

**ਮਹਾਤਮਾ ਜੋਤੀਬਾ ਜੀ ਦੀ ਮੌਤ-** ਮਹਾਤਮਾ ਜੋਤੀਬਾ ਜੀ ਫੂਲੇ ਨੇ ਆਪਣੀ ਪੂਰੀ ਜ਼ਿੰਦਗੀ ਬ੍ਰਾਹਮਣਾਂ ਦੇ ਸ਼ੋਸ਼ਣ ਤੋਂ ਅਛੂਤਾਂ ਦੀ ਮੁਕਤੀ ਲਈ ਸਮਰਪਿਤ ਕੀਤੀ। ਮਹਾਤਮਾ ਜੋਤੀਬਾ ਜੀ ਨੂੰ 1888 ਵਿਚ ਇਕ ਸਟਰੋਕ ਹੋਇਆ ਅਤੇ ਉਹਨਾਂ ਨੂੰ ਲਕਵਾ ਹੋ ਗਿਆ। 28 ਨਵੰਬਰ 1890 ਨੂੰ ਮਹਾਨ ਸਮਾਜ ਸੁਧਾਰਕ, ਮਹਾਤਮਾ ਮਹਾਤਮਾ ਜੋਤੀਰਾਓ ਫੂਲੇ ਜੀ ਦਾ ਦੇਹਾਂਤ ਹੋ ਗਿਆ।

ਮੁੰਬਈ ਦੇ ਮਹਾਨ ਸੁਧਾਰਕ, ਰਾਓ ਬਹਾਦੁਰ ਵਿਥਾਲਾ ਰਾਓ ਕ੍ਰਿਸ਼ਨਾਜੀ ਵਾਂਡੇਕਰ ਨੇ ਜੋਤੀਰਾਓ ਫੂਲੇ ਜੀ ਨੂੰ ਮਈ 1888 ਵਿਚ ਮਨੁੱਖਤਾ ਲਈ ਆਪਣੀਆਂ ਨਿਰਸੁਆਰਥ ਸੇਵਾਵਾਂ ਦੀ ਮਾਨਤਾ ਲਈ "ਮਹਾਤਮਾ" ਦਾ ਖਿਤਾਬ ਦਿੱਤਾ। ਮਹਾਤਮਾ ਜੋਤੀਬਾ ਫੂਲੇ ਦੀ ਸਭ ਤੋਂ ਵੱਡੀ ਸੋਚ ਜਾਤੀਵਾਦੀ ਸਮਾਜਿਕ ਕਲੰਕ ਦੇ ਖਿਲਾਫ ਆਪਣੀ ਲਗਾਤਾਰ ਲੜਾਈ ਦੇ ਪਿੱਛੇ ਵਿਚਾਰ ਹੈ, ਜੋ ਅਜ ਵੀ ਉਨਾਂ ਹੀ ਜ਼ਿਆਦਾ ਮਹਤਵ ਰਖਦਾ ਹੈ। ਉਨ੍ਹੀਵੀਂ ਸਦੀ ਵਿਚ ਬਹੁਤ ਸਾਰੇ ਲੋਕਾਂ ਨੂੰ ਉਹਨਾਂ ਦੇ ਦਿਸ਼ਾ ਨਿਰਦੇਸਾਂ ਨੂੰ ਸਮਾਜਿਕ ਆਦਰਸ਼ ਵਜੋਂ ਸਵੀਕਾਰ ਕਰਨ ਲਈ ਵਰਤਿਆ, ਇਹਨਾਂ ਨੂੰ ਬਿਨਾਂ ਕਿਸੇ ਪ੍ਰਸ਼ਨ ਦੇ ਲਾਗੂ ਕਰਨ ਦੀ ਲੋੜ ਵਜੋਂ ਮਾਨਤਾ ਰਖਦੇ ਹਨ।ਮਹਾਤਮਾ ਜੋਤੀਬਾ ਜੀ ਨੇ ਜਾਤ, ਵਰਗ ਅਤੇ ਰੰਗ ਦੇ ਆਧਾਰ ਤੇ ਇਸ ਭੇਦਭਾਵ ਨੂੰ ਬਦਲਣ ਦੀ ਕੋਸ਼ਿਸ਼ ਕੀਤੀ। ਉਹ ਸਮਾਜਿਕ ਸੁਧਾਰਾਂ ਲਈ ਅਣਮੁੱਲ ਵਿਚਾਰਾਂ ਦਾ ਮੋਢੀ ਸਨ। ਉਨ੍ਹਾਂ ਨੇ ਜਾਗਰੂਕਤਾ ਮੁਹਿੰਮਾਂ ਸ਼ੁਰੂ ਕੀਤੀਆਂ, ਜਿਨ੍ਹਾਂ ਨੇ ਸ਼ਤਰਪਤੀ ਸ਼ਾਹੂ ਜੀ ਮਹਾਰਾਜ ਅਤੇ ਡਾ. ਬੀ. ਆਰ. ਅੰਬੇਦਕਰ, ਅਤੇ ਹੋਰ ਕਈ ਮਹਾਨ ਲੋਕਾਂ ਨੇ ਅਗੇ ਵਧਾਇਆ।ਉਹ ਆਗੂਆਂ ਨੇ ਬਾਅਦ ਵਿਚ ਸਮਾਜ ਸੁਧਾਰ ਦੇ ਕੰਮ ਕਰਨ ਲਈ ਮਹਾਤਮਾ ਜੋਤੀਬਾ ਜੀ ਤੋਂ ਜਾਤੀ ਵਿਤਕਰੇ ਵਿਰੁੱਧ ਮੁੱਖ ਪਹਿਲਕਦਮੀਆਂ ਲਈ ਸੇਧ ਲਈ।

### ਯਾਦਗਾਰੀ ਸਮਾਰੋਹ

1974 ਵਿਚ ਮਹਾਤਮਾ ਜਯੋਤਿਬਾ ਦੀ ਜੀਵਨੀ ਧਨੰਜੈ ਕੀਰ ਨੇ ਲਿਖਿਆ ਸੀ, 'ਮਹਾਤਮਾ ਜੋਤੀਬਾ ਫੂਲੇ, ਸਾਡਾ ਸਮਾਜਿਕ ਕ੍ਰਾਂਤੀ ਦੇ ਪਿਤਾ',ਪੁਣੇ ਦੇ ਮਹਾਤਮਾ ਫੂਲੇ ਮਿਊਜ਼ੀਅਮ ਨੂੰ ਮਹਾਨ ਸੁਧਾਰਕ ਦੇ ਸਨਮਾਨ ਵਿਚ ਸਥਾਪਤ ਕੀਤਾ ਗਿਆ ਸੀ। ਮਹਾਰਾਸ਼ਟਰ ਸਰਕਾਰ ਨੇ ਮਹਾਤਮਾ ਮਹਾਤਮਾ ਜੋਤੀਬਾਫੂਲੇ ਜੀ ਜੀਵਨ ਦਾਨੀ ਯੋਜਨਾ ਸ਼ੁਰੂ ਕੀਤੀ, ਜੋ ਗਰੀਬਾਂ ਲਈ ਇਕ ਕੈਸ ਰਹਿਤ ਇਲਾਜ ਸਕੀਮ ਹੈ। ਮਹਾਤਮਾ ਦੀਆਂ ਕਈ ਮੂਰਤੀਆਂ ਬਣਾਈਆਂ ਗਈਆਂ ਹਨ ਅਤੇ ਕਈ ਸੜਕਾਂ ਦੇ ਨਾਂ ਅਤੇ ਵਿਦਿਅਕ ਸੰਸਥਾਨਾਂ ਦਾ ਨਾਂ ਉਨ੍ਹਾਂ ਦੇ ਨਾਂ ਨਾਲ ਬਦਲਿਆ ਗਿਆ ਹੈ- ਜਿਵੇਂ ਕਿ ਮੁੰਬਈ ਦੇ ਕ੍ਰਾਫੋਰਡ ਮਾਰਕਿਟ ਨੂੰ ਮਹਾਤਮਾ ਜੋਤੀਬਾ ਫੂਲੇ ਜੀ ਮੰਡੀ ਅਤੇ ਮਹਾਂਰਾਸ਼ਟਰ ਕ੍ਰਿਸ਼ੀ ਵਿਦਿਆਪੀਠ ਦਾ ਨਾਂ ਬਦਲਿਆ ਗਿਆ ਹੈ, ਮਹਾਤਮਾ ਫੂਲੇ ਕ੍ਰਿਸ਼ੀ ਵਿੱਦਿਅਤਾ ਰੱਖਿਆ ਗਿਆ ।

### ਪ੍ਰਕਾਸ਼ਨ ਦੇ ਕੰਮ

ਮਹਾਤਮਾ ਜੋਤੀਬਾ ਜੀ ਨੇ ਆਪਣੇ ਜੀਵਨ ਕਾਲ ਵਿਚ ਬਹੁਤ ਸਾਰੇ ਸਾਹਿਤਿਕ ਲੇਖ ਅਤੇ ਕਿਤਾਬਾਂ ਲਿਖੀਆਂ ਸਨ ਅਤੇ ਜ਼ਿਆਦਾਤਰ ਸਮਾਜਵਾਦ ਸੁਧਾਰਾਂ ਦੀ ਵਿਚਾਰਧਾਰਾ ਦੇ ਆਧਾਰ 'ਤੇ ਤ੍ਰਿਤਿਆ ਰਤਨਾਂ 1855, ਬ੍ਰਹਮਾਂਨਾ ਕਸਾਬ 1869, ਗੁਲਾਮਗਿਰੀ 1873, ਸਤਕਾਰਿਆਚਾ ਅਸੂਦ 1881, ਸਰਵਜਨਕ ਸਤਿਆ ਧਰਮ 1889 ਲੇਖਨ ਕੁਝ ਕਹਾਣੀਆਂ ਅਤੇ ਕਿਤਾਬਾਂ ਲਿਖੀਆਂ ਹਨ।

ਉਨ੍ਹਾਂ ਨੇ 'ਸਤਿਸਰ' ਅੰਕ 1 ਅਤੇ 2 ਵਰਗੀਆਂ ਨਾਟਕ ਲਿਖੇ, ਜੋ ਉਨ੍ਹਾਂ ਦੇ ਨਿਰਦੇਸ਼ਾਂ ਅਨੁਸਾਰ ਸਮਾਜਿਕ ਅਨਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਤਿਆਰ ਕੀਤੀਆਂ ਗਈਆਂ ਸਨ।

# ਕੋਲੰਬੀਆ ਯੂਨੀਵਰਸਿਟੀ ਵਿੱਚ ਬਾਬਾ ਸਾਹਿਬ ਦਾ ਸਟੈਚੂ



ਹਰਬੰਸ ਵਿਰਦੀ, ਲੰਡਨ
0044 7903839047

ਅਕਤੂਬਰ 1995 ਨੂੰ ਕੋਲੰਬੀਆ ਯੂਨੀਵਰਸਿਟੀ ਵਿੱਚ ਬਾਬਾ ਸਾਹਿਬ ਦਾ ਸਟੈਚੂ Federation of Ambedkrites and Buddhist Organisations UK ਵਲੋਂ ਲਗਾਇਆ ਗਿਆ ਸੀ।ਯੂ ਕੇ ਤੋਂ ਅੰਬੇਡਕਰੀਆਂ ਦੀ ਇਸ ਸਮਾਗਮ ਵਿੱਚ ਹਿੱਸਾ ਲੈਣ ਲਈ ਇੱਕ ਟੀਮ ਗਈ ਸੀ, ਜਿਸ ਵਿੱਚ ਮਰਹੂਮ ਚਾਨਣ ਚਾਹਲ, ਗੌਤਮ ਚੱਕਰਵਰਤੀ, ਚਮਨ ਚਾਹਲ, ਲੇਖਕ, ਧੰਨਪੱਤ ਰੱਤੂ, ਰਾਮ ਪਾਲ ਰਾਹੀ, ਜਰਮਨੀ ਤੋਂ ਸੋਹਣ ਸਾਂਪਲਾ, ਸਕੌਟਲੈਂਡ ਤੋਂ ਸੋਹਣ ਲਾਲ ਗਿੰਢਾ ਆਦਿ ਸ਼ਾਮਲ ਸਨ। ਏਅਰ ਇੰਡੀਆ ਦੇ ਜਿਸ ਹਵਾਈ ਜਹਾਜ਼ ਵਿੱਚ ਅਸੀਂ ਲੰਡਨ ਹੀਥਰੋ ਏਅਰ ਪੋਰਟ ਤੋਂ ਨਿਊ ਯੋਰਕ, ਅਮਰੀਕਾ ਨੂੰ ਰਵਾਨਾ ਹੋਣਾ ਸੀ, ਬੰਬਈ ਤੋਂ ਉਸ ਹੀ ਜਹਾਜ਼ ਵਿੱਚ ਮਾਈ ਸਾਹਿਬ ਸਵਿਤਾ ਅੰਬੇਡਕਰ, ਰਾਮਦਾਸ ਆਠਵਾਲੇ, ਮਰਹੂਮ ਨਿਸ਼ੀ ਕਾਂਤ ਬਾਘਮਾਰੇ ਅਤੇ ਕਈ ਹੋਰ ਵਿਅਕਤੀ ਸਨ।ਅਸੀਂ ਸਾਰਿਆਂ ਨੇ ਲੰਡਨ ਤੋਂ ਨਿਊ ਯੌਰਕ ਤੱਕ ਹਵਾਈ ਸਫ਼ਰ ਇੱਕ ਸਾਥ ਕੀਤਾ।



ਜਦੋਂ ਫੈਡਰੇਸ਼ਨ ਨੇ ਮਹਾਰਾਸ਼ਟਰ ਅਤੇ ਇਰਦ-ਗਿਰਦ ਦੀਆਂ ਕਈ ਸਟੇਟਾਂ ਦੇ ਉੱਘੇ ਅੰਬੇਡਕਰੀਆਂ ਨੂੰ 1993 ਵਿੱਚ ਬੰਬਈ ਦੇ ਨਹਿਰੂ ਸਟੇਡੀਅਮ ਵਿਖੇ ਉਭੀਮ ਰਤਨ" ਨਾਲ ਸਨਮਾਨਤ ਕੀਤਾ, ਤਾਂ ਬਾਬਾ ਸਾਹਿਬ ਦਾ ਬੱਸਟ ਸਟੈਚੂ ਬਾਘਮਾਰੇ ਸਟੂਡੀਓ ਤੋਂ ਜਿਨ੍ਹਾਂ ਨੇ ਬਾਬਾ ਸਾਹਿਬ ਦੇ ਬਹੁਤ ਹੀ ਬੇਹਤਰੀਨ ਸਟੈਚੂ ਬਣਾਏ ਹਨ, ਕੋਲੰਬੀਆ ਯੂਨੀ-ਵਰਸਿਟੀ ਲਈ ਉਸ ਸਮੇਂ ਹੀ ਬਣਾਉਣ ਦਾ ਆਰਡਰ ਦੇ ਦਿੱਤਾ ਸੀ।ਮਰਹੂਮ ਨਿਸ਼ੀ ਕਾਂਤ ਬਾਘਮਾਰੇ ਦੀ ਮੱਦਦ ਨਾਲ ਏਅਰ ਇੰਡੀਆ ਰਾਹੀਂ ਸਟੈਚੂ ਅਕਤੂਬਰ 1995 ਤੋਂ ਪਹਿਲਾਂ ਹੀ ਨਿਊ ਯੌਰਕ ਪਹੁੰਚ ਚੁੱਕਾ ਸੀ।ਯੂਨੀਵਰਸਿਟੀ ਨੇ ਬਹੁਤ ਹੀ ਵਧੀਆ ਇੰਤਜਾਮ ਕੀਤਾ ਹੋਇਆ ਸੀ। ਕਨੇਡਾ ਤੋਂ ਵੀ ਕਾਫੀ ਗਿਣਤੀ ਵਿੱਚ ਅੰਬੇਡਕਰੀ ਸਾਥੀ ਇਸ ਸਮਾਗਮ ਵਿੱਚ ਹਿੱਸਾ ਲੈਣ ਆਏ ਸਨ, ਸੀਤਾ ਰਾਮ ਅਹੀਰ, ਸੁਜਾਤਾ ਸੱਲਣ, ਮਹਾਰਾਸ਼ਟਰ ਦੇ ਵੀ ਕਈ ਸਾਥੀ ਸ਼ਾਲਮ ਹੋਏ। ਨਿਊ ਜਰਸੀ ਤੋਂ ਮਰਹੂਮ ਵੀ ਕੇ ਚੌਧਰੀ ਵੀ ਮੌਜੂਦ ਸਨ। ਮਾਈ ਸਾਹਿਬ ਸਵਿਤਾ ਅੰਬੇਡਕਰ ਨੇ ਆਪਣੇ ਸ਼ੁਭ ਕਰ ਕਮਲਾਂ ਨਾਲ ਇਸ ਸਟੈਚੂ ਦਾ ਉਦਘਾਟਨ ਕੀਤਾ।ਲੰਡਨ ਦੇ ਹਾਈ ਕਮਿਸ਼ਨਰ ਦੀ ਤਰ੍ਹਾਂ ਹਰ 14 ਅਪ੍ਰੈਲ ਨੂੰ ਕੋਲੰਬੀਆ ਯੂਨੀਵਰਸਿਟੀ ਵਿੱਚ ਕੋਈ ਵੀ ਦਿਨ ਹੋਵੇ ਪਰ ਵਿਸ਼ਵ ਰਤਨ ਬਾਬਾ ਸਾਹਿਬ ਦਾ ਮਹਾਨ ਜਨਮ ਉਤਸਵ, ਨਿਊ ਯੋਰਕ ਅਤੇ ਆਸ ਪਾਸ ਰਹਿਣ ਵਾਲੇ ਅੰਬੇਡਕਰੀਆਂ ਵਲੋਂ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਸਤੰਬਰ 2017 ਨੂੰ ਜਦੋਂ ਬਾਬਾ ਸਾਹਿਬ ਨੂੰ ਕੋਲੰ-ਬੀਆ ਯੂਨੀਵਰਸਿਟੀ ਵਲੋਂ ਡਿਗਰੀ ਮਿਲੀ ਨੂੰ ਸੌ ਸਾਲਾ ਹੋ ਗਿਆ ਤਾਂ ਬਾਮਸੇਫ (ਮੇਸ਼ਰਾਮ) ਵਲੋਂ ਇੱਕ ਬਹੁਤ ਹੀ ਵਿਸ਼ਾਲ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿੱਚ ਬਹੁਤ ਬੜੀ ਗਿਣਤੀ ਨਾਲ ਸਾਡੇ ਸਿੱਖ ਭਰਾ ਸ਼ਾਮਲ ਹੋਏ ਸਨ।

ਯੂ ਕੇ ਤੋਂ ਫੈਡਰੇਸ਼ਨ ਦੇ ਇੰਟਰਨੈਸ਼ਨਲ ਕਨਵੀਨਰ, ਲੇਖਕ ਖਾਸ ਕਰਕੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਨਿਊ ਯੌਰਕ ਇੱਕ ਹਫਤਾ ਠਹਿਰੇ।

# ਓਏ ਜੱਟਾ ਆਈ ਵਿਸਾਖੀ, ਕਣਕਾਂ ਦੀ ਮੁੱਕ ਗਈ ਰਾਖੀ...

## ਵਿਸਾਖੀ ਦਾ ਤਿਓਹਾਰ ਅਤੇ ਪੰਜਾਬੀ ਫ਼ਿਲਮਾਂ



ਭੀਮ ਰਾਜ ਗਰਗ
91+9876545157

ਮੇਲੇ ਅਤੇ ਤਿਉਹਾਰ ਲੋਕਾਂ ਦੀਆਂ ਖੁਸੀਆਂ, ਚਾਅ ਮਲਾਰ, ਸੱਧਰਾਂ ਅਤੇ ਮਨੌਤਾਂ ਦਾ ਪ੍ਰਗਟਾਵਾ ਕਰਦੇ ਹਨ. ਪੰਜਾਬ ਨੂੰ ਸੱਭਿਆਚਾਰ, ਇਤਿਹਾਸ ਅਤੇ ਧਾਰਮਿਕ ਵਿਰਸੇ ਨਾਲ ਜੁੜੇ ਮੇਲਿਆਂ ਅਤੇ ਤਿਉਹਾਰਾਂ ਦੀ ਧਰਤੀ ਹੋਣ ਦੀ ਬਖਸ਼ੀਸ਼ ਹਾਸਿਲ ਹੈ. ਪੰਜਾਬੀਆਂ ਦੇ ਮਾਣਮੱਤਾ ਤਿਓਹਾਰ ਵਿਸਾਖੀ ਦੀ ਸ਼ਾਨ ਹੀ ਵੱਖਰੀ ਹੈ. ਵਿਸਾਖੀ ਦੇ ਦਿਹਾੜੇ 1699 ਨੂੰ ਖਾਲਸਾ ਪੰਥ ਦੀ ਸਿਰਜਨਾ ਨੇ ਇਸ ਤਿਉਹਾਰ ਨੂੰ ਸਦੀਵੀ ਬਣਾ ਦਿੱਤਾ. ਸਭ ਤੋਂ ਪਹਿਲਾਂ ਵਿਸਾਖੀ ਦਾ ਮੇਲਾ, ਡੱਲਾ ਨਿਵਾਸੀ ਭਾਈ ਪਾਰੋਂ ਪਰਮਹੰਸ ਨੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ਼ ਲਾਉਣਾ ਸ਼ੁਰੂ ਕੀਤਾ ਸੀ. ਸਨ 1567 ਵਿਚ ਵਿਸਾਖੀ ਦੇ ਦਿਨ, ਗੁਰੂ ਅਮਰਦਾਸ ਜੀ ਨੇ ''ਗੁਰੂ ਦਾ ਲੰਗਰ'' ਸ਼ੁਰੂ ਕਰ ਕੇ ਸਾਰਿਆਂ ਨੂੰ ਬਰਾਬਰੀ ਦਾ ਸਬਕ ਦਿੱਤਾ ਸੀ. ਇੱਕ ਵਿਸਾਖ ਸੰਮਤ 1756, ਵਿਸਾਖੀ ਵਾਲ਼ੇ ਦਿਨ ਆਨੰਦਪੁਰ ਸਾਹਿਬ ਵਿਖੇ ਕੇਸਗੜ੍ਹ 'ਚ ਜੁੜੇ ਦੀਵਾਨ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੱਖ ਮਰਜੀਵੜਿਆਂ ਨੂੰ ਖੰਡੇ ਬਾਟੇ ਦਾ ਪਾਹੁਲ (ਅੰਮ੍ਰਿਤ) ਛਕਾ ਕੇ ਸਿੰਘ ਸਜਾ ਦਿੱਤਾ ਸੀ. ਇਸ ਤੋਂ ਮਗਰੋਂ ਗੁਰੂ ਜੀ ਨੇ ਇਨ੍ਹਾਂ ਪੰਜਾਂ ਪਿਆਰਿਆਂ ਹੱਥੋਂ ਆਪ ਅੰਮ੍ਰਿਤ ਛਕਿਆ ਤੇ ਇੰਜ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਸਿੱਖਾਂ ਨੂੰ ਦਿੱਤੀ ਨਵੇਕਲੀ ਤੇ ਅਨੋਖੀ ਪਹਿਚਾਣ।

ਪੰਜਾਬ ਦੇ ਪ੍ਰਮੁੱਖ ਗੁਰਦੁਆਰਿਆਂ ਵਿਸ਼ੇਸ਼ ਕਰਕੇ ਦਮਦਮਾ ਸਾਹਿਬ ਵਿਖੇ ਵਿਸਾਖੀ ਦਾ ਪੁਰਬ ਖ਼ਾਲਸੇ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ. ਭਾਈਚਾਰੇ, ਸਭਿਆਚਾਰਕ ਅਤੇ ਧਾਰਮਿਕ ਸਤਰੰਗੇ ਦਾ ਤਿਉਹਾਰ ਵਿਸਾਖੀ ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਗੁਰਦੁਆਰਾ ਰਾਮ ਥਮਨ, ਕਾਲੂ ਖਾਰਾ, ਜ਼ਿਲ੍ਹਾ ਕਸੂਰ ਵਿਖੇ ਬੜੇ ਜੋਸ਼ ਨਾਲ ਮਨਾਇਆ ਜਾਂਦਾ ਸੀ. ਲਾਹੌਰ ਸਕੱਤਰੇਤ ਦੇ ਪੁਰਾਲੇਖ ਮੁਤਾਬਿਕ 1946 ਵਿੱਚ ਇਸ ਮੇਲੇ 'ਤੇ ਹੁੰਮ ਹਮਾਕੇ 35,000 ਤੋਂ ਵੱਧ ਲੋਕ ਮੌਜੂਦ ਸਨ। ਵਿਸਾਖੀ ਦਾ ਮੇਲਾ ਚੜ੍ਹਦੀਕਲਾ ਦਾ ਪ੍ਰਤੀਕ ਹੈ. ਖ਼ੇਤਾਂ ਵਿੱਚ ਸੋਨੇ ਰੰਗੀਆਂ, ਝੂਮਦੀਆਂ, ਪੱਕੀਆਂ ਕਣਕਾਂ ਵੇਖੀਆਂ ਕਿਸਾਨ ਆਪਣੇ ਸਿਰਜੇ ਸੁਪਨਿਆਂ ਨੂੰ ਹਕੀਕਤ ਵਿੱਚ ਤਬਦੀਲ ਹੋਂਦੇ ਮਹਿਸੂਸ ਕਰਦਾ ਹੈ. ਹੱਡ-ਭੰਨਵੀਂ ਮਿਹਨਤ ਤੋਂ ਬਾਅਦ ਹਾੜ੍ਹੀ ਦੀ ਫਸਲ ਦੀ ਸਾਂਭ ਸੰਭਾਲ ਕਰਕੇ ਕਿਸਾਨ ਮੇਲਾ ਵੇਖਣ ਲਈ ਜਾਂਦੇ ਹਨ. ਪੰਜਾਬੀ ਕਾਵਿ ਧਨੀ ਰਾਮ ਚਾਤ੍ਰਿਕ ਨੇ 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਆਪਣੇ ਜਜ਼ਬਾਤ ਕੁਝ ਇੰਜ ਬਿਆਨ ਕੀਤੇ ਸਨ। ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ, ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ, ਸੰਮਾਂ ਵਾਲੀ ਡਾਗਾਂ ਉਤੇ ਤੇਲ ਲਾਇਕੇ,ਕੱ-ਛੇਮਾਰ ਵੰਝਲੀ ਅਨੰਦ ਛਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ..

ਜ਼ਿਆਦਾਤਰ ਹਿੰਦੀ ਫਿਲਮ ਨਿਰਮਾਤਾ ਫ਼ਿਲਮਾਂ ਨੂੰ ਰੀਲੀਜ਼ ਕਰਨ ਵਾਸਤੇ ਦੀਵਾਲੀ, ਈਦ ਜਾਂ ਰਾਸ਼ਟਰੀ ਤਿਉਹਾਰਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਨ. ਸ਼ਾਹਰੁਖ ਖਾਨ ਤੇ ਸਲਮਾਨ ਖਾਨ ਤਾਂ ਆਪਣੀ ਫ਼ਿਲਮਾਂ ਨੂੰ ਸਿਰਫ ਈਦ ਦੇ ਮੌਕੇ ਉਤੇ ਰਿਲੀਜ਼ ਕਰਨ ਲਈ ਇੱਕ ਦੋ ਸਾਲ ਪਹਿਲਾਂ ਹੀ ਰਿਲੀਜ਼ ਦੀ ਤਾਰੀਖ ਮੁਕਰਰ ਕਰ ਦਿੰਦੇ ਹਨ ਅਤੇ ਕਈ ਵਾਰੀਂ ਤਾਂ ਉਨ੍ਹਾਂ ਦਾ ਇਸ ਬਾਬਤ ਝਗੜਾ ਵੀ ਹੋ ਜਾਂਦਾ ਹੈ. ਸ਼ੁਰੂ ਸ਼ੁਰੂ ਵਿਚ ਪੰਜਾਬੀ ਫ਼ਿਲਮਾਂ ਨੂੰ ਵੀ ਤਿਉਹਾਰਾਂ ਖਾਸਕਰ ਵਿਸਾਖੀ ਦੇ ਮੌਕੇ ਰਿਲੀਜ਼ ਕਰਨ ਦਾ ਪ੍ਰਚਲਨ ਸੀ. ਭਾਰਤੀ ਸਿਨੇਮਾ ਦੀ ਪਲੇਠੀ ਪੰਜਾਬੀ ਫਿਲਮ "ਇਸ਼ਕੇ-ਪੰਜਾਬ" ਉਰਫ "ਮਿਰਜ਼ਾ-ਸਾਹਿਬਾਂ" ਨੂੰ ਵਿਸਾਖੀ ਤੋਂ ਕੁਝ ਦਿਨ ਪਹਿਲਾਂ ਲਾਹੌਰ ਦੀ ਨਿਰੰਜਨ ਟਾਕੀਜ਼ ਵਿਖੇ 29 ਮਾਰਚ, 1935 ਨੂੰ ਪ੍ਰਦਰਸ਼ਿਤ ਕੀਤਾ ਗਿਆ ਸੀ. ਪੰਜਾਬੀ ਦੀ ਦੂਜੀ ਫਿਲਮ "ਸ਼ੀਲਾ" ਉਰਫ "ਪਿੰਡ ਦੀ ਕੁੜੀ" ਵੀ ਵਿਸਾਖੀ ਦੇ ਨੇੜੇ 26 ਮਾਰਚ, 1937 ਨੂੰ ਪੈਲੇਸ ਸਿਨੇਮਾ, ਲਾਹੌਰ ਵਿੱਚ ਰਿਲੀਜ਼ ਕਿੱਤੀ ਗਈ ਸੀ. ਇਸ ਤੋਂ ਬਾਅਦ "ਮਤਵਾਲੀ ਮੀਰਾ"(12 ਅਪ੍ਰੈਲ, 1940), ਗਵਾਂਢੀ (8 ਅਪ੍ਰੈਲ 1942), ਲੱਛੀ (8 ਅਪ੍ਰੈਲ 1949), "ਮਦਾਰੀ"(13 ਅਪ੍ਰੈਲ, 1950), ਸ਼ਾਹਜੀ (4 ਅਪ੍ਰੈਲ, 1954), ਨਿੱਕੀ (11 ਅਪ੍ਰੈਲ, 1958), "ਬਿੱਲੋ"(13 ਅਪ੍ਰੈਲ, 1961), "ਵਲਾਇਤ ਪਾਸ"(13 ਅਪ੍ਰੈਲ, 1962), ਗੀਤ ਬਹਾਰਾਂ ਦੇ (3 ਅਪ੍ਰੈਲ, 1964), ਸੱਪਣੀ (2 ਅਪ੍ਰੈਲ, 1965), ਸ਼ਹਿਰ ਦੀ ਕੁੜੀ (28 ਮਾਰਚ, 1969), ਨਾਨਕ ਨਾਮ ਜਹਾਜ ਹੈ (3 ਅਪ੍ਰੈਲ, 1970), ਮਾਂ ਦਾ ਲਾਡਲਾ (6 ਅਪ੍ਰੈਲ, 1973), ਦਾਜ (1 ਅਪ੍ਰੈਲ, 1977), ਦਰਾਣੀ ਜਠਾਣੀ (13 ਅਪ੍ਰੈਲ, 1979), ਸਹਿਤੀ ਮੁਰਾਦ (4 ਅਪ੍ਰੈਲ, 1980), ਰੇਸ਼ਮਾ (11 ਅਪ੍ਰੈਲ, 1986), ਦੂਜਾ ਵਿਆਹ ਤੇ ਜਿਗਰੀ ਯਾਰ (29 ਮਾਰਚ, 1985), ਕਿ ਬਣੂ ਦੁਨੀਆਂ ਦਾ (27 ਮਾਰਚ 1987), ਜੋਸ਼ ਜਵਾਨੀ ਦਾ (1 ਅਪ੍ਰੈਲ, 1993), ਟਰੱਕ ਡਰਾਈਵਰ (28 ਮਾਰਚ 1997), ਪੁਰਜਾ ਪੁਰਜਾ ਕਟ ਮਰੇ (2 ਅਪ੍ਰੈਲ 1998), ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ (10 ਅਪ੍ਰੈਲ 1998), ਤੇਰਾ ਮੇਰਾ ਕਿ ਰਿਸ਼ਤਾ (10ਅਪ੍ਰੈਲ 2009), ਮਿਰਜ਼ਾ ਦ ਉਨਤੋਲਡ ਸਟੋਰੀ (6 ਅਪ੍ਰੈਲ 2012), ਸਾਡਾ ਹਕ਼ (5 ਅਪ੍ਰੈਲ, 2013) ਅਤੇ ਰੱਬ ਮਾਫ ਕਰੀ (4 ਅਪ੍ਰੈਲ, 2014) ਅਨੇਕਾਂ ਪੰਜਾਬੀ ਫ਼ਿਲਮਾਂ ਹਨ ਜਿਹੜੀਆਂ ਵਿਸਾਖੀ ਦੇ ਖੁਸ਼ੀਆਂ ਭਰੇ ਤਿਓਹਾਰ ਦੇ ਸਮੇਂ ਰਿਲੀਜ਼ ਕੀਤੀਆਂ ਗਈਆਂ ਸਨ।




ਸ਼ੁਰੂਆਤੀ ਦੌਰ ਤੋਂ ਹੀ ਪੰਜਾਬੀ ਫ਼ਿਲਮਾਂ ਵਿੱਚ ਵਿਸਾਖੀ ਦੇ ਤਿਓਹਾਰ ਅਤੇ ਭੰਗੜਾ ਆਦਿ ਨੂੰ ਪ੍ਰਮੁੱਖਤਾ ਨਾਲ ਸ਼ਾਮਿਲ ਕੀਤਾ ਜਾਂਦਾ ਰਿਹਾ ਸੀ. ਪੰਜਾਬੀ ਫ਼ਿਲਮ ਸ਼ੀਲਾ ਉਰਫ ਪਿੰਡ ਦੀ ਕੁੜੀ(1936) ਦਾ ਗੀਤ 'ਖ਼ਸਮਾਂ ਨੂੰ ਖਾ ਗਿਆ ਘਰ ਨੀ, ਚੱਲ ਮੇਲੇ ਚੱਲੀਏ....' ਇਸ ਸਿਲਸਿਲੇ ਦੀ ਸ਼ੁਰੂਆਤ ਮਨ੍ਹੀ ਜਾਂਦੀ ਹੈ. ਫ਼ਿਲਮ 'ਯਮਲਾ ਜੱਟ'(1940) ਦੇ ਭੰਗੜਾ ਗੀਤ 'ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇ, ਬਦਲਾਂ ਚੋਂ ਖ਼ੁਸ਼ੀਆਂ ਵੱਸੀਆਂ ਨੇ..' ਨੂੰ ਵਿਸਾਖੀ ਦੇ ਮੌਕੇ ਉਤੇ ਫਿਲਮਾਇਆ ਗਿਆ ਸੀ। ਸ਼ਮਸ਼ਾਦ ਬੇਗਮ ਦੀ ਆਵਾਜ਼ ਵਿੱਚ ਇਸ ਗੀਤ ਨੇ ਸਾਰੇ ਪੰਜਾਬ ਵਿੱਚ ਧੁੱਮਾਂ ਪਾ ਦਿੱਤੀਆਂ ਸਨ. ਇੱਥੋਂ ਬਾਅਦ ਭੰਗੜਾ ਗੀਤ, ਪੰਜਾਬੀ ਫ਼ਿਲਮਾਂ ਦੀ ਕਾਮਯਾਬੀ ਦੀ ਕੁੰਜੀ ਬਣ ਗਏ ਸਨ. ਅਗਲੇ ਸਾਲ ਰਿਲੀਜ ਹੋਈਆਂ ਫ਼ਿਲਮਾਂ 'ਮੁਬਾਰਕ' ਅਤੇ 'ਚੌਧਰੀ' ਦੇ ਭੰਗੜਾ ਗੀਤ 'ਦੋ ਪੱਤਰ ਸ਼ਹਿਤੂਤਾਂ ਦੇ ਆਸ਼ਿਕ ਮਰ ਜਾਣਗੇ ਮੰਦੇ ਹਾਲ ਮਸ਼ੂਕਾਂ ਦੇ..' ਅਤੇ 'ਸੋਹਣੇ ਪੀਲੇ ਖੇਤ ਨੇ ਮੌਜ ਲਗਾਈ ਆਕੇ ਚੇਤ ਨੇ...' ਸਿਨੇਮਾ ਪ੍ਰੇਮੀਆਂK ਦਰਸ਼ਕਾਂ ਦੀ ਜੁਬਾਨ ਤੇ ਚੜ੍ਹ ਗਏ ਸਨ।

ਹੌਲ਼ੇ ਹੌਲ਼ੇ ਪੰਜਾਬੀ ਫ਼ਿਲਮੀ ਗੀਤਾਂ 'ਚ ਵਿਸਾਖੀ ਸ਼ਬਦ ਜਿਵੇਂ 'ਆਈ ਵਿਸਾਖੀ ਓ ਜੱਟਾ ਆਈ ਵਿਸਾਖੀ... ਬੱਲੇ ਬੱਲੇ ਕਿ ਅਜੇ ਤੇਰੇ ਬੰਦ ਨਾ ਬਣੇ..(ਫ਼ਿਲਮ ਭਾਇਆ ਜੀ) ਦੀ ਵਰਤੋਂ ਸ਼ੁਰੂ ਹੋ ਗਈ ਸੀ. 1951 ਵਿੱਚ ਚਿੱਤਰ-ਭੂਮੀ ਲਿਮਿਟਿਡ ਬੰਬੇ ਨੇ "ਵਸਾਖੀ" ਨਾਂ ਦੀ ਫ਼ਿਲਮ ਬਣਾਈ ਸੀ. ਇਹ ਫਿਲਮ ਇੱਕ ਭੰਗੜੇ ਵਾਲੇ ਗਾਣੇ 'ਨੀ ਕਿਹੜੀ ਏਂ ਤੂੰ ਹਾਕ ਮਾਰਦੀ...ਆਈ ਵਸਾਖੀ ਆਈ ਬੇਲੀਆ..' ਨਾਲ ਸ਼ੁਰੂ ਹੁੰਦੀ ਹੈ। 1950 ਦੇ ਦਹਾਕੇ ਵਿੱਚ ਪੰਜਾਬੀ ਫ਼ਿਲਮਾਂ ਦੇ ਪ੍ਰੋਡਿਊਸਰਾਂ ਨੇ ਵਿਸਾਖੀ ਦੇ ਤਿਓਹਾਰ ਨੂੰ ਆਪਣੀ ਫ਼ਿਲਮਾਂ ਦਾ ਅਹਿਮ ਹਿੱਸਾ ਮਾਨਕੇ, ਵੱਧ ਤੋਂ ਵੱਧ ਭੰਗੜੇ ਵਾਲੇ ਗੀਤ ਰੱਖਣੇ ਸ਼ੁਰੂ ਕਰ ਦਿੱਤੇ ਸਨ. ਫਿਲਮ 'ਕੌਡੇ ਸ਼ਾਹ' ਦਾ ਗੀਤ 'ਵਿਸਾਖੀ ਆਈ ਵਿਸਾਖੀ ਫ਼ਸਲਾਂ ਦੀ ਮੁੱਕ ਗਈ ਰਾਖੀ...' ਵਿਸਾਖੀ ਦੇ ਤਿਓਹਾਰ ਦਾ ਪ੍ਰਤੀਕ ਬਣ ਗਿਆ ਸੀ ਅਤੇ ਅੱਜ ਵੀ ਵਿਸਾਖੀ ਦਿਹਾੜੇ ਇਹ ਗੀਤ ਖ਼ੂਬ ਵਜਾਇਆ ਤੇ ਸੁਣਿਆ ਜਾਂਦਾ ਹੈ।

ਪੰਜਾਬੀ ਫ਼ਿਲਮਾਂ ਚ' ਵੈਸਾਖੀ ਦੀ ਅਹਿਮੀਅਤ ਦੇ ਮੱਦੇਨਜ਼ਰ ਗੋਲਡਨ ਮੂਵੀਜ਼ ਬੰਬੇ ਨੇ 1958 ਵਿੱਚ 'ਭੰਗੜਾ' ਫਿਲਮ ਬਣਾਈ ਸੀ, ਜਿਸਦੇ ਗੀਤਾਂ ਖਾਸ ਕਰਕੇ ਭੰਗੜਾ ਗੀਤ 'ਜੱਟ ਕੁੜੀਆਂ ਤੋਂ ਡਰਦਾ ਮਾਰਾ ਮੋਢੇ ਉਤੇ ਡਾਂਗ ਰੱਖਦਾ...' ਨੇ ਪੰਜਾਬ ਵਿੱਚ ਹੀ ਨਹੀਂ ਬਲਿਕ ਸਾਰੇ ਦੇਸ਼ ਵਿਚ ਤੜਥਲੀਆਂ ਪਾ ਦਿੱਤੀਆਂ ਸਨ. ਸਾਲ 1960 ਨੂੰ ਰਿਲੀਜ਼ ਹੋਈ ਫਿਲਮ 'ਦੋ ਲੱਛਿਆਂ' ਵਿੱਚ ਇਕ ਨਹੀਂ ਸਗੋਂ ਦੋ ਦੋ ਭੰਗੜਾ ਗੀਤ 'ਗੋਰਾ ਰੰਗ ਨਾ ਹੋ ਜਾਵੇ ਕਾਲਾ...' ਤੇ 'ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਹੀਓਂ ਬਹੰਦੀ..' ਰਖੇ ਗਏ ਸਨ. ਇਸੇ ਸਾਲ ਦੋ ਹੋਰ ਫ਼ਿਲਮਾਂ ਪੱਗੜੀ ਸੰਭਾਲ ਜੱਟਾ (ਗੱਲ਼ਾਂ ਗੋਰਿਆਂ ਤੇ ਹੋਠ ਗੁਲਾਬੀ...) ਅਤੇ ਯਮਲਾ ਜੱਟ (ਅੱਖ ਲੜੀ ਵੇ ਲੜੀ..) ਵਿੱਚ ਭੰਗੜਾ ਗੀਤ ਸ਼ਾਮਿਲ ਕੀਤੇ ਗਏ ਸਨ. 1961 ਵਿੱਚ ਵਿਸਾਖੀ ਮੌਕੇ ਦੇ ਭੰਗੜਾ ਗੀਤ "ਬਿੱਲੋ" (ਤੁਸੀਂ ਕਿੱਥੇ ਚੱਲੇ....), "ਗੁੱਡੀ" (ਲੱਕ ਪਤਲਾ ਤੇ ਗਾਗਰ ਭਾਰੀ..) ਅਤੇ "ਜੱਟੀ" (ਗੁੱਤ ਤੇਰੀ ਅੰਬਰਸਰ ਦੀ..) ਰਖੇ ਗਏ ਸਨ. 1962 ਦੀ ਫਿਲਮ "ਚੌਧਰੀ ਕਰਨੈਲ ਸਿੰਘ" ਦੇ ਭੰਗੜੇ ਗੀਤ 'ਅੜੀ ਮਾਰਕੇ ਨੱਚੀ ਜਦੋਂ ਬੰਤੋ..' ਨੇ ਪਿੰਡ ਦੀ ਗੱਲ ਤਾਂ ਛੱਡੋ ਸਾਰੇ ਹਿੰਦੁਸਤਾਨ/ ਪਾਕਿਸਤਾਨ ਵਿੱਚ ਭੁਚਾਲ ਲੈ ਆਂਦਾ ਸੀ. ਫਿਲਮ ਪ੍ਰਦੇਸੀ ਢੋਲਾ ਵਿੱਚ ਦੋ ਭੰਗੜਾ ਗੀਤ 'ਤੇਰਾ ਝੁਮਕਾ ਲਵੇ ਹੁਲਾਰੇ..' ਅਤੇ 'ਦੁਸ਼ਮਣ ਹੋ ਜਾਵੇ ਭਾਵੇਂ ਦੁਨੀਆਂ ਸਾਰੀ...'(ਵਿਸਾਖੀ ਦਾ ਮੇਲਾ) ਸ਼ਾਮਿਲ ਕੀਤੇ ਗਏ ਸਨ. ਫਿਲਮ 'ਜੱਗਾ' ਵਿੱਚ ਦਾਰਾ ਸਿੰਘ, ਪੈਪਸੂ ਗਰੁੱਪ ਸਟਾਈਲ ਭੰਗੜਾ ਦੀ ਅਗਵਾਈ ਕਰਦੇ ਸਕਰੀਨ ਤੇ ਨਜ਼ਰ ਆਏ ਸਨ. ਮਨੋਹਰ ਦੀਪਕ ਨੇ ਫਿਲਮ "ਖੇਡਣ ਦੇ ਦਿਨ ਚਾਰ" ਵਿੱਚ ਭੰਗੜੇ ਦੀ ਰੁਟੀਨ ਫੋਰਮੇਸ਼ਨ ਚ ਬਦਲਾਵ ਕਰ ਦੀਆਂ ਸ਼ਾਮਲੇ ਵਾਲੀ ਦਸਤਾਰ ਨੂੰ ਤੁਰਲਾ ਸ਼ੈਲੀ ਵਿੱਚ ਤਬਦੀਲ ਕਰਨ ਦਾ ਸਫਲ ਤਜ਼ੁਰਬਾ ਕੀਤਾ ਸੀ।

ਵਿਸਾਖੀ ਦਾ ਮੇਲਾ ਦੋ ਪ੍ਰੇਮੀਆਂ ਨੂੰ ਮਿਲਣ ਦਾ ਮੌਕਾ ਵੀ ਦਿੰਦਾ ਸੀ ਅਤੇ ਇਸ ਵਾਸਤੇ ਪੰਜਾਬੀ ਫ਼ਿਲਮਾਂ ਦੇ ਡਾਇਲਾਗKਗੀਤ ਵੀ ਕੁਝ ਇਸ ਤਰ੍ਹਾਂ ਲਿਖੇ ਜਾਂਦੇ ਸਨ: ਮਹੀਨਾ ਆਇਆ ਵੈਸਾਖ ਦਾ ਮਾਹੀ ਚਲੀਏ ਵਿਸਾਖੀ ਦੇ ਮੇਲੇ, ਜਲੇਬੀਆਂ ਨੂੰ ਜੀ ਕਰਦਾ (ਦੋ ਲੱਛਿਆਂ); ਫਿਲਮ ਲਾਜੋ ਵਿੱਚ ਹੀਰੋਇਨ ਨਿਸ਼ੀ ਆਖਦੀ ਹੈ.. ਕੱਲ ਵਿਸਾਖੀ ਹੈ ਮੇਲਾ ਵੇਖਣ ਚਲਾਂਗੀ ਅਤੇ ਭੰਗੜਾ ਸੀਨ 'ਜੱਟ ਜੱਟੀ ਨੂੰ ਡਰਾਵਾਣ ਆਇਆ...' ਸ਼ੁਰੂ ਹੋ ਜਾਂਦਾ ਹੈ. ਫਿਲਮ ਮਾਮਾਜੀ ਦੇ ਭੰਗੜੇ ਗੀਤ 'ਰੂਪ ਨੂੰ ਹਨੇਰ ਚੜਿਆ...' ਤੋਂ ਪਹਿਲੋਂ ਹੀਰੋਇਨ ਇੰਦਰਾ ਬਿੱਲੀ ਇਹੋ ਜਿਹਾ ਸੰਵਾਦ ਬੋਲਦੀ ਹੈ. ਫਿਲਮ ਪਿੰਡ ਦੀ ਕੁੜੀ ਦਾ ਭੰਗੜਾ 'ਜੈਲਦਾਰਾ ਪੁੱਤ ਨੂੰ ਸਮਝਾ ਲੈ..' ਵੀ ਵਿਸਾਖੀ ਦੇ ਮੌਕੇ ਨੂੰ ਦਰਸ਼ਾਉਂਦਾ ਹੈ. ਫਿਲਮ ਪਰਦੇਸੀ ਢੋਲਾ ਵਿਚ ਮਾਂ ਹੀਰੋ ਰਵਿੰਦਰ ਕਪੂਰ ਨੂੰ ਕਹਿੰਦੀ ਹੈ ਕਿ ਜਾ ਪੁੱਤਰ ਇੰਦਰਾ ਨੂੰ ਵਿਸਾਖੀ ਦਾ ਮੇਲਾ ਵਿਖਾ ਲਿਆ. ਮੇਲੇ ਚ' ਜਾਕੇ ਉਹ ਦੋਨੋਂ 'ਦੁਸ਼ਮਣ ਹੋ ਜਾਵੇ ਭਾਵੇਂ ਦੁਨੀਆਂ ਸਾਰੀ...' ਗੀਤ ਤੇ ਭੰਗੜਾ ਪਾਉਂਦੇ ਹਨ. ਫਿਲਮ ਜੀਜਾ ਜੀ ਦਾ ਡਾਇਲਾਗ 'ਭੋਲੂ ਅੱਜ ਵਿਸਾਖੀ ਏ, ਅੱਜ ਦੇ ਦਿਨ ਵੀ ਸੋਗ' ਪੰਜਾਬੀਆਂ ਦੇ ਜੀਵਨ ਵਿਚ ਵਿਸਾਖੀ ਦੀ ਅਹਮੀਅਤ ਨੂੰ ਪ੍ਰਗਟਾਉਂਦਾ ਹੈ. ਇਹ ਗੱਲ ਸੁਣਦਿਆਂ ਹੀ ਯਤੀਮ ਤੇ ਮਾਸੂਮ ਹੀਰੋ 'ਹੜਿੱਪਾ ਹੜਿੱਪਾ ਨੀ ਚਿੱਟੀਏ ਕਬੂਤਰੀਏ..' ਬੋਲਾਂ ਉਤੇ ਭੰਗੜਾ ਪਾਉਣ ਲੱਗਦਾ ਹੈ. ਵੈਸਾਖੀ ਦੇ ਪਾਵਨ ਤਿਓਹਾਰ ਨੂੰ ਹੋਰ ਵੀ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਵਿੱਚ ਭੰਗੜਾ ਗੀਤਾਂ ਦੇ ਜ਼ਰੀਏ ਪ੍ਰਮੁਖੱਤਾ ਨਾਲ ਦਰਸ਼ਾਇਆ ਗਿਆ ਹੈ. ਕੁੜੀ ਕਰਨਾਲ ਦੀ ਪਰੀਆਂ ਦੇ ਨਾਲ ਦੀ.. (ਚੰਬੇ ਦੀ ਕਲੀ); ਮੈਂ ਹਾਂ ਜੱਟ ਪੰਜਾਬ ਦਾ.. (ਧਰਤੀ ਵੀਰਾਂ ਦੀ); ਹੋ ਜਮਾਲੋ ਅੰਬਿਆਂ ਨੇ ਪੱਕੀਆਂ.. (ਸ਼ੌਂਕਣ ਮੇਲੇ ਦੀ); ਅੱਖਾਂ ਤੇਰੀਆਂ ਕੱਜਲ਼ ਭਰੀਆਂ....(ਇਹ ਧਰਤੀ ਪੰਜਾਬ ਦੀ); ਬਾਰੀ ਬਰਸੀਂ ਖੱਟਣ ਗਿਆ...(ਲਾਈਏ ਤੋੜ ਨਿਭਾਈਏ); ਕਣਕਾਂ ਦੇ ਓਹਲੇ ਨੱਚਦੀ ਫਿਰੇ ਮੋਰਨੀ.... (ਕਣਕਾਂ ਦੇ ਓਹਲੇ); ਲੱਕ ਪਤਲਾ ਤੇ ਰੰਗ ਮਸਤਾਨਾ.... (ਯਮਲਾ ਜੱਟ); ਗੋਰੀਏ ਨੀ ਚੜ੍ਹਿਆ ਸੋਲ੍ਹਵਾਂ ਸਾਲ... (ਲੱਛੀ); ਮੈਂ ਆਸ਼ਿਕ ਤੇਰਾ ਸੋਹਣੀਏ....(ਛਮਕ ਛੱਲੋ); ਗੋਰੀਏ ਪਰਾਂਦਾ ਤੇਰਾ ਕਾਲੇ ਰੰਗ ਦਾ... (ਜਿੰਦੜੀ ਯਾਰ ਦੀ); ਮੁੰਡਾ ਜਮੂੰਗਾ ਡਾਹੀ ਦੇ ਘੁੱਟ ਵਰਗਾ.. (ਮਾਹੀ ਮੁੰਡਾ); ਤੇਰੀ ਅੱਖ ਨੇ ਸ਼ਰਾਰਤ ਕੀਤੀ...(ਚਸਕਾ); ਧਾਵੇ ਧਾਵੇ ਹੌਲੀ ਹੌਲੀ ਨੱਚ ਕੁੜੀਏ... (ਰਾਣੋ); ਬੱਲੇ ਬੱਲੇ ਬਈ ਫੁਲਕੇ ਟਰੱਕ ਹੋ ਗਈ... (ਵੇਹੜਾ ਲੰਬੜਾਂ ਦਾ); ਚਿੱਟੀ ਜੱਟੀ ਦੁੱਧ ਵਰਗੀ... (ਅੰਬਰੀ) ਆਦਿ।

1988 ਚ' ਫਿਲਮ ਜੱਟ ਸੂਰਮੇ ਦਾ ਟਾਈਟਲ ਗੀਤ 'ਓ ਬੱਲੇ ਬੱਲੇ.. ਬਈ ਆਈ ਵਿਸਾਖੀ ਜੱਟ ਨੂੰ ਚਾਹਮ ਚੜੇ ਅਵੱਲੇ...' ਵਿਸਾਖੀ ਦੇ ਤਿਓਹਾਰ ਨੂੰ ਸਮਰਪਿਤ ਸੀ. ਫੇਰ ਬਹੁਤ ਦੇਰ ਪਿੱਛੋਂ 1995 ਦੀ ਫਿਲਮ "ਮਿੱਟੀ ਵਤਨਾਂ ਦੀ" ਦੇ 'ਬਲੀਏ ਬਲੀਏ ਵਸਾਖੀ ਵਾਲਾ ਚੰਨ ਚੜ੍ਹਿਆ..' ਭੰਗੜੇ ਰਾਹੀਂ ਵੈਸਾਖੀ ਵਾਲਾ ਚੰਨ ਚੜ੍ਹਿਆ ਸੀ. ਇਸੇ ਸਾਲ ਫਿਲਮ ਸਿਰ ਧੱੜ ਦੀ ਬਾਜੀ ਦੇ ਗੀਤ 'ਓ ਗੱਭਰੂ ਦੇਸ਼ ਪੰਜਾਬ ਦੇ ਭੰਗੜਾ ਪਾਉਂਦੇ..' ਵਿੱਚ ਪੰਜਾਬੀ ਗੱਭਰੂਆਂ ਨੇ ਭੰਗੜੇ ਦੀ ਧਮਾਲ ਮਚਾਈ ਸੀ. ਅਗਲੇ ਸਾਲ ਹੰਸ ਰਾਜ ਹੰਸ ਅਤੇ ਡੋਲ਼ੀ ਗੁਲੇਰੀਆ ਨੇ 'ਰੁੱਤ ਭੰਗੜੇ ਦੀ ਆਈ....' ਗਾਣਾ ਫਿਲਮ "ਦੇਸੋਂ ਪ੍ਰਦੇਸ" ਲਈ ਰਿਕਾਰਡ ਕੀਤਾ ਸੀ. ਫਿਲਮ "ਚੜ੍ਹਦਾ ਸੂਰਜ" ਵਿੱਚ ਪੰਜਾਬੀ ਮੁੰਡਿਆਂ ਨੇ ਰੱਲ੍ਹ ਰੱਲ੍ਹ ਬੋਲੀਆਂ ਤੇ ਭੰਗੜੇ ਪਾਏ ਸਨ. ਵੈਸਾਖੀ ਦਾ ਤਿਓਹਾਰ ਲਗਪਗ ਤਿੰਨ-ਚਾਰ ਦਹਾਕਿਆਂ ਤਕ, ਪੰਜਾਬੀ ਫ਼ਿਲਮਾਂ ਦੀ ਆਣਬਾਣ ਅਤੇ ਸ਼ਾਨ ਬਣਿਆ ਰਿਹਾ ਸੀ. ਇਸ ਤੋਂ ਬਾਅਦ ਤਾਂ ਜਿਵੇਂ ਪੰਜਾਬੀ ਫ਼ਿਲਮਕਾਰਾਂ ਨੇ ਪੰਜਾਬ ਦੇ ਸੱਭਿਆਚਾਰਕ ਵਿਰਸੇ ਨਾਲ ਜੁੜੇ ਮੇਲਿਆਂ ਅਤੇ ਤਿਉਹਾਰਾਂ ਨੂੰ ਦਿਲੋਂ ਹੀ ਭੁਲਾ ਦਿੱਤਾ. ਦੀਵਾਲੀ, ਲੋਹੜੀ, ਹੋਲੀ ਵਰਗੇ ਤਿਓਹਾਰ ਸਾਡੀਆਂ ਫ਼ਿਲਮਾਂ ਵਿਚੋਂ ਗਾਇਬ ਹੋ ਗਏ ਹਨ. ਬਸ ਹੁਣ ਕਦੀ ਕਦਾਈਂ ਵੈਸਾਖੀ ਦੇ ਢੋਲ ਦੀ ਧਮਕ ਕੰਨ੍ਹਾਂ ਵਿੱਚ ਪੈਂਦੀ ਹੈ ਜਿਵੇਂ 1992 ਵਿੱਚ ਡਾਇਰੈਕਟਰ ਹਰਜੀਤ ਸਿੰਘ ਨੇ "ਵਿਸਾਖੀ" ਨਾਂ ਵਾਲੀ ਦੂਜੀ ਪੰਜਾਬੀ ਫਿਲਮ ਬਣਾਈ ਸੀ. ਵਰ੍ਹੇ 2016 ਵਿੱਚ ਗਾਖਲ ਬ੍ਰਦਾਰਜ਼ ਇੰਟਰਟੇਨਮੈਂਟ ਪ੍ਰਾਈਵੇਟ ਲਿਮਿਟਿਡ ਨੇ "ਵੈਸਾਖੀ ਲਿਸਟ" ਨਾਂ ਦੀ ਫਿਲਮ ਦਾ ਨਿਰਮਾਣ ਕੀਤਾ ਹੈ। ਪੰਜਾਬੀ ਫ਼ਿਲਮਾਂ ਵਿੱਚ ਵਿਸਾਖੀ ਦਾ ਸੁਨਹਿਰਾ ਅਤੀਤ ਫਰੋਲ ਕੇ ਅਸੀਂ ਫ਼ਖ਼ਰ ਮਹਿਸੂਸ ਕਰਦੇ ਹਾਂ, ਪਰ ਕਿ ਅੱਜ ਦੀ ਪੀੜ੍ਹੀ ਦੇ ਫਿਲਮ ਨਿਰਮਾਤਾ ਆਪਣੀ ਵਿਰਾਸਤ ਨੂੰ ਸਾਂਭ ਕੇ, ਆਉਣ ਵਾਲੀ ਪੀੜ੍ਹੀ ਦਾ ਰਿਸ਼ਤਾ ਸਮਾਜਿਕ, ਸੱਭਿਆਚਾਰਕ ਅਤੇ ਸਾਹਿਤਕ ਪੱਖ ਤੋਂ ਵਿਸਾਖੀ ਨਾਲ ਜੋੜਣ ਵਾਸਤੇ ਆਪਣਾ ਜ਼ਰੂਰੀ ਯੋਗਦਾਨ ਦੇਣਗੇ ? ਆਓ ਅਸੀਂ ਸਾਰੇ ਰਲਕੇ ਭਾਈਚਾਰਕ ਸਾਂਝ ਮਜਬੂਤ ਕਰੀਏ ਅਤੇ ਆਪਣੀ ਵਿਰਾਸਤ ਨੂੰ ਸਾਂਭ ਕੇ ਰੱਖੀਏ, ਤਾਂ ਜੋ ਪੰਜਾਬੀ ਸੱਭਿਆਚਾਰ ਵਿੱਚੋਂ ਮੋਹ ਭਿੱਜੀ ਨੋਕ-ਝੋਕ ਦੀ ਖ਼ੁਸ਼ਬੋ ਮਹਿਕਦੀ ਰਹੇ:

'ਤੇਰੀ ਕਣਕ ਦੀ ਰਾਖੀ ਮੁੰਡਿਆ,
ਹੁਣ ਮੈਂ ਨਹੀਓਂ ਬਹੰਦੀ........'

# ਜਲ੍ਹਿਆਂਵਾਲਾ ਬਾਗ ਕਾਂਡ: ਮੌਤਾਂ ਦੀ ਗਿਣਤੀ ਦਾ ਭੇਦ ਹਾਲੇ ਵੀ ਬਰਕਰਾਰ

**ਅੰਮ੍ਰਿਤਸਰ** – ਜਲ੍ਹਿਆਂਵਾਲਾ ਬਾਗ ਵਿਚ 13 ਅਪਰੈਲ 1919 ਨੂੰ ਹੋਏ ਕਤਲੇਆਮ 'ਚ ਕਿੰਨੇ ਲੋਕ ਮਾਰੇ ਗਏ ਅਤੇ ਕਿੰਨੇ ਜ਼ਖ਼ਮੀ ਹੋਏ, ਇਹ ਅਜੇ ਤੱਕ ਇਕ ਭੇਦ ਬਣਿਆ ਹੋਇਆ ਹੈ। ਇਸ ਬਾਰੇ ਅੰਗਰੇਜ਼ੀ ਸਰਕਾਰ ਦੇ ਬਾਅਦ ਆਜ਼ਾਦ ਭਾਰਤ ਦੀ ਕਿਸੇ ਵੀ ਸਰਕਾਰ ਦੁਆਰਾ ਕੋਈ ਨਿ-ਰਪੱਖ ਜਾਂਚ ਨਹੀਂ ਕਰਵਾਈ ਗਈ।

ਜ਼ਿਕਰਯੋਗ ਹੈ ਕਿ ਉਕਤ ਕਤਲੇਆਮ ਦੇ ਤੁਰਤ ਬਾਅਦ ਲਾਹੌਰ ਵਿਖੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਭੇਜੀ ਆਪਣੀ ਰਿਪੋਰਟ 'ਚ ਜਨਰਲ ਰਿਨਾਲਡ ਐਡਵਰਡ ਹੈਰੀ ਡਾਇਰ ਨੇ 200 ਤੋਂ 300 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਸੀ, ਜਦਕਿ ਮਾਈਕਲ ਓਡਵਾਇਰ ਨੇ ਅਗਾਂਹ ਭੇਜੀ ਆਪਣੀ ਰਿਪੋਰਟ 'ਚ ਮਰਨ ਵਾਲਿਆਂ ਦੀ ਗਿਣਤੀ 200 ਹੀ ਦੱਸੀ। ਹੋਮ ਮਿਨਿਸਟਰ ਵਿਭਾਗ (1919), ਨੰ. 23, ਡੀ.ਆਰ. 2 'ਚ ਚੀਫ ਸੈਕਟਰੀ ਜ਼ੇ.ਬੀ. ਥਾਮਸ ਅਤੇ ਐਚ.ਡੀ. ਕਰੇਕ ਨੇ 290 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ, ਜਦਕਿ ਮਿਲਟਰੀ ਰਿਪੋਰਟ 'ਚ ਦੱਸਿਆ ਗਿਆ ਕਿ ਜਲ੍ਹਿਆਂਵਾਲਾ ਬਾਗ਼ ਵਿਚ 200 ਤੋਂ ਵੀ ਘੱਟ ਲੋਕ ਮਾਰੇ ਗਏ ਸਨ। ਉਧਰ ਅਧਿ-ਕਾਰਕ ਤੌਰ ਉਤੇ ਇਸ ਕਤਲੇਆਮ 'ਚ 381 ਲੋਕਾਂ ਦੇ ਮਾਰੇ ਜਾਣ ਅਤੇ 1208 ਦੇ ਜ਼ਖ਼ਮੀ ਹੋਣ ਦੀ ਪੁਸ਼ਟੀ ਕੀਤੀ ਗਈ। ਅੰਮ੍ਰਿਤਸਰ ਸੇਵਾ ਸਮਿਤੀ ਨੇ ਬਾਗ਼ 'ਚ ਮਰਨ ਵਾਲਿਆਂ ਦੀ ਗਿਣਤੀ 501 ਦੱਸੀ। ਸਵਾਮੀ ਸ਼ਰਧਾ ਨੰਦ ਨੇ ਅੰਮ੍ਰਿਤਸਰ



ਪਹੁੰਚ ਕੇ ਅੰਕੜਿਆਂ ਦਾ ਜਾਇਜ਼ਾ ਲਿਆ ਅਤੇ ਮਰਨ ਵਾਲਿਆਂ ਦੀ ਗਿਣਤੀ 1500 ਤੋਂ ਵਧੇਰੇ ਦੱਸੀ, ਜਦਕਿ ਪੰਡਿਤ ਮਦਨ ਮੋਹਨ ਮਾਲਵੀਆ ਦੇ ਅਨੁਮਾਨ ਅਨੁਸਾਰ ਜਲ੍ਹਿਆਂਵਾਲਾ ਬਾਗ 'ਚ ਲਗਭਗ 1300 ਲੋਕ ਮਾਰੇ ਗਏ। ਅੰਮ੍ਰਿਤਸਰ ਦੇ ਤਤਕਾਲੀ ਸਿਵਲ ਸਰਜਨ ਡਾ. ਸਮਿਥ ਅਨੁਸਾਰ ਇਸ ਸਾਕੇ 'ਚ 1526 ਲੋਕ ਤ੍ਰਾਸਦੀ ਦਾ ਸ਼ਿਕਾਰ ਹੋਏ। ਜਲ੍ਹਿਆਂਵਾਲਾ ਬਾਗ ਯਾਦਗਾਰੀ ਟਰੱਸਟ ਦੇ ਕੋਲ 388 ਨਾਂਵਾਂ ਦੀ ਸੂਚੀ ਹੈ, ਜਦਕਿ ਪੰਜਾਬ ਗੌਰਮਿੰਟ ਹੋਮ ਮਿਨਿਸਟਰੀ ਪਾਰਟ ਬੀ. 1921, ਫਾਈਲ ਨੰਬਰ 139 'ਚ ਮ੍ਰਿਤਕਾਂ ਦੇ 381 ਨਾਂ ਮੌਜੂਦ ਹਨ। ਇਹੋ ਨਾਂ ਬਾਗ ਦੇ ਬਾਹਰ ਉਸਾਰੀ ਗਈ ਯਾਦਗਾਰ 'ਤੇ ਕ੍ਰਮਵਾਰ ਲਿਖੇ ਗਏ ਹਨ। ਉਕਤ ਦੇ ਇਲਾਵਾ ਜਲ੍ਹਿਆਂਵਾਲਾ ਬਾਗ਼ ਸਾਕੇ ਦੇ ਸ਼ਹੀਦਾਂ ਦੇ ਨਾਂਵਾਂ ਦੀ ਇਕ ਹੋਰ ਸੂਚੀ, ਜੋ ਸਰਕਾਰੀ ਪੱਧਰ 'ਤੇ 12 ਨਵੰਬਰ 1919 ਨੂੰ ਮੁਕੰਮਲ ਕੀਤੀ ਗਈ, ਵਿਚ ਮਰਨ ਵਾਲਿਆਂ ਦੇ 501 ਨਾਂ ਦਰਜ ਹਨ। ਇਨ੍ਹਾਂ ਵਿਚ ਉਨ੍ਹਾਂ 42 ਪੁਰਸ਼ਾਂ, ਇਕ ਔਰਤ ਅਤੇ ਇਕ ਬੱਚਾ, ਜਿਨ੍ਹਾਂ ਦਾ ਸਸਕਾਰ ਸੇਵਾ ਸਮਿਤੀ ਦੁਆਰਾ ਕੀਤਾ ਗਿਆ ਸੀ, ਦੀ ਪਛਾਣ ਨਾ ਹੋਣ ਕਰਕੇ ਉਨ੍ਹਾਂ ਦੇ ਨਾਂਵਾਂ ਦਾ ਕੋਈ ਵੇਰਵਾ ਦਰਜ ਨਹੀਂ ਹੈ। ਇਸ ਦੇ ਇਲਾਵਾ ਉਕਤ ਸੂਚੀ 'ਚ ਇਕ ਵਿਅਕਤੀ ਦਾ ਨਾਂ ਭੁਲੇਖੇ ਨਾਲ ਦੋ ਵਾਰ ਲਿਖਿਆ ਗਿਆ ਹੈ ਅਤੇ ਹੋਰਨਾਂ 14 ਲੋਕਾਂ ਦੀ ਬਾਅਦ 'ਚ ਜਿਉਂਦੇ ਹੋਣ ਦੀ ਪੁਸ਼ਟੀ ਕੀਤੀ ਗਈ ਹੈ।

# ਪੰਜਾਬ ਵਿੱਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਤੇ ਰਾਜਨੀਤਿਕ ਸ਼ਮੂਲੀਅਤ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

**(ਪਿਛਲੇ ਅੰਕ ਦੀ ਬਾਕੀ)**

ਆਮ ਤੌਰ ਉੱਤੇ ਪੇਂਡੂ ਖੇਤਰ ਦੇ ਪਰਿਵਾਰਾਂ ਵਿੱਚ ਰਾਜਨੀਤਿਕ ਮੁੱਦਿਆਂ ਉੱਤੇ ਇੱਕਮੱਤ ਫ਼ੈਸਲੇ ਹੁੰਦੇ ਹਨ ਜਿਹੜੇ ਕਿ ਪਰਿਵਾਰਾਂ ਦੇ ਮੋਢੀ ਮਰਦ ਜੀਆਂ ਦੁਆਰਾ ਲਏ ਜਾਂਦੇ ਹਨ ਅਤੇ ਬਾਕੀ ਸਾਰੇ ਜੀਅ ਬਿਨਾਂ ਕਿਸੇ ਸਵਾਲ ਦੇ ਇਸਨੂੰ ਸਵੀਕਾਰ ਕਰਦੇ ਹਨ। ਔਰਤਾਂ ਵਧੇਰੇ ਕਰਕੇ ਘਰ ਦੇ ਫ਼ੈਸਲਿਆਂ ਵਿੱਚ ਕਿਰਿਆਹੀਣ ਜੀਅ ਹਨ ਜਿਹਨਾਂ ਦੀ ਨਾ ਕੋਈ ਪੁੱਛ ਹੁੰਦੀ ਹੈ ਅਤੇ ਨਾ ਹੀ ਉਹ ਆਪ ਸਾਰੇ ਰਾਜਨੀਤਿਕ ਦ੍ਰਿਸ਼ ਵਿੱਚ ਕੋਈ ਦਿਲਚਸਪੀ ਲੈਂਦੀਆਂ ਹਨ। ਪੰਜਾਬ ਦੀਆਂ 96.66 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਨੂੰ ਮੌਕਾ ਮਿਲਣ ਉੱਤੇ ਵੀ ਚੋਣਾਂ ਵਿੱਚ ਉਮੀਦਵਾਰ ਵਜੋਂ ਚੁਣੇ ਜਾਣ ਦੀ ਕੋਈ ਇੱਛਾ ਨਹੀਂ ਹੈ। ਫੀਲਡ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਕਿ ਇਸ ਪੱਖ ਸੰਬੰਧੀ ਪੇਂਡੂ ਔਰਤ ਮਜ਼ਦੂਰਾਂ ਬਹੁਤ ਹੀ ਨਿਰਾਸ਼ਾਵਾਦੀ ਹਨ ਅਤੇ ਕਈਆਂ ਨੇ "ਅਸੀਂ ਏਨੇ ਜੋਗੇ ਕਿੱਥੇ?", "ਹੁਣ ਤਾਂ ਅਗਲੇ ਜਨਮ ਵਿੱਚ ਦੇਖਾਂਗ?", "ਗ਼ਰੀਬਾਂ ਨੂੰ ਕੌਣ ਮੌਕਾ ਦਿੰਦਾ?", ਆਦਿ ਜਵਾਬ ਦਿੱਤੇ। ਇਸ ਤੋਂ ਸਪਸ਼ਟ ਹੈ ਕਿ ਭਾਰਤੀ ਰਾਜਨੀਤਿਕ ਪ੍ਰਬੰਧ ਵਿੱਚੋਂ ਪੇਂਡੂ ਔਰਤ ਮਜ਼ਦੂਰਾਂ ਨੂੰ ਬੇਦਖ਼ਲੀ ਹੀ ਦਿੱਤੀ ਹੋਈ ਹੈ। ਪੰਜਾਬ ਦੀਆਂ 97.25 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਕਿਸੇ ਵੀ ਰਾਜਨੀਤਿਕ ਮੁਹਿੰਮ/ਜਨਤਕ ਸਭਾ ਵਿੱਚ ਸ਼ਾਮਲ ਨਹੀਂ ਹੁੰਦੀਆਂ, 94.99 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦੀ ਆਪਣੇ ਭਾਈਚਾਰੇ/ਖੇਤਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਿਸੇ ਰਾਜਨੀਤਿਕ ਨੇਤਾ ਤੱਕ ਕੋਈ ਪਹੁੰਚ ਨਹੀਂ ਹੈ। ਇੱਕ-ਤਿਹਾਈ ਤੋਂ ਵੱਧ ਪੇਂਡੂ ਔਰਤ ਮਜ਼ਦੂਰਾਂ (36.48 ਪ੍ਰਤਿਸ਼ਤ) ਦਾ ਵਿਚਾਰ ਹੈ ਕਿ ਔਰਤਾਂ ! ਦੇਸ ਦੀ ਰਾਸ਼ਟਰਪਤੀ/ਪ੍ਰਧਾਨ ਮੰਤਰੀ ਨਹੀਂ ਬਣਨਾ ਚਾਹੀਦਾ। ਹੈਰਾਨੀਜਨਕ ਤੱਥ ਇਹ ਹੈ ਕਿ 97.17 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਇਹ ਮੰਨਦੀਆਂ ਹਨ ਕਿ ਔਰਤਾਂ ਨੂੰ ਰਾਜਨੀਤਿਕ ਵਰਕਰ ਵਜੋਂ ਰਾਜਨੀਤਿਕ ਪਾਰਟੀਆਂ ਵਿੱਚ ਕੰਮ ਨਹੀਂ ਕਰਨਾ ਚਾਹੀਦਾ।

ਰਾਜਨੀਤਿਕ ਸ਼ਮੂਲੀਅਤ ਦੇ ਖੇਤਰ-ਵਾਰ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਮਾਲਵਾ, ਦੋਆਬਾ ਅਤੇ ਮਾਝਾ ਦੇ ਕੁੱਲ ਪੇਂਡੂ ਔਰਤ ਮਜ਼ਦੂਰਾਂ ਵਿੱਚੋਂ ਕ੍ਰਮਵਾਰ 95.83, 95.77 ਅਤੇ 94.27 ਪ੍ਰਤਿਸ਼ਤ ਨੂੰ ਰਾਜਨੀਤੀ ਵਿੱਚ ਕੋਈ ਦਿਲਚਸਪੀ ਨਹੀਂ ਹੈ। ਦੋਆਬਾ, ਮਾਝਾ ਅਤੇ ਮਾਲਵਾ ਦੀਆਂ ਬਹੁਤ ਜ਼ਿਆਦਾ ਪੇਂਡੂ ਔਰਤ ਮਜ਼ਦੂਰਾਂ, ਕ੍ਰਮਵਾਰ 95.77, 94.56 ਅਤੇ 94.36 ਪ੍ਰਤਿਸ਼ਤ ਨੂੰ ਖ਼ਬਰਾਂ ਪੜ੍ਹਨ, ਸੁਣਨ ਅਤੇ ਦੇਖਣ ਵਿੱਚ ਦਿਲਚਸਪੀ ਨਹੀਂ ਹੈ। ਤਿੰਨਾਂ ਖੇਤਰਾਂ ਦੀਆਂ ਬਹੁਤ ਜ਼ਿਆਦਾ ਪੇਂਡੂ ਔਰਤ ਮਜ਼ਦੂਰਾਂ! ਰਾਜ ਅਤੇ ਕੇਂਦਰ ਦੀਆਂ ਸਰਕਾਰੀ ਪਦਵੀਆਂ ਉੱਤੇ ਬਿਰਾਜਮਾਨ ਮਹੱਤਵਪੂਰਨ ਵਿਅਕਤੀਆਂ ਦੇ ਨਾਮ ਬਾਰੇ ਵੀ ਨਹੀਂ ਪਤਾ, ਜਿਵੇਂ ਕਿ ਦੋਆਬਾ, ਮਾਝਾ ਅਤੇ ਮਾਲਵਾ ਦੀਆਂ 90.00, 89.68 ਅਤੇ 88.48 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਨਾਮ ਦਾ ਪਤਾ ਨਹੀਂ ਸੀ। ਇਸੇ ਪ੍ਰਕਾਰ ਹੀ ਜ਼ਿਆਦਾਤਰ ਪੇਂਡੂ ਔਰਤ ਮਜ਼ਦੂਰਾਂ ਨੂੰ ਦੇਸ ਦੇ ਪ੍ਰਧਾਨ ਮੰਤਰੀ ਦੇ ਨਾਮ ਬਾਰੇ ਕੋਈ ਜਾਣਕਾਰੀ ਨਹੀਂ, ਅਜਿਹੀਆਂ ਔਰਤਾਂ ਦੀ ਗਿਣਤੀ ਮਾਲਵਾ, ਮਾਝਾ ਅਤੇ ਦੋਆਬਾ ਵਿੱਚ ਕ੍ਰਮਵਾਰ 92.89, 92.84 ਅਤੇ 92.31 ਪ੍ਰਤਿਸ਼ਤ ਹੈ। ਸਾਰੇ ਤਿੰਨ ਖੇਤਰਾਂ ਦੀਆਂ ਲਗਭਗ ਸਾਰੀਆਂ ਹੀ ਪੇਂਡੂ ਔਰਤ ਮਜ਼ਦੂਰਾਂ ਨੂੰ ਦੇਸ ਦੇ ਰਾਸ਼ਟਰਪਤੀ ਦੇ ਨਾਮ ਦੀ ਕੋਈ ਜਾਣਕਾਰੀ ਨਹੀਂ। ਮਾਲਵਾ, ਮਾਝਾ ਅਤੇ ਦੋਆਬਾ ਦੀਆਂ ਕ੍ਰਮਵਾਰ 87.01, 81.38 ਅਤੇ 80.00 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਕਿਸੇ ਦੋ ਔਰਤ ਰਾਜਨੀਤਿਕ ਨੇਤਾਵਾਂ ਦੇ ਨਾਮ ਨਹੀਂ ਜਾਣਦੀਆਂ। ਇਸ ਤੋਂ ਇਲਾਵਾ, ਮਾਝਾ ਦੀਆਂ 83.38, ਮਾਲਵਾ ਦੀਆਂ 76.47 ਅਤੇ ਦੋਆਬਾ ਦੀਆਂ 75.38 ਪ੍ਰਤਿਸ਼ਤ ਮਜ਼ਦੂਰ ਔਰਤਾਂ ਭਾਰਤੀ ਰਾਜਨੀਤਿਕ ਪਾਰਟੀਆਂ ਦੇ ਨਾਮਾਂ ਬਾਰੇ ਕੁੱਝ ਨਹੀਂ ਜਾਣਦੀਆਂ। ਵੋਟ ਪਾਉਣ ਸੰਬੰਧੀ ਪੇਂਡੂ ਔਰਤ ਮਜ਼ਦੂਰਾਂ ਦੀ ਰਾਜਨੀਤਿਕ ਹਿੱਸੇਦਾਰੀ ਬਾਰੇ ਖੇਤਰ-ਵਾਰ ਅਧਿਐਨ ਦਰਸਾਉਂਦਾ ਹੈ ਕਿ ਦੋਆਬਾ ਦੀਆਂ 95.77, ਮਾਝਾ ਦੀਆਂ 95.70 ਅਤੇ ਮਾਲਵਾ ਦੀਆਂ 96.32 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਵੋਟ ਪਾਉਂਦੀਆਂ ਹਨ। ਫੀਲਡ ਸਰਵੇਖਣ ਦੌਰਾਨ ਪਤਾ ਲੱਗਿਆ ਹੈ ਕਿ ਬਹੁਤੀਆਂ ਪੇਂਡੂ ਔਰਤ ਮਜ਼ਦੂਰਾਂ ਆਪਣੀ ਵੋਟ ਦੀ ਵਰਤੋਂ ਪਰਿਵਾਰ ਦੇ ਸੀਨੀਅਰ ਮਰਦ ਦੀ ਹਦਾਇਤ ਅਨੁਸਾਰ ਕਰਦੀਆਂ ਹਨ, ਪਰ ਇਹ ਮਰਦ ਅੱਗੋਂ ਹੋਰ ਬਹੁਤ ਸਾਰੇ ਲੋਕਾਂ ਦੇ ਦਬਾਅ ਅਧੀਨ ਇਹ ਫ਼ੈਸਲਾ ਕਰਦੇ ਹਨ ਕਿ ਵੋਟ ਕਿਸ ਨੂੰ ਪਾਈ ਜਾਵੇ।ਇਸ ਤੋਂ ਇਲਾਵਾ ਬਹੁਤ ਸਾਰੀਆਂ ਔਰਤਾਂ ਨੂੰ ਮੌਕਾ ਮਿਲਣ ਉੱਤੇ ਵੀ ਚੋਣਾਂ ਵਿੱਚ ਉਮੀਦਵਾਰ ਵਜੋਂ ਚੁਣੇ ਜਾਣ ਦੀ ਕੋਈ ਇੱਛਾ ਨਹੀਂ ਹੈ, ਅਜਿਹੀਆਂ ਔਰਤਾਂ ਮਾਝਾ, ਦੋਆਬਾ ਅਤੇ ਮਾਲਵਾ ਵਿੱਚ ਕ੍ਰਮਵਾਰ 97.42, 96.92 ਅਤੇ 95.83 ਪ੍ਰਤਿਸ਼ਤ ਹਨ। ਮਾਝਾ, ਦੋਆਬਾ ਅਤੇ ਮਾਲਵਾ ਦੀਆਂ ਕ੍ਰਮਵਾਰ 97.99, 97.69 ਅਤੇ 96.32 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਕਿਸੇ ਰਾਜਨੀਤਿਕ ਮੁਹਿੰਮ/ਜਨਤਕ ਸਭਾ ਵਿੱਚ ਕਦੇ ਵੀ ਸ਼ਾਮਲ ਨਹੀਂ ਹੋਈਆਂ। ਮਾਝਾ ਦੀਆਂ 44.70, ਮਾਲਵਾ ਦੀਆਂ 37.01 ਅਤੇ ਦੋਆਬਾ ਦੀਆਂ 24.92 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦਾ ਮੰਨਣਾ ਹੈ ਕਿ ਔਰਤ ਦੇਸ ਦੀ ਰਾਸ਼ਟਰਪਤੀ/ਪ੍ਰਧਾਨ ਮੰਤਰੀ ਨਹੀਂ ਬਣਨੀ ਚਾਹੀਦੀ। ਰਾਜਨੀਤਿਕ ਪਾਰਟੀਆਂ ਵਿੱਚ ਕੰਮ ਕਰਨ ਦੇ ਮੁੱਦੇ ਉੱਤੇ ਵੀ ਤਿੰਨਾਂ ਖੇਤਰਾਂ ਦੀਆਂ ਜ਼ਿਆਦਾਤਰ ਪੇਂਡੂ ਔਰਤ ਮਜ਼ਦੂਰਾਂ ਦਾ ਇਹੀ ਕਹਿਣਾ ਹੈ ਕਿ ਔਰਤਾਂ ਨੂੰ ਰਾਜਨੀਤਿਕ ਵਰਕਰ ਵਜੋਂ ਕੰਮ ਨਹੀਂ ਕਰਨਾ ਚਾਹੀਦਾ, ਅਜਿਹਾ ਕਹਿਣ ਵਾਲੀਆਂ ਔਰਤਾਂ ਦਾ ਅਨੁਪਾਤ ਮਾਲਵਾ, ਦੋਆਬਾ ਅਤੇ ਮਾਝਾ ਲਈ ਕ੍ਰਮਵਾਰ 96.81, 96.54 ਅਤੇ 95.13 ਪ੍ਰਤਿਸ਼ਤ ਹੈ।

ਪੰਜਾਬ ਦੇ ਪੇਂਡੂ ਔਰਤ ਮਜ਼ਦੂਰਾਂ ਦੁਆਰਾ ਕੰਮ ਕਰਨ ਦੀ ਥਾਂ ਉੱਤੇ ਭੋਗੀਆਂ ਜਾਂਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਕੁੱਲ 1017 ਉੱਤਰਦਾਤਾ ਪੇਂਡੂ ਔਰਤ ਮਜ਼ਦੂਰਾਂ ਵਿੱਚੋਂ ਅੱਧ ਤੋਂ ਜ਼ਿਆਦਾ (51.33 ਪ੍ਰਤਿਸ਼ਤ) ਨੇ 20 ਸਾਲ ਤੋਂ ਘੱਟ ਉਮਰ ਵਿੱਚ ਹੀ ਮਜ਼ਦੂਰੀ ਕਰਨੀ ਸ਼ੁਰੂ ਕੀਤੀ ਸੀ। ਪੇਂਡੂ ਔਰਤ ਮਜ਼ਦੂਰਾਂ ਨੂੰ ਕੰਮ ਜਿਸ ਵੀ ਥਾਂ ਉੱਤੇ ਮਿਲੇ ਉੱਥੇ ਕਰਨਾ ਪੈਂਦਾ ਹੈ, ਪਰ ਅਧਿਐਨ ਦਰਸਾਉਂਦਾ ਹੈ ਕਿ ਕੰਮ ਦੀ ਇੱਛਾ ਅਤੇ ਕੰਮ ਕਰਨ ਥਾਂ ਦੀ ਦੂਰੀ ਵਿੱਚ ਉਲਟਾ ਸੰਬੰਧ ਹੈ, ਜਿਵੇਂ ਜਿਵੇਂ ਕੰਮ ਕਰਨ ਥਾਂ ਦੀ ਦੂਰੀ ਵਧਦੀ ਹੈ, ਕੰਮ ਵੀ ਇੱਛਾ ਘਟਦੀ ਜਾਂਦੀ ਹੈ। ਇਸ ਵਰਤਾਰੇ ਦਾ ਕਾਰਨ ਇਹ ਹੈ ਕਿ ਪੇਂਡੂ ਔਰਤ ਮਜ਼ਦੂਰਾਂ ਨੂੰ ਘਰੇਲੂ ਕੰਮ ਆਪਣੇ ਜੱਦੀ ਪਿੰਡ ਜਾਂ ਇਸਦੇ ਨੇੜੇ ਕੰਮ ਕਰਨ ਲਈ ਮਜਬੂਰ ਕਰਦੇ ਹਨ। ਕੁੱਲ 1017 ਪੇਂਡੂ ਔਰਤ ਮਜ਼ਦੂਰਾਂ ਵਿੱਚੋਂ, 91.84 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਕੰਮ ਕਰਨ ਦੀ ਥਾਂ ਉੱਤੇ ਮੁਢਲੀਆਂ ਸਹੂਲਤਾਂ ਤੋਂ ਬਾਂਝੀਆਂ ਹੀ ਕੰਮ ਕਰਦੀਆਂ ਹਨ। ਫੀਲਡ ਸਰਵੇਖਣ ਦੌਰਾਨ ਇਹ ਵੀ ਦੇਖਿਆ ਗਿਆ ਕਿ ਜੋ ਪੇਂਡੂ ਔਰਤ ਮਜ਼ਦੂਰਾਂ ਇਹ ਥੋੜ੍ਹੀਆਂ ਜਿਹੀਆਂ ਸਹੂਲਤਾਂ ਲੈ ਰਹੀਆਂ ਹਨ ਉਹ ਵਧੇਰੇ ਕਰਕੇ ਉਦਯੋਗਾਂ, ਘਰੇਲੂ ਨੌਕਰਾਂ ਜਾਂ ਮੀਡ-ਡੇਅ ਮੀਲ/ ਆਸ਼ਾ/ ਆਂਗਨਵਾੜੀ ਵਰਕਰ ਵਜੋਂ ਕੰਮ ਕਰ ਰਹੀਆਂ ਹਨ। ਭਾਰਤ ਵਿੱਚ 1976 ਦੇ ਸਮਾਨ ਮਜ਼ਦੂਰੀ ਐਕਟ ਲਾਗੂ ਹੋਣ ਦੇ ਬਾਵਜੂਦ ਵੀ 36.87 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਨੂੰ ਮਰਦਾਂ ਦੇ ਮੁਕਾਬਲੇ ਸਮਾਨ ਕੰਮ ਲਈ ਸਮਾਨ ਮਜ਼ਦੂਰੀ ਨਹੀਂ ਮਿਲਦੀ ਅਤੇ ਮਜ਼ਦੂਰੀ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਜ਼ਿਆਦਾ ਪੇਂਡੂ ਔਰਤ ਮਜ਼ਦੂਰਾਂ (90.46 ਪ੍ਰਤਿਸ਼ਤ) ਨੂੰ ਸਰਕਾਰ ਦੁਆਰਾ ਕਿਰਤੀਆਂ ਲਈ ਕੰਮ ਕਰਨ ਦੇ ਨਿਸ਼ਚਿਤ ਕੀਤੇ ਸਮੇਂ ਬਾਰੇ ਕੋਈ ਜਾਣਕਾਰੀ ਨਹੀਂ। ਬੜੇ ਦੁੱਖ ਦੀ ਗੱਲ ਤਾਂ ਇਹ ਹੈ ਕਿ ਇੱਕ ਵੀ ਪੇਂਡੂ ਔਰਤ ਮਜ਼ਦੂਰ ਸਰਕਾਰ ਦੁਆਰਾ ਘੱਟੋ-ਘੱਟ ਮਜ਼ਦੂਰੀ ਐਕਟ ਬਾਰੇ ਜਾਣਕਾਰੀ ਨਹੀਂ ਰੱਖਦੀ। ਇਸਦਾ ਕਾਰਨ ਇਹ ਹੈ ਕਿ ਮਜ਼ਦੂਰ ਔਰਤਾਂ ਅਨਪੜ੍ਹ ਹਨ ਅਤੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਵੀ ਨਹੀਂ ਹਨ। ਇਹ ਵੀ ਜ਼ਿਕਰਯੋਗ ਹੈ ਕਿ ਕੁੱਲ ਪੇਂਡੂ ਔਰਤ ਮਜ਼ਦੂਰਾਂ ਵਿੱਚੋਂ, 62.83 ਪ੍ਰਤਿਸ਼ਤ ਕਿਸੇ ਨਾ ਕਿਸੇ ਇੱਕ ਜਾਂ ਇਸ ਤੋਂ ਵੱਧ ਬਿਮਾਰੀਆਂ/ਰੋਗ ਜਿਵੇਂ ਸਰੀਰਿਕ ਦਰਦ, ਸ਼ੱਕਰ ਰੋਗ ਅਤੇ ਬਲੱਡ ਪ੍ਰੈਸ਼ਰ, ਅੱਖਾਂ, ਚਮੜੀ ਰੋਗ ਜਾਂ ਹੱਥਾਂ ਉੱਤੇ ਫੋੜਿਆਂ, ਸਾਹ ਦੀਆਂ ਬਿਮਾਰੀਆਂ, ਜ਼ਨਾਨਾ ਰੋਗਾਂ, ਯੂਰਿਕ ਐਸਿਡ, ਪੇਟ ਦੀ ਪੱਥਰੀ ਅਤੇ ਹਿਰਦੇ ਰੋਗ ਦੀਆਂ ਸ਼ਿਕਾਰ ਹਨ। ਫੀਲਡ ਸਰਵੇਖਣ ਦੌਰਾਨ ਇਹ ਵੀ ਦੇਖਿਆ ਗਿਆ ਕਿ ਇਹਨਾਂ ਪੇਂਡੂ ਔਰਤ ਮਜ਼ਦੂਰਾਂ ਦੇ ਪਰਿਵਾਰਿਕ ਜੀਅ ਵੀ ਰੋਗਾਂ ਤੋਂ ਪੀੜਿਤ ਹਨ ਜਿਸਦਾ ਕਾਰਨ ਮਾੜੀਆਂ ਰਹਿਣ ਦੀਆਂ ਹਾਲਤਾਂ ਅਤੇ ਸੰਤੁਲਿਤ ਭੋਜਨ ਦੀ ਘਾਟ ਹੈ। ਇਸਦਾ ਹੋਰ ਕਾਰਨ ਪਿੰਡਾਂ ਵਿੱਚ ਪ੍ਰਯੋਗਸ਼ਾਲਾਵਾਂ ਅਤੇ ਡਾਕਟਰਾਂ ਦੀ ਵੀ ਘਾਟ ਹੈ। ਪਿੰਡਾਂ ਦੇ ਲੋਕ ਵਧੇਰੇ ਕਰਕੇ ਪਿੰਡ ਦੇ ਸਥਾਨਿਕ ਡਾਕਟਰ ਉੱਤੇ ਨਿਰਭਰ ਹਨ। ਇੱਕ-ਚੌਥਾਈ ਤੋਂ ਵੱਧ ਪੇਂਡੂ ਔਰਤ ਮਜ਼ਦੂਰਾਂ (25.27 ਪ੍ਰਤਿਸ਼ਤ) ਦਾ ਮੰਨਣਾ ਹੈ ਕਿ ਕੰਮ ਕਰਨ ਥਾਂ ਉੱਤੇ ਉਹਨਾਂ ਨਾਲ ਜਾਤੀ ਆਧਾਰ ਉੱਤੇ ਵਿਤਕਰਾ ਹੁੰਦਾ ਹੈ। ਫੀਲਡ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਕਿ ਜ਼ਿਆਦਾਤਰ ਪੇਂਡੂ ਔਰਤ ਮਜ਼ਦੂਰਾਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਹਨ ਅਤੇ ਉਹਨਾਂ ਨੂੰ ਜਾਤੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਉਹਨਾਂ ਨੂੰ 'ਚੂਹੜੀ', 'ਚਮਿਆਰੀ' ਆਦਿ ਸ਼ਬਦ ਸੁਣਨ ਦੀ ਇੱਕ ਆਦਤ ਬਣ ਗਈ ਹੈ ਅਤੇ ਉਹ ਇਸ ਸੰਬੰਧੀ ਕੋਈ ਸ਼ਕਾਇਤ ਵੀ ਨਹੀਂ ਕਰਦੀਆਂ। ਇੱਥੇ ਇਹ ਜ਼ਿਕਰਯੋਗ ਹੈ ਕਿ 5.01 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਨੇ ਮੰਨਿਆ ਕਿ ਉਹ ਜਿਨਸੀ ਸ਼ੋਸ਼ਣ/ਛੇੜ-ਛਾੜ ਤੋਂ ਪੀੜਿਤ ਹਨ, ਜਦੋਂ ਕਿ 70.60 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰ ਇਸ ਸੰਬੰਧੀ ਚੁੱਪ ਹਨ। ਇਸਦਾ ਕਾਰਨ ਇਹ ਹੋ ਸਕਦਾ ਹੈ ਕਿ ਇਹ ਇੱਕ ਸਮਾਜਿਕ ਮੁੱਦਾ ਹੈ।



ਜਿੱਥੇ ਪੇਂਡੂ ਔਰਤ ਮਜ਼ਦੂਰਾਂ ਨੂੰ ਕੰਮ ਕਰਨ ਥਾਂ ਉੱਤੇ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉੱਥੇ ਇਹਨਾਂ ! ਘਰੇਲੂ ਪੱਧਰ ਉੱਤੇ ਵੀ ਬਹੁਤ ਸਾਰੀਆਂ ਸਮੱਸਿਆਵਾਂ ਪੇਸ਼ ਆਉਂਦੀਆਂ ਹਨ। ਸਾਰੇ ਦਿਨ ਦੇ ਕੰਮ ਤੋਂ ਬਾਅਦ ਜਦੋਂ ਪੇਂਡੂ ਔਰਤ ਮਜ਼ਦੂਰ ਘਰ ਪਹੁੰਚਦੀਆਂ ਹਨ ਤਾਂ ਘਰ ਵਿੱਚ ਵੀ ਉਹਨਾਂ ਨੂੰ ਬੱਚੇ ਸੰਭਾਲਣ ਅਤੇ ਹੋਰ ਘਰੇਲੂ ਕੰਮ ਕਰਨੇ ਪੈਂਦੇ ਹਨ। ਬਹੁਤੀਆਂ! ਘਰੇਲੂ ਹਿੰਸਾ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਬਿਮਾਰ ਹੋਣ ਉੱਤੇ ਵੀ ਇਹਨਾਂ ਪੇਂਡੂ ਔਰਤ ਮਜ਼ਦੂਰਾਂ ਨਾਲ ਪਤੀਆਂ ਦੁਆਰਾ ਦੁਰ-ਵਿਵਹਾਰ ਕੀਤਾ ਜਾਂਦਾ ਹੈ ਅਤੇ ਬਾਕੀ ਪਰਿਵਾਰਿਕ ਜੀਅ ਵੀ ਅਜਿਹਾ ਹੀ ਕਰਦੇ ਹਨ। ਬਿਮਾਰੀ ਦੀ ਹਾਲਤ ਵਿੱਚ ਵੀ ਪੇਂਡੂ ਔਰਤ ਮਜ਼ਦੂਰਾਂ ਨੂੰ ਕੰਮ ਉੱਤੇ ਜਾਣਾ ਪੈਂਦਾ ਹੈ, ਪਰ ਏਨਾ ਕੁਝ ਕਰਨ ਦੇ ਬਾਵਜੂਦ ਵੀ ਘਰੇਲੂ ਫ਼ੈਸਲਿਆਂ ਵਿੱਚ ਔਰਤਾਂ ਦੀ ਸ਼ਮੂਲੀਅਤ ਨਹੀਂ ਹੁੰਦੀ। ਇੱਕ-ਤਿਹਾਈ ਤੋਂ ਵੱਧ (36.18 ਪ੍ਰਤਿਸ਼ਤ) ਪੇਂਡੂ ਔਰਤ ਮਜ਼ਦੂਰਾਂ ਦੇ ਪਤੀ ਨਸ਼ੇ ਦੇ ਆਦੀ ਹਨ ਅਤੇ 18.19 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦੇ ਆਪਣੇ ਪਤੀਆਂ ਨਾਲ ਸੰਬੰਧ ਤਣਾਅਗ੍ਰਸਤ ਹਨ। ਜ਼ਿਆਦਾਤਰ ਪੇਂਡੂ ਔਰਤ ਮਜ਼ਦੂਰਾਂ ਜਿਵੇਂ ਕਿ 89.58, 86.14 ਅਤੇ 77.48 ਪ੍ਰਤਿਸ਼ਤ ਦੇ ਪਰਿਵਾਰਿਕ ਜੀਅ ਕ੍ਰਮਵਾਰ ਘਰੇਲੂ ਰੋਜ਼ਮਰ੍ਹਾ ਦੀ ਖ਼ਰੀਦਦਾਰੀ, ਬੱਚਿਆਂ ਦੀ ਸਿਹਤ ਅਤੇ ਬੱਚਿਆਂ ਦੀ ਪੜ੍ਹਾਈ ਸੰਬੰਧੀ ਮੁੱਦਿਆਂ ਉੱਤੇ ਉਹਨਾਂ ਦੀ ਸਲਾਹ ਲੈਂਦੇ ਹਨ, ਪਰ ਟਿਕਾਊ ਵਸਤਾਂ ਦੀ ਖ਼ਰੀਦਦਾਰੀ ਵੇਲੇ ਸਿਰਫ਼ 33.24 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦੇ ਪਰਿਵਾਰਿਕ ਮੈਂਬਰ ਉਹਨਾਂ ਦੀ ਸਲਾਹ ਲੈਂਦੇ ਹਨ। ਇਸ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਜ਼ਿਆਦਾਤਰ ਪੇਂਡੂ ਔਰਤ ਮਜ਼ਦੂਰਾਂ ਦੀ ਸਲਾਹ ਘਰੇਲੂ ਕੰਮਾਂ ਜਿਵੇਂ ਘਰੇਲੂ ਰੋਜ਼ਮਰ੍ਹਾ ਦੀ ਖ਼ਰੀਦਦਾਰੀ, ਬੱਚਿਆਂ ਦੀ ਸਿਹਤ ਅਤੇ ਬੱਚਿਆਂ ਦੀ ਪੜ੍ਹਾਈ ਲਈ ਤਾਂ ਲਈ ਜਾਂਦੀ ਹੈ, ਪਰ ਟਿਕਾਊ ਵਸਤਾਂ ਦੀ ਖ਼ਰੀਦਦਾਰੀ ਵੇਲੇ ਉਹਨਾਂ ਨੂੰ ਘੱਟ ਹੀ ਪੁੱਛਿਆ ਜਾਂਦਾ ਹੈ। ਇਸਦਾ ਕਾਰਨ ਇਹ ਹੈ ਕਿ ਮਰਦ-ਪ੍ਰਧਾਨ ਸਮਾਜ ਵਿੱਚ ਘਰੇਲੂ ਕੰਮਾਂ ਅਤੇ ਬੱਚੇ ਸੰਭਾਲਣਾ ਔਰਤਾਂ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਇਸ ਤੋਂ ਇਲਾਵਾ, ਸਮਾਜਿਕ ਅਤੇ ਧਾਰਮਿਕ ਸਮਾਗਮ ਵਿੱਚ ਪੇਂਡੂ ਔਰਤ ਮਜ਼ਦੂਰਾਂ ਨੂੰ ਸ਼ਾਮਲ ਹੋਣ ਸੰਬੰਧੀ ਫ਼ੈਸਲਾ ਜ਼ਿਆਦਾਤਰ ਮਾਮਲਿਆਂ ਵਿੱਚ ਪਰਿਵਾਰ ਦਾ ਮੁਖੀ ਲੈਂਦਾ ਹੈ। ਇਸ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਭਾਵੇਂ ਔਰਤਾਂ ਸਾਰਾ ਦਿਨ ਹੱਡ-ਭੰਨਵੀਂ ਮਿਹਨਤ ਕਰਕੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰ ਰਹੀਆਂ ਹਨ, ਪਰ ਫਿਰ ਵੀ ਉਹਨਾਂ ਨੂੰ ਮਹੱਤਵਪੂਰਨ ਘਰੇਲੂ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਫੀਲਡ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਹੈ ਕਿ ਪੇਂਡੂ ਔਰਤ ਮਜ਼ਦੂਰ ਬਹੁਤ ਮਾੜੀਆਂ ਹਾਲਤਾਂ ਵਿੱਚ ਰਹਿੰਦੀਆਂ ਹਨ ਅਤੇ ਉਹਨਾਂ ਦਾ ਜੀਵਨ-ਪੱਧਰ ਬਹੁਤ ਤਰਸਯੋਗ ਹੈ। ਆਪਣੇ ਜੀਵਨ-ਪੱਧਰ ਨੂੰ ਉੱਚਾ ਚੁੱਕਣ ਲਈ ਇਹ ਔਰਤਾਂ ਬਹੁਤ ਛੋਟੀ ਉਮਰ ਵਿੱਚ ਹੀ ਕੰਮ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਅਧਿਐਨ ਵਿੱਚ ਦੇਖਿਆ ਗਿਆ ਹੈ ਕਿ ਬਹੁਤੀਆਂ ਪੇਂਡੂ ਔਰਤ ਮਜ਼ਦੂਰ 20 ਸਾਲ ਤੋਂ ਘੱਟ ਉਮਰ ਵਿੱਚ ਹੀ ਕੰਮ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਅਜਿਹੀਆਂ ਔਰਤਾਂ ਦੀ ਪ੍ਰਤਿਸ਼ਤਤਾ ਮਾਲਵਾ, ਦੋਆਬਾ ਅਤੇ ਮਾਝਾ ਵਿੱਚ ਕ੍ਰਮਵਾਰ 69.12, 39.62 ਅਤੇ 39.26 ਹੈ। ਮਾਲਵਾ ਵਿੱਚ ਜ਼ਿਆਦਾ ਪ੍ਰਤਿਸ਼ਤ ਹੋਣ ਦਾ ਕਾਰਨ ਇਹ ਹੈ ਕਿ ਇਸ ਖੇਤਰ ਵਿੱਚ ਬਹੁਤੀਆਂ ਪੇਂਡੂ ਔਰਤ ਮਜ਼ਦੂਰਾਂ ਨੂੰ ਪੜ੍ਹਨ ਦਾ ਮੌਕਾ ਨਹੀਂ ਮਿਲਦਾ ਅਤੇ ਉਹ ਕੁਆਰੀ ਉਮਰੇ ਮਾਂ-ਬਾਪ ਨਾਲ ਕੰਮ ਉੱਤੇ ਜਾਣਾ ਸ਼ੁਰੂ ਕਰ ਦਿੰਦੀਆਂ ਹਨ। ਤਿੰਨਾਂ ਖੇਤਰਾਂ ਵਿੱਚ ਜ਼ਿਆਦਾਤਰ ਪੇਂਡੂ ਔਰਤ ਮਜ਼ਦੂਰਾਂ ਨੂੰ ਕੰਮ ਕਰਨ ਥਾਂ ਉੱਤੇ ਕਿਸੇ ਕਿਸਮ ਦੀ ਕੋਈ ਸਹੂਲਤ ਨਹੀਂ ਮਿਲਦੀ ਅਤੇ ਅਜਿਹੀਆਂ ਔਰਤਾਂ ਦੋਆਬਾ, ਮਾਲਵਾ ਅਤੇ ਮਾਝਾ ਵਿੱਚ ਕ੍ਰਮਵਾਰ 93.46, 91.67 ਅਤੇ 90.83 ਪ੍ਰਤਿਸ਼ਤ ਹਨ। ਦੋਆਬਾ, ਮਾਲਵਾ ਅਤੇ ਮਾਝਾ ਦੇ ਕ੍ਰਮਵਾਰ 31.15, 37.50 ਅਤੇ 40.40 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਮਰਦਾਂ ਦੇ ਮੁਕਾਬਲੇ ਸਮਾਨ ਕੰਮ ਲਈ ਸਮਾਨ ਮਜ਼ਦੂਰੀ ਨਹੀਂ ਮਿਲਦੀ। ਤਿੰਨਾਂ ਖੇਤਰਾਂ ਵਿੱਚ ਜ਼ਿਆਦਾਤਰ ਪੇਂਡੂ ਔਰਤ ਮਜ਼ਦੂਰਾਂ ਨੂੰ ਸਰਕਾਰ ਦੁਆਰਾ ਮਜ਼ਦੂਰਾਂ ਲਈ ਕੰਮ ਕਰਨ ਦੇ ਨਿਸ਼ਚਿਤ ਕੀਤੇ ਸਮੇਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਅਜਿਹੇ ਪੇਂਡੂ ਔਰਤ ਮਜ਼ਦੂਰ ਦੋਆਬਾ, ਮਾਲਵਾ ਅਤੇ ਮਾਝਾ ਵਿੱਚ ਕ੍ਰਮਵਾਰ 92.69, 90.93 ਅਤੇ 88.25 ਪ੍ਰਤਿਸ਼ਤ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਤਿੰਨਾਂ ਖੇਤਰਾਂ ਵਿੱਚੋਂ ਇੱਕ ਵੀ ਪੇਂਡੂ ਔਰਤ ਮਜ਼ਦੂਰ ਅਜਿਹੀ ਨਹੀਂ ਮਿਲੀ ਜਿਸਨੂੰ ਸਰਕਾਰ ਦੁਆਰਾ ਘੱਟੋ-ਘੱਟ ਮਜ਼ਦੂਰੀ ਐਕਟ ਦੀ ਜਾਣਕਾਰੀ ਹੋਵੇ। ਅਧਿਐਨ ਵਿੱਚ ਇਹ ਤੱਥ ਸਾਹਮਣੇ ਆਇਆ ਕਿ ਮਾਲਵਾ, ਮਾਝਾ ਅਤੇ ਦੋਆਬਾ ਦੇ ਕ੍ਰਮਵਾਰ 65.59, 62.46 ਅਤੇ 58.85 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰ ਕਿਸੇ ਨਾ ਕਿਸੇ ਰੋਗ ਤੋਂ ਪੀੜਿਤ ਹਨ। ਇਸ ਤੋਂ ਇਲਾਵਾ, ਮਾਝਾ, ਮਾਲਵਾ ਅਤੇ ਦੋਆਬਾ ਦੇ ਕ੍ਰਮਵਾਰ 32.38, 23.77 ਅਤੇ 18.08 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦੀ ਸ਼ਿਕਾਇਤ ਹੈ ਕਿ ਕੰਮ ਕਰਨ ਥਾਂ ਉੱਤੇ ਉਹਨਾਂ ਨਾਲ ਜਾਤੀ ਵਿਤਕਰਾ ਹੁੰਦਾ ਹੈ ਅਤੇ ਜੇਕਰ ਰੁਜ਼ਗਾਰਦਾਤਾ ਅਖੌਤੀ ਉੱਚੀ ਜਾਤੀ ਦਾ ਹੋਵੇ ਤਾਂ ਉਹ ਆਮ ਤੌਰ ਤੇ ਉਹਨਾਂ ਨੂੰ 'ਚੂਹੜੀ' ਜਾਂ 'ਚਮਿਆਰੀ' ਸ਼ਬਦਾਂ ਨਾਲ ਸੰਬੋਧਨ ਕਰਦਾ ਹੈ। ਮਾਲਵਾ ਦੀਆਂ 5.64, ਮਾਝਾ ਦੀਆਂ 4.87 ਅਤੇ ਦੋਆਬਾ ਦੀਆਂ 4.23 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਨੇ ਮੰਨਿਆ ਕਿ ਉਹ ਜਿਨਸੀ ਸ਼ੋਸ਼ਣ/ਛੇੜ-ਛਾੜ ਦੇ ਸ਼ਿਕਾਰ ਹਨ, ਜਦੋਂ ਕਿ ਇਹਨਾਂ ਤਿੰਨਾਂ ਖੇਤਰਾਂ ਦੀਆਂ ਕ੍ਰਮਵਾਰ 66.42, 73.35 ਅਤੇ 73.46 ਪ੍ਰਤਿਸ਼ਤ ਔਰਤਾਂ ਇਸ ਸੰਬੰਧੀ ਚੁੱਪ ਹਨ।

ਪੰਜਾਬ ਵਿੱਚ ਪੇਂਡੂ ਔਰਤ ਮਜ਼ਦੂਰਾਂ ਨੂੰ ਕੰਮ ਕਰਨ ਦੀ ਥਾਂ ਤੋਂ ਇਲਾਵਾ ਘਰੇਲੂ ਪੱਧਰ ਉੱਤੇ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਧਿਐਨ ਦੱਸਦਾ ਹੈ ਕਿ ਮਾਝਾ, ਮਾਲਵਾ ਅਤੇ ਦੋਆਬਾ ਦੀਆਂ ਕ੍ਰਮਵਾਰ 37.82, 37.50 ਅਤੇ 31.92 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦੇ ਪਤੀ ਨਸ਼ੇ ਦੇ ਆਦੀ ਹਨ। ਮਾਲਵਾ, ਦੋਆਬਾ ਅਤੇ ਮਾਝਾ ਦੀਆਂ ਕ੍ਰਮਵਾਰ 12.25, 20.77 ਅਤੇ 23.21 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦੇ ਆਪਣੇ ਪਤੀਆਂ ਨਾਲ ਸੰਬੰਧ ਤਣਾਅ ਵਾਲੇ ਹਨ। ਮਾਝਾ, ਦੋਆਬਾ ਅਤੇ ਮਾਲਵਾ ਦੀਆਂ ਕ੍ਰਮਵਾਰ 19.20, 17.69 ਅਤੇ 12.01 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦੇ ਪਤੀ ਉਹਨਾਂ ਦੇ ਬਿਮਾਰ ਹੋਣ ਵੇਲੇ ਹਮਲਾਵਰ ਤਰੀਕੇ ਨਾਲ ਵਿਵਹਾਰ ਕਰਦੇ ਹਨ। ਮਾਲਵਾ ਦੀਆਂ 96.67, ਦੋਆਬਾ ਦੀਆਂ 89.23 ਅਤੇ ਮਾਝਾ ਦੀਆਂ 87.39 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦੇ ਪਰਿਵਾਰਿਕ ਜੀਅ ਰੋਜ਼ਮਰ੍ਹਾ ਦੀ ਖ਼ਰੀਦਦਾਰੀ ਫ਼ੈਸਲੇ ਵੇਲੇ ਉਹਨਾਂ ਹਮੇਸ਼ਾਂ ਹੀ ਸ਼ਾਮਲ ਕਰਦੇ ਹਨ। ਬੱਚਿਆਂ ਦੀ ਸਿੱਖਿਆ ਸੰਬੰਧਿਤ ਫ਼ੈਸਲੇ ਵਿੱਚ ਦੋਆਬਾ, ਮਾਲਵਾ ਅਤੇ ਮਾਝਾ ਦੀਆਂ ਕ੍ਰਮਵਾਰ 80.77, 79.66 ਅਤੇ 72.49 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦੀ ਹਮੇਸ਼ਾਂ ਰਾਏ ਲਈ ਜਾਂਦੀ ਹੈ। ਇਸੇ ਪ੍ਰਕਾਰ ਬੱਚਿਆਂ ਦੀ ਸਿਹਤ ਸੰਬੰਧਿਤ ਫ਼ੈਸਲਿਆਂ ਵਿੱਚ ਮਾਲਵਾ, ਦੋਆਬਾ ਅਤੇ ਮਾਝਾ ਦੀਆਂ ਕ੍ਰਮਵਾਰ 90.44, 83.85 ਅਤੇ 82.81 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਹਮੇਸ਼ਾਂ ਸ਼ਾਮਲ ਹੁੰਦੀਆਂ ਹਨ। ਦੂਜੇ ਪਾਸੇ, ਇਹ ਦੇਖਣ ਵਿੱਚ ਆਇਆ ਹੈ ਜਦੋਂ ਘਰੇਲੂ ਟਿਕਾਊ ਵਸਤਾਂ ਦੀ ਖ਼ਰੀਦਦਾਰੀ ਦੀ ਗੱਲ ਹੁੰਦੀ ਹੈ ਤਾਂ ਦੋਆਬਾ, ਮਾਲਵਾ ਅਤੇ ਮਾਝਾ ਦੀਆਂ ਕ੍ਰਮਵਾਰ 37.31, 32.35 ਅਤੇ 31.23 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਕੋਲੋਂ ਹੀ ਉਹਨਾਂ ਦੀ ਰਾਇ ਹਮੇਸ਼ਾ ਲਈ ਜਾਂਦੀ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਜਦੋਂ ਘਰੇਲੂ ਮਸਲਿਆਂ ਜਾਂ ਬੱਚਿਆਂ ਦੀ ਸਿੱਖਿਆ ਅਤੇ ਸਿਹਤ ਦੀ ਗੱਲ ਹੁੰਦੀ ਹੈ ਤਾਂ ਬਹੁਤੀਆਂ ਪੇਂਡੂ ਔਰਤ ਮਜ਼ਦੂਰਾਂ ਨੂੰ ਫ਼ੈਸਲੇ ਲੈਣ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਕਿਉਂਕਿ ਮਰਦ-ਪ੍ਰਧਾਨ ਸਮਾਜ ਵਿੱਚ ਘਰੇਲੂ ਕੰਮਾਂ ਅਤੇ ਬੱਚੇ ਸੰਭਾਲਣਾ ਔਰਤਾਂ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ ਅਤੇ ਇਹ ਸਮਝਿਆ ਜਾਂਦਾ ਹੈ ਕਿ ਉਹ ਇਸ ਬਾਰੇ ਬਿਹਤਰ ਸਲਾਹ ਦੇ ਸਕਦੀਆਂ ਹਨ, ਪਰ ਜਦੋਂ ਗੱਲ ਘਰੇਲੂ ਮਸਲੇ ਤੋਂ ਹਟ ਕੇ ਹੁੰਦੀ ਹੈ ਤਾਂ ਔਰਤਾਂ ਦੀ ਸਲਾਹ ਲੈਣੀ ਜ਼ਰੂਰੀ ਨਹੀਂ ਸਮਝੀ ਜਾਂਦੀ ਜਾਂ ਉਹਨਾਂ ਨੂੰ ਅਜਿਹੀ ਸਲਾਹ ਦੇਣ ਦੇ ਯੋਗ ਹੀ ਨਹੀਂ ਸਮਝਿਆ ਜਾਂਦਾ। ਪੇਂਡੂ ਔਰਤ ਮਜ਼ਦੂਰਾਂ ਨੂੰ ਧਾਰਮਿਕ ਸਮਾਗਮਾਂ ਵਿੱਚ ਸ਼ਾਮਲ ਕਰਨ ਦਾ ਫ਼ੈਸਲਾ ਮਾਲਵਾ ਦੇ 46.81, ਦੋਆਬਾ ਦੇ 37.69 ਅਤੇ ਮਾਝਾ ਦੇ 29.23 ਪ੍ਰਤਿਸ਼ਤ ਪਰਿਵਾਰਾਂ ਵਿੱਚ ਪਰਿਵਾਰ ਦਾ ਮੁਖੀ ਕਰਦਾ ਹੈ, ਜਦੋਂ ਸਮਾਜਿਕ ਸਮਾਗਮਾਂ ਵਿੱਚ ਔਰਤਾਂ ਦੇ ਸ਼ਾਮਲ ਹੋਣ ਬਾਰੇ ਮਾਲਵਾ, ਮਾਝਾ ਅਤੇ ਦੋਆਬਾ ਦੀਆਂ ਕ੍ਰਮਵਾਰ 74.26, 69.05 ਅਤੇ 58.08 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰਾਂ ਦੀ ਅਜਿਹੇ ਸਮਾਗਮਾਂ ਵਿੱਚ ਸ਼ਮੂਲੀਅਤ ਦਾ ਫ਼ੈਸਲਾ ਪਰਿਵਾਰ ਦਾ ਮੁਖੀ ਲੈਂਦਾ ਹੈ।

### ਨੀਤੀਗਤ ਸੁਝਾਅ

ਪੰਜਾਬ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੇ ਸੰਬੰਧ ਵਿੱਚ ਕੀਤੇ ਗਏ ਫੀਲਡ ਸਰਵੇਖਣ ਦੇ ਅਧਿਐਨ ਦੇ ਨਤੀਜਿਆਂ ਤੋਂ ਹੇਠਾਂ ਲਿਖੇ ਨੀਤੀਗਤ ਸੁਝਾਅ ਹਨ:

**ਰਾਜ-ਵਿਸ਼ੇਸ਼-** ਅਧਿਐਨ ਦੇ ਵਿਸ਼ਲੇਸ਼ਣ ਤੋਂ ਇਹ ਪ੍ਰੇਸ਼ਾਨ ਕਰਨ ਵਾਲਾ ਤੱਥ ਸਾਹਮਣੇ ਆਇਆ ਕਿ ਪੇਂਡੂ ਔਰਤ ਮਜ਼ਦੂਰਾਂ ਵਿੱਚੋਂ 67.35 ਪ੍ਰਤਿਸ਼ਤ ਅਨਪੜ੍ਹ ਹਨ, ਜਿਸ ਕਰਕੇ ਬਾਲਗ ਸਿੱਖਿਆ ਪ੍ਰਗਰਾਮਾਂ ਨੂੰ ਪਹਿਲ ਦੇ ਆਧਾਰ ਉੱਤੇ ਪੇਂਡੂ ਖੇਤਰਾਂ ਵਿੱਚ ਲਾਗੂ ਕੀਤਾ ਜਾਵੇ ਤਾਂ ਕਿ ਪੇਂਡੂ ਔਰਤ ਮਜ਼ਦੂਰਾਂ ਦੀ ਅਨਪੜ੍ਹਤਾ ਦੂਰ ਹੋ ਸਕੇ। ਸਿੱਖਿਆ ਪੇਂਡੂ ਔਰਤ ਮਜ਼ਦੂਰਾਂ ਵਿੱਚ ਆਪਣੇ ਅਧਿਕਾਰਾਂ, ਸਮੱਸਿਆਵਾਂ ਅਤੇ ਸਮੱਸਿਆਵਾਂ ਦੇ ਹੱਲ ਸੰਬੰਧੀ ਜਾਗਰੂਕਤਾ ਪੈਦਾ ਕਰੇਗੀ।

ਜ਼ਿਆਦਾਤਰ ਪੇਂਡੂ ਔਰਤ ਮਜ਼ਦੂਰ ਅਰਧDELਪੱਕੇ ਅਤੇ ਮਾੜੀ ਹਾਲਤ ਵਾਲੇ ਘਰਾਂ ਵਿੱਚ ਰਹਿੰਦੇ ਹਨ। ਉਹਨਾਂ ਵਿੱਚ ਘਰਾਂ ਦੀ ਮੁਰੰਮਤ ਕਰਵਾਉਣ ਦੀ ਵੀ ਗੁੰਜਾਇਸ਼ ਨਹੀਂ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪੇਂਡੂ ਔਰਤ ਮਜ਼ਦੂਰ ਬਹੁਤ ਤਰਸਯੋਗ ਹਾਲਤਾਂ ਵਿੱਚ ਜ਼ਿੰਦਗੀ ਬਸਰ ਕਰ ਰਹੇ ਹਨ। ਇਸ ਸਮੱਸਿਆ ਦੇ ਹੱਲ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਗ਼ਰੀਬ ਅਤੇ ਲੋੜਵੰਦ ਪਰਿਵਾਰਾਂ ਅਤੇ ਖ਼ਾਸ ਕਰਕੇ ਪੇਂਡੂ ਔਰਤ ਮਜ਼ਦੂਰਾਂ ਲਈ ਰਿਹਾਇਸ਼ ਪ੍ਰੋਗਰਾਮਾਂ ਨੂੰ ਤਰਜੀਹ ਨਾਲ ਲਾਗੂ ਕਰੇ।

**(ਬਾਕੀ ਅਗਲੇ ਅੰਕ ਵਿਚ)**

# ਗੀਤ/ ਤਰੱਕੀਆਂ

ਕੌਣ ਕਹਿੰਦਾ , ਅਸੀਂ ਕਰ ਗਏ ਤਰੱਕੀਆਂ ,
ਮਸੂਲੇ ਤਾਂ , ਅਜੇ ਵੀ ਨੇ ਕੌਮ ਦੇ ਬੜੇ ।
ਕਰਨਾ ਕੀ ਏਕਾ , ਅਸੀਂ ਹੋਰ ਪਾਟ ਗਏ ,
ਹੁਣ ਤਾਂ ਬਣਾ ਲਏ, ਆਪੋ ਆਪਣੇ ਧੜੇ ।
ਕੌਣ ਕਹਿੰਦਾ , ਅਸੀਂ ਕਰ ਗਏ ਤਰੱਕੀਆਂ
ਮਸਲੇ ਤਾਂ , ਅਜੇ ਵੀ ਨੇ ਕੌਮ ਦੇ ਬੜੇ ।।

ਕਰ ਲਏ ਆ ਰਾਹ , ਅਸੀਂ ਵੱਖੋ ਵੱਖਰੇ ,
ਤਾਂ ਹੀ ਨਹੀਓ ਕਿਸੇ, ਮੰਜ਼ਿਲ ਤੇ ਅੱਪੜੇ ।
ਭਟਕੇ ਆ ਆਪਾ , ਕੋਈ ਰਾਹ ਲੱਭੀਏ ,
ਪਤਾ ਵੀ ਨਾ ਲੱਗੇ , ਅਸੀਂ ਕਿੱਥੇ ਆ ਖੜੇ
ਕੌਣ ਕਹਿੰਦਾ ਅਸੀਂ ਕਰ ਗਏ ਤਰੱਕੀਆਂ ,
ਮਸਲੇ ਤਾਂ , ਅਜੇ ਵੀ ਨੇ ਕੌਮ ਦੇ ਬੜੇ ।।

ਕੱਠੇ ਹੋਈਏ ਸਾਰੇ, ਆਪਾ ਏਕਾ ਕਰਕੇ ,
ਦੇਖ ਲਿਆ ਕੱਲੇ , ਕੱਲਿਆ ਨੇ ਮਰਕੇ ।
ਸੂਰਜ ਪਊਗਾ ਸਾਨੂੰ , ਨਵਾਂ ਚਾੜਨਾ,
ਭਾਵੇਂ ਇੱਥੇ ਨਿੱਤ ਪਹਿਲਾ , ਲੱਖਾਂ ਨੇ ਚੜੇ,
ਕੌਣ ਕਹਿੰਦਾ ਅਸੀਂ ਕਰ ਗਏ ਤਰੱਕੀਆਂ ,
ਮਸਲੇ ਤਾਂ , ਅਜੇ ਵੀ ਨੇ ਕੌਮ ਦੇ ਬੜੇ ।।

ਜਿਹਦਾ ਰਾਜ ਹੁੰਦਾ , ਉਹਦੀਆਂ ਤਰੱਕੀਆਂ ,
ਮੌਂ ਵਾਲੇ ਭੌਰੇ , ਦੀਆਂ ਗੱਲਾਂ ਸੱਚੀਆਂ ,
ਕੱਲਿਆਂ ਦੇ ਕਾਫ਼ਲੇ ਨਹੀਂ ਧੁਰ ਪਹੁੰਚਣੇ ,
ਭਾਵੇਂ ਇਤਿਹਾਸ ਅਸੀਂ ਬਹੁਤ ਹਾਂ ਪੜੇ ।
ਕੌਣ ਕਹਿੰਦਾ ਅਸੀਂ ਕਰ ਗਏ ਤਰੱਕੀਆਂ ,
ਮਸਲੇ ਤਾਂ , ਅਜੇ ਵੀ ਨੇ ਕੌਮ ਦੇ ਬੜੇ ।।

**ਬਲਵਿੰਦਰ ਭੌਰਾ ਨਿਊਯਾਰਕ**



# ਨਮੋ ਚੈਨਲ ਮੌਨ!

ਸੋਹਲੇ ਆਪਣੇ ਸੁਣਨ ਦਾ ਸ਼ੌਕ ਹੁੰਦਾ
ਸੱਤਾਧਾਰੀਆਂ ਹਾਕਮਾਂ ਸਾਰਿਆਂ ਨੂੰ।

ਬੰਨ੍ਹੇ ਮੀਡੀਆ ਸਿਫਤਾਂ ਦੇ ਪੁਲ ਸਾਡੇ
ਕੋਈ ਫੋਲੇ ਨਾ ਕੀਤਿਆਂ ਕਾਰਿਆਂ ਨੂੰ।

ਅੰਨ੍ਹੇ ਗੱਦੀ ਦੇ ਨਸ਼ੇ ਵਿਚ ਗੌਲਦੇ ਨਾ
ਚੜ੍ਹਦੇ ਗੁੱਸੇ ਵਿਚ ਲੋਕਾਂ ਦੇ ਪਾਰਿਆਂ ਨੂੰ।

ਕੁਫਰ ਤੋਲਿਆ ਟੀ ਵੀ. 'ਤੇ ਗਿਆ ਕਿੱਥੇ
ਫੇਰ ਪੁੱਛਾਂਗੇ ਵੋਟਾਂ ਵਿਚ ਹਾਰਿਆਂ ਨੂੰ।

ਪਾਵੇ ਸਹਿਮ ਸਮਾਜ ਵਿਚ ਖਤਰਿਆਂ ਦਾ
ਫਾਸ਼ੀਵਾਦ ਦੀ ਨਹਿਸ਼ ਜਿਹੀ ਟੋਨ ਯਾਰੋ।

ਲੋਕ ਰਾਜ ਜੇ ਜਿਉਂਦਾ ਹੀ ਰੱਖਣਾ ਐ
'ਨਮੋ' ਚੈਲਨ ਨੂੰ ਕਰ ਦਿਓ ਮੌਨ ਯਾਰੋ।

**– ਤਰਲੋਚਨ ਸਿੰਘ ਦੁਪਾਲਪੁਰ**

**001-408-915-1268**



# ਏਕਨੂਰ

ਏਕਨੂਰ ਸਾਡੀ ਹੋ ਗਈ ਸਿਆਣੀ
ਰੀਸਾਂ ਸਭ ਦੀ ਲਾਉਂਦੀ ਏ
ਦੂਜੇ ਸਾਲ 'ਚ ਪੈਰ ਹੁਣ ਧਰ ਕੇ
ਅੱਡੀ ਥੱਲੇ ਨਾ ਲਾਉਂਦੀ ਏ।

ਸੋਹਣੇ ਸੋਹਣੇ ਕਪੜੇ ਪਾਕੇ
ਸਾਰਿਆਂ ਦਾ ਮਨ ਭਾਉਂਦੀ ਏ
ਗੋਦੀ ਚੜ੍ਹਨ ਦੇ ਨਾਲੋਂ ਇਹ
ਫਿਰਦੀ ਪੈਲਾਂ ਪਾਉਂਦੀ ਏ।

ਭੁੱਖੀ ਹੁੰਦੀ ਗੂਠਾ ਮੂੰਹ ਪਾ ਕੇ
ਭੁੱਖ ਨੂੰ ਥੋੜਾ ਭਰਮਾਉਂਦੀ ਏ
ਨਾਨਕੇ ਘਰ ਆ ਕੇ ਉਹ
ਰੌਣਕਾਂ ਖੂਬ ਲਗਾਉਂਦੀ ਏ।

ਖਾਣ ਨੂੰ ਉਸ ਜੋ ਵੀ ਦਿੰਦੇ
ਆਪੇ ਖਾਣ ਨੂੰ ਕਹਿੰਦੀ ਏ
ਹਥੋਂ ਦੂਜੇ ਦੇ ਨਾ ਉਹ ਖਾਵੇ
ਚਮਚਾ ਆਪੇ ਮੂੰਹ ਪਾਉਂਦੀ ਏ।

ਏਧਰ ਉੱਧਰ ਭੱਜੀ ਜਾਂਦੀ
ਚੀਜ਼ਾਂ ਚੁੱਕ ਚੁੱਕ ਲਿਆਂਦੀ ਏ
ਮੋਬਾਇਲ ਮੰਮੀ ਦਾ ਜਿਥੇ ਵੀ ਹੁੰਦਾ
ਚੁੱਕ ਮੰਮੀ ਨੂੰ ਫੜ੍ਹਾਂਦੀ ਏ।

ਸ਼ੁਕੀਣਨ ਬੜੀ ਨੂਰ ਚੁੰਨੀ ਦੀ
ਖਹਿੜਾ ਇਹਦਾ ਛੱਡਦੀ ਨੀਂ ਏ
ਚੁੰਨੀ ਲੈ ਗੂਠਾ ਮੂੰਹ 'ਚ ਪਾਂਦੀ ਏ
ਫੇਰ ਨੀਂਦ ਉਹਨੂੰ ਆ ਜਾਂਦੀ ਏ।

ਫੁੱਲਾਂ ਦੀ ਮਹਿਕ ਲੈਣ ਲਈ
ਫੁੱਲਵਾੜੀ 'ਚ ਨਿੱਤ ਜਾਂਦੀ ਏ।
ਖਿੜੇ ਫੁੱਲਾਂ ਨੂੰ ਹੱਥ ਜਦ ਲਾਉਂਦੀ
ਫੁੱਲਾਂ ਵਾਂਗ ਉਹ ਖਿੜ ਜਾਂਦੀ ਏ।

ਡਰੈਸ਼ਿੰਗ ਟੇਬਲ ਦੇ ਸ਼ੀਸ਼ੇ ਮੂਹਰੇ
ਬਹਿ ਕੇ ਬੜਾ ਖੁਸ਼ ਹੁੰਦੀ ਏ
ਨਾਨੀ ਆਪਣੀ ਨੂੰ ਕਰ ਇਸ਼ਾਰਾ
ਬੈਠਣ ਨੂੰ ਨਾਲ ਕਹਿੰਦੀ ਏ।

ਮਾਸੀ ਆਪਣੀ ਦੇ ਕਾਲਜੋਂ ਆਉਣ ਤੇ
ਲਾਡ ਉਹਦੇ ਨਾਲ ਲਡਾਉਂਦੀ ਏ
ਨਾਨਕੇ ਘਰ ਆ ਕੇ ਉਹ
ਰੌਣਕਾਂ ਖੂਬ ਲਗਾਉਂਦੀ ਏ।

**– ਮੇਜਰ ਸਿੰਘ ਨਾਭਾ**

# ਖਾਲਸਾ ਪੰਥ ਸਜਾਇਆ

ਵਿਸਾਖੀ ਵਾਲੇ ਦਿਨ
ਗੁਰੁ ਦਸਵੇਂ ਕੌਤਿਕ ਵਰਤਾਇਆ
ਲੈ ਕੇ ਸੀਸ ਪੰਜ ਪਿਆਰਿਆਂ
ਖਾਲਸਾ ਪੰਥ ਸਜਾਇਆ।
ਇਹ ਆਲੌਕਿਕ ਨਜ਼ਾਰਾ
ਵੇਖ ਸੰਗਤ ਸੀਸ ਝੁਕਾਇਆ
ਇਕੋ ਬਾਟੇ 'ਚ ਅੰਮ੍ਰਿਤ ਛਕਾ ਕੇ
ਜਾਤ ਪਾਤ ਦਾ ਭੇਦ ਮਿਟਾਇਆ।
ਨੀਚ ਜਾਤ ਨੂੰ ਗਲੇ ਲਗਾ ਕੇ
ਸਤਿਕਾਰ ਉਨ੍ਹਾਂ ਦਾ ਵਧਾਇਆ।
ਜੀਵਨ ਸਿੰਘ ਮਜ਼ਬੀ ਸਿੰਘ ਨੂੰ
ਕਲਗੀ ਲਾ ਸਤਿਕਾਰ ਦਿਵਾਇਆ।
ਸਮਾਜ ਅੰਦਰ ਸੀ ਕ੍ਰਾਂਤੀ ਦਾ
ਇਕ ਨਵਾਂ ਪੈਗ਼ਾਮ ਫੈਲਾਇਆ

ਪਰ ਚੌਥੀ ਸਦੀ ਆਉਣ ਤੇ ਵੀ
ਲੋਕਾਂ ਮਨ ਨਾ ਸਮਝਾਇਆ।
ਸਿੱਖੀ ਦੇ ਆਲੰਬਰਦਾਰਾਂ
ਹਉਮੇ ਆਪਣੀ ਨੂੰ ਪੱਠੇ ਪਾਇਆ
ਜਾਤ ਪਾਤਾਂ ਦੀਆਂ ਵੰਡੀਆਂ ਨੂੰ
ਨਵੇਂ ਸਿਰੇ ਤੋਂ ਰਚਾਇਆ।
ਜਾਤ ਪਾਤ ਦੇ ਨਾਲ ਜੋੜ ਕੇ
ਨੇਤਾਵਾਂ ਖੂਬ ਲੋਕਾਂ ਭਰਮਾਇਆ
ਸਰਕਾਰ ਸਾਡੀ ਨੇ ਪਹਿਲਾਂ ਹੀ
ਲੋਕਾਂ ਤੇ ਜਾਤ ਦਾ ਠੱਪਾ ਲਾਇਆ।
ਸਮਾਜ ਸਾਡੇ ਨੇ ਸਿੱਖੀ ਨੂੰ
ਵੱਖਰਾ ਹੀ ਰੂਪ ਬਣਾਇਆ
ਸੰਤ ਬਾਬਿਆਂ ਆਮ ਸਿੱਖ ਨੂੰ
ਉਲਝਣ ਤਾਣੀ ਵਿੱਚ ਪਾਇਆ।

ਹੱਕ ਹਕੂਕ ਦੀ ਖਾਣ ਵਾਲੇ ਨੂੰ
ਚਕਰਾਂ ਨਵੇਂ ਫਸਾਇਆ
ਅੱਗੇ ਵੱਧਣ ਤੋਂ ਰੋਕਣ ਲਈ
ਇਹ ਜਾਲ ਨਵਾਂ ਵਛਾਇਆ।
ਸਿੱਖੀ ਦੇ ਪਹਿਰੇਦਾਰੋ
ਅਜੇ ਵੀ ਸੋਚੋ ਤੇ ਵਿਚਾਰੋ
ਕਿਉਂ ਨਹੀਂ ਗੁਰੂ ਦੀ ਸੋਚ ਨੂੰ
ਸੱਚੇ ਦਿਲੋਂ ਅਸਾਂ ਅਪਣਾਇਆ



**ਮੇਜਰ ਸਿੰਘ ਨਾਭਾ 91-94635-53962**

# ਮੇਲਾ

ਮੇਲਾ, ਮੇਲਾ ਕਰਦੀ ਸੀ ਕੱਲ੍ਹ ਵੇਖ ਕੇ ਆਈ ਵਿਸਾਖੀ
ਦੱਸਦੀ ਨੂੰ ਸੰਗ ਲੱਗਦੀ ਮੈਂ ਤਾਂ ਹੋ ਗਈ ਲੋਹੀ ਲਾਖੀ
ਮੇਲਾ ਤਾਂ ਮੈਨੂੰ ਮੰਡੀ ਜਾਪੇ ਜਿਵੇਂ ਫਿਰਦੇ ਪਸ਼ੂ ਦੁਆਲੇ
ਸੱਗੀ ਫੁੱਲ ਉਥੇ ਰੁਲਦੇ ਵੇਖੇ ਨਾਂ ਦਿਸੇ ਕੱਠਿਆਂ ਵਾਲੇ।

ਦਿਲ ਪੁੱਛਿਆਂ ਹੀ ਜਾਣੇ ਜਿਨ੍ਹਾਂ ਦੇ ਮਾਂ ਪਿਓ ਦੁੱਖ ਸੁਣਾਵਣ
ਸੰਗ ਸ਼ਰਮ ਦਾ ਘਾਟਾ ਕੁੜੀਆਂ ਲੱਗੀਆਂ ਵਾਲ ਕਟਾਵਣ
ਆਵਾ ਹੀ ਸਾਰਾ ਊਤ ਗਿਆ, ਪੁੱਠੇ ਸਭ ਦੇ ਹੋ ਗਏ ਚਾਲੇ
ਸੱਗੀ ਫੁੱਲ ਉਥੇ ਰੁਲਦੇ ਵੇਖੇ ਨਾ .....

ਉਥੇ ਬੁੱਢੇ ਬਾਬੇ ਫਿਰਨ ਭਾਲਦੇ, ਛਿੰਝਾਂ, ਘੋਲ, ਕਬੱਡੀ
ਕੀਹਨੇ ਖੇਡਣਾ ਖੇਡਣ ਵਾਲੇ ਲਾਏ ਬੈਠੇ ਲਾਈਨ ਵੱਡੀ
ਟੈਟੂ ਪਾਉਣ ਤੇ ਰਹਿ ਨਾ ਜਾਈਏ ਇਕ-ਦੂਜੇ ਤੋਂ ਕਾਹਲੇ
ਸੱਗੀ ਫੁੱਲ ਉਥੇ ਰੁਲਦੇ ਵੇਖੇ ਨਾ .....

ਵਣਜਾਰੇ ਕਰਮਾਂ ਮਾਰੇ ਬੈਠੇ ਵਿਹਲੇ ਮੱਖੀਆਂ ਮਾਰਨ
ਲੱਗ ਗਈ ਨਜ਼ਰ ਪੰਜਾਬ ਨੂੰ ਲੱਗੇ ਸਿਰ ਤੋਂ ਮਿਰਚਾਂ ਵਾਰਨ
ਹਾਰ ਹੰਭ ਕੇ ਉਹ ਹੱਟੀਆਂ ਨੂੰ ਲਾ ਕੇ ਤੁਰ ਗਏ ਤਾਲੇ
ਸੱਗੀ ਫੁੱਲ ਉਥੇ ਰੁਲਦੇ ਵੇਖੇ ਨਾ .....

ਧੁੱਪ ਧੂੜ ਤੇ ਧੱਕੇ ਖਾ ਕੇ ਪਿੰਡ ਦਾ ਰਾਹ ਮੈਂ ਫੜਿਆ
ਨਾ ਗਿੱਧਾ ਨਾ ਭੰਗੜਾ ਸਭ ਨੂੰ ਸੱਪ ਡਿਸਕੋ ਦਾ ਲੜਿਆ
'ਦੇਵ ਘੋਲੀਆ' ਪਿੱਟਦਾ ਵੇਖਿਆ ਕੋਈ ਵਿਰਸਾ ਆਣ ਸੰਭਾਲੇ
ਸੱਗੀ ਫੁੱਲ ਉਥੇ ਰੁਲਦੇ ਵੇਖੇ ਨਾ ਦਿਸੇ ਕੈਂਠਿਆਂ ਵਾਲੇ।



**-ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**

# 100 ਸਾਲਾਂ ਬਾਅਦ ਵੀ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਪੂਰੀ ਪਹਿਚਾਣ ਅਤੇ ਸਨਮਾਨ ਨਾ ਮਿਲਿਆ

**(ਸਫਾ 23 ਦੀ ਬਾਕੀ)**

ਸਾਹਿਬ ਦੇ ਮੁਖੀ ਅਰੂੜਾ ਸਿੰਘ ਨੇ ਦਰਬਾਰ ਸਾਹਿਬ ਵਿੱਚ ਦਲਿਤਾਂ ਨੂੰ ਜਾਣ ਤੋਂ ਰੋਕਿਆ ਸੀ ਅਤੇ ਇਹ ਇਕੱਠ ਇਸ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਬੁਲਾਇਆ ਗਿਆ ਸੀ। ਗੋਲੀਕਾਂਡ ਤੋਂ ਬਾਦ ਅਰੂੜਾ ਸਿੰਘ ਨੇ ਜਨਰਲ ਡਾਇਰ ਨੂੰ ਸਿਰੋਪਾ ਦੇਕੇ ਸਨਮਾਨਿਤ ਕੀਤਾ ਸੀ। ਇਸ ਹੱਤਿਆਕਾਂਡ ਦੇ ਵਿਰੋਧ ਵਿੱਚ ਰਬਿੰਦਰਨਾਥ ਟੈਗੋਰ ਨੇ ਸਰ ਦੀ ਉਪਾਧੀ ਮੋੜ ਦਿੱਤੀ। ਇਸ ਖੂਨੀ ਕਾਂਡ ਦਾ ਬਦਲਾ ਇੱਕ ਅਣਖੀਲੇ ਪੰਜਾਬੀ ਸੂਰਮੇ ਸ਼ਹੀਦ ਊਧਮ ਸਿੰਘ ਜੋਕਿ ਖੁਦ ਇਸ ਗੋਲੀਕਾਂਡ ਮੌਕੇ ਬਾਗ ਵਿੱਚ ਸੀ ਅਤੇ ਜਖ਼ਮੀ ਹੋਇਆ ਸੀ ਨੇ ਲਿਆ ਸੀ। ਮਾਈਕਲ ਓਡਵਾਇਰ ਜੋ ਕਿ ਜਲਿਆਵਾਲਾ ਬਾਗ ਦੇ ਖ਼ੂਨੀ ਕਾਂਡ ਸਮੇਂ ਪੰਜਾਬ ਦਾ ਗਵਰਨਰ ਸੀ ਅਤੇ ਜਨਰਲ ਡਾਇਰ ਨੂੰ ਕਤਲੇਆਮ ਕਰਨ ਦੀ ਇਜ਼ਾਜ਼ਤ ਦਿੱਤੀ ਸੀ ਨੂੰ ਊਧਮ ਸਿੰਘ ਨੇ 13 ਮਾਰਚ 1940 ਨੂੰ ਇੱਕ ਸਭਾ ਵਿੱਚ ਗੋਲੀ ਮਾਰਕੇ ਮਾਰ ਦਿੱਤਾ ਸੀ। ਇਸਦਾ ਡਿਜਾਇਨ ਅਮਰੀਕਾ ਦੇ ਪ੍ਰਸਿੱਧ ਆਰਕੀਟੈਕਟ ਬੈਂਜਾਮੀਨ ਪੋਲਕ ਨੇ ਤਿਆਰ ਕੀਤਾ ਅਤੇ 13 ਅਪ੍ਰੈਲ 1961 ਨੂੰ ਭਾਰਤ ਦੇ ਰਾਸ਼ਟਰਪਤੀ ਡਾਕਟਰ ਰਾਜਿੰਦਰਾ ਪ੍ਰਸਾਦ ਨੇ ਇਸਦਾ ਉਦਘਾਟਨ ਕੀਤਾ ਸੀ। ਬ੍ਰਿਟਿਸ਼ ਸਰਕਾਰ ਦੇ ਕਈ ਆਗੂਆਂ ਨੇ ਸਮੇਂ ਸਮੇਂ ਤੇ ਇਸ ਬਾਗ ਦਾ ਦੌਰਾ ਕੀਤਾ ਹੈ। ਇਸ ਦਰਦਨਾਕ ਘਟਨਾ ਤੋਂ ਕਈ ਸਾਲਾਂ ਬਾਅਦ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਇਸ ਇਤਿਹਾਸਕ ਬਾਗ ਵਿੱਚ ਆਏ ਸਨ ਅਤੇ ਇਸ ਗੋਲੀਕਾਂਡ ਨੂੰ ਰਾਖਸ਼ਸ਼ੀ ਘਟਨਾ ਤੱਕ ਕਹਿਕੇ ਇੱਕ ਸ਼ਰਮਨਾਕ ਘਟਨਾ ਕਰਾਰ ਦਿਤਾ। 1997 ਵਿੱਚ ਮਹਾਰਾਣੀ ਐਲਿਜਾਵੈਥ ਦੂਜੀ ਅਤੇ ਉਸਦੇ ਪਤੀ ਅਤੇ ਡਿਊਕ ਆਫ ਐਡਿਨਵਰਗ ਪ੍ਰਿੰਸ ਫਿਲਿਪ ਲੇ ਵੀ ਇਸ ਥਾਂ ਦਾ ਦੌਰਾ ਕੀਤਾ। ਦੁੱਖ ਦੀ ਗੱਲ ਹੈ ਕਿ 13 ਅਪ੍ਰੈਲ 1919 ਨੂੰ ਜ਼ਲਿਆਵਾਲਾ ਬਾਗ ਵਿੱਚ ਸ਼ਹੀਦ ਹੋਣ ਵਾਲੇ ਲੋਕ ਅਜੇ ਤੱਕ ਬੁਝਾਰਤ ਹੀ ਬਣੇ ਹੋਏ ਹਨ ਅਤੇ ਸ਼ਹੀਦ ਹੋਏ ਦੇਸਵਾਸੀਆਂ ਦੀ ਅਸਲੀਅਤ ਅਜੇ ਤੱਕ ਲੋਕਾਂ ਸਾਹਮਣੇ ਨਹੀਂ ਆ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜ਼ਲਿਆਂਵਾਲਾ ਬਾਗ ਕਾਂਡ ਵਿੱਚ ਸ਼ਹੀਦ ਹੋਣ ਵਾਲੇ ਦੇਸ਼ ਭਗਤਾਂ ਨੂੰ ਅਗਿਆਤ ਨਾ ਰਹਿਣ ਦੇਵੇ ਸਗੋਂ ਉਹਨਾਂ ਦੇ ਨਾਮ ਅਤੇ ਤਸਵੀਰਾਂ ਸਨਮਾਨ ਸਹਿਤ ਲਗਾਈਆਂ ਜਾਣ ਅਤੇ ਉਨ੍ਹਾਂ ਨੂੰ ਸ਼ਹੀਦਾਂ ਦਾ ਦਰਜਾ ਦੇ ਕੇ ਬਣਦਾ ਸਨਮਾਨ ਦੇਣਾ ਚਾਹੀਦਾ ਹੈ।

# ਕਬੱਡੀ, ਕੁਸ਼ਤੀ, ਬਾਕਸਿੰਗ ਤੇ ਰੱਸਾ-ਕਸੀ--ਸ਼ੰਕਰੀਆ ਸ਼ੇਰ ਪਾਲਾ

**(ਸਫਾ 22 ਦੀ ਬਾਕੀ)**

ਤੇ ਅੱਜ ਕੱਲ੍ਹ ਉਹ ਕੈਲੇਫ਼ੋਰਨੀਆਂ ਰਹਿ ਰਿਹੈ। ਦੋ ਭਰਾ ਸਨ। ਛੋਟਾ ਭਰਾ ਹੁਸ਼ਿਆਰ ਸਿੰਘ 18 ਜਨਵਰੀ 2016 ਨੂੰ ਪੂਰਾ ਹੋ ਗਿਆ ਸੀ। ਮਾਤਾ ਪਿਤਾ ਪਹਿਲਾਂ ਪੂਰੇ ਹੋ ਗਏ ਸਨ।ਚਾਰ ਭੈਣਾਂ।ਤਿੰਨ ਭੈਣਾਂ ਰਛਪਾਲ ਕੌਰ (ਪਤੀ ਕੇਵਲ ਸਿੰਘ ਚਹੇੜੂ), ਇੰਦਰਜੀਤ ਕੌਰ (ਪਤੀ ਪਾਲ ਸਿੰਘ ਲੁੱਧੜ), ਜਸਵੰਤ ਕੌਰ (ਪਤੀ ਪ੍ਰਮਿੰਦਰ ਸਿੰਘ ਪਰਾਗਪੁਰ), ਇੰਗਲੈਂਡ ਰਹਿੰਦੀਆਂ ਹਨ ਜਦ ਕਿ ਚੌਥੀ ਗੁਰਬਖਸ਼ ਕੌਰ ਪਿੰਡ ਸ਼ੰਕਰ ਰਹਿੰਦੀ ਹੈ। ਉਹਦਾ ਬੇਟਾ ਸੁਖਵੀਰ ਮਾਮੇ ਪਾਲੇ ਦੇ ਰਾਹਾਂ 'ਤੇ ਚਲਦਾ ਰੱਸਾ-ਕਸੀ ਦਾ ਵਧੀਆ ਪਲੇਅਰ ਹੈ। ਪੁਰਾਣੇਂ ਖਿਡਾਰੀਆਂ ਘੁੱਗਾ, ਪੱਤੜੀਆ ਬੋਲਾ, ਚਮਕੌਰ ਤਲਵੰਡੀ ਫ਼ੱਤੂ, ਲਹਿੰਬਰ ਸੱਘਵਾਲ, ਰਾਵਲ ਮਾਣ ਢੇਰੀ ਤੇ ਹਰਪਾਲ ਸ਼ਗਿਰਦ ਤੇ ਹੋਰ ਪਹਿਲਵਾਨਾਂ, ਸ਼ਗਿਰਦਾਂ ਤੇ ਖਿਡਾਰੀਆਂ ਨਾਲ ਜਰੂਰ ਸੰਪਰਕ ਰਹਿੰਦਾ ਹੈ। ਚੰਗੇ ਯਾਰਾਂ-ਦੋਸਤਾਂ ਨੂੰ ਉਹ ਕਦੇ ਨਹੀਂ ਭੁੱਲਦਾ। ਆਖਰੀ ਜਿੰਦਗੀ ਖੇਡਾਂ ਨਾਲ ਜੁੜੇ ਲੋਕਾਂ 'ਤੇ ਨਿਛਾਵਰ ਕਰਨੀ ਚਾਹੁੰਦਾ ਹੈ। ਮੰਨਣਹਾਨੇ ਦੀ ਛਿੰਝ 'ਤੇ ਹਰ ਸਾਲ ਖੇਡ-ਲੇਖਿਕਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ।ਸੌਂਧੀਂ ਕੋਚ ਹੁਣਾਂ ਨਾਲ ਮਿਲ ਕੇ ਇਹ ਉਪਰਾਲਾ ਹਰ ਸਾਲ ਕੀਤਾ ਜਾਂਦੈ।ਖੇਡ ਲੇਖਕ ਬਲਵੀਰ ਸਿੰਘ ਕੰਵਲ ਤੇ ਇਕਬਾਲ ਜੱਬੋਵਾਲੀਏ ਨੂੰ ਵੀ ਇਨ੍ਹਾਂ ਵਲੋਂ ਸਨਮਾਨਤ ਕੀਤਾ ਜਾ ਚੁੱਕੈ। ਸੈਕੜੇਂ ਪਹਿਲਵਾਨਾਂ ਤੇ ਕਬੱਡੀ ਖਿਡਾਰੀਆਂ ਨੂੰ ਸਾਡੀ ਝੋਲੀ ਪਾਉਂਣ ਵਾਲਾ ਗੁਰਪਾਲ ਸਿੰਘ ਪਾਲਾ ਨਵੇਂ ਖਿਡਾਰੀਆਂ ਵਿੱਚ ਨਸ਼ਿਆਂ ਦੇ ਵਧਦੇ ਰੁਝਾਨ ਬਾਰੇ ਚਿੰਤਤ ਹੈ।ਨਵੇਂ ਖਿਡਾਰੀਆਂ ਨੂੰ ਹਮੇਸ਼ਾਂ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਣ ਦੀ ਪ੍ਰੇਰਣਾ ਦਿੰਦਾ ਹੈ।ਨਵੇਂ ਖਿਡਾਰੀ ਪੁਰਾਣੇ ਖਿਡਾਰੀਆਂ ਨੂੰ ਆਪਣੇਂ ਮਾਰਗ ਦਰਸ਼ਕ ਸਮਝਣ ਜਿਨ੍ਹਾਂ ਨੇ ਨਸ਼ਿਆਂ ਤੋਂ ਦੂਰ ਰਹਿ ਕੇ ਭਾਰਤ ਦਾ ਨਾਂ ਉਚਾ ਕੀਤਾ।

ਸੱਚੇ ਪਾਤਸ਼ਾਹ ਨੇ ਪਿੰਡ ਸ਼ੰਕਰ 'ਤੇ ਕੀਤੀ ਕ੍ਰਿਪਾ,
ਗੁਰਦਾਵਰ, ਧਿਆਨਾ, ਸਰਬਣ,ਅਜੈਬ ਪਹਿਲਵਾਨ ਹੋਏ।
ਕਬੱਡੀ ਖਿਡਾਰੀਆਂ ਦੀ ਵੀ ਦਾਤੇ ਨਾ ਕਸਰ ਛੱਡੀ।
ਘੁੱਗੇ, ਪਾਲੇ, ਜੈਸੀ, ਲੱਖੀ, ਉਤੇ ਸਤਿਗੁਰ ਮੇਹਰਬਾਨ ਹੋਏ।
ਭੜਥੂ ਪਾ ਖੇਡ-ਇਤਿਹਾਸ ਰਚਿਆ ਮੈਦਾਨੀਂ ਸ਼ੇਰਾਂ ਨੇ,
ਖੇਡ-ਜਗਤ ਵਿੱਚ ਚਲਦੀ ਕਲਮ ਦੇ ,
'ਇਕਬਾਲ ਸਿੰਘ'ਦੇ ਕਦਰਦਾਨ ਹੋਏ।"

**ਪਾਲੇ ਦਾ ਨੰਬਰ-(530)- 632- 2016**

# ਅਖੇ ਅਸੀਂ ਜੱਟ ਹੁੰਨੇ ਆਂ

**- ਬਲਜੀਤ ਮਲਹਾਂਸ**



ਮੈਂ ਇਕ ਜੱਟ ਦੀ ਧੀ ਹਾਂ। ਮੇਰਾ ਪਿਓ ਸਰਦਾਰ ਸੀ, ਪਰਵਾਸੀ ਮਜ਼ਦੂਰਾਂ ਦਾ ਸਰਦਾਰ। ਉਂਝ ਜਦੋਂ ਤੋਂ ਮੇਰੀ ਸੁਰਤ ਸੰਭਲੀ, ਮੈਂ ਬੇਬੇ ਬਾਪੂ ਨੂੰ ਹਮੇਸ਼ਾ ਕਰਜ਼ੇ ਦੀਆਂ ਗੱਲਾਂ ਕਰਦੇ ਹੀ ਸੁਣਿਆ।

ਜ਼ਮੀਨ ਠੇਕੇ 'ਤੇ ਲੈਣੀ ਹੁੰਦੀ ਜਾਂ ਯੂਰੀਆ ਖਰੀਦਣਾ ਹੁੰਦਾ, ਸਪਰੇਅ ਕਰਨੀ ਹੁੰਦੀ ਜਾਂ ਨਾਨਕ ਛੱਕ ਪੂਰਨ ਜਾਣਾ ਹੁੰਦਾ, ਹਰ ਵਾਰ ਬਾਪੂ ਦਾ ਅੰਗੂਠਾ ਸ਼ਾਹੂਕਾਰ ਦੀ ਵਹੀ 'ਤੇ ਲੱਗਦਾ। ਹਰ ਛਿਮਾਹੀ ਭਰਵੀਂ ਫਸਲ ਹੁੰਦੀ, ਟਰਾਲੀਆਂ ਭਰ ਭਰ ਮੰਡੀ ਵੱਲ ਜਾਂਦੀਆਂ। ਹਰ ਛਿਮਾਹੀ ਮਾਂ ਆਖਦੀ, ਐਤਕੀ ਮੈਂ ਵੀ ਆਉਣ-ਜਾਣ ਨੂੰ ਨਮਾਂ ਸੂਟ ਲੈਣਾ।

ਪਰ ਮਾਂ ਦੇ ਜਿਉਂਦੇ ਜੀਅ ਉਹ ਛਿਮਾਹੀ ਕਦੇ ਨਾ ਆਈ। ਹਰ ਵਾਰ ਬਾਪੂ ਖਾਲੀ ਖੀਸਾ ਤੇ ਨੀਲਾ ਗੂਠਾ ਲੈ ਮੰਡੀਓਂ ਮੁੜਦਾ। ਕਈ ਵਾਰ ਨੀਲੀ ਸਿਆਹੀ ਉਸਦੀਆਂ ਅੱਖਾਂ ਦੇ ਕੋਇਆਂ 'ਤੇ ਵੀ ਲੱਗੀ ਹੁੰਦੀ। ਉਸ ਰਾਤ ਬਾਪੂ ਰੱਜ ਕੇ ਦਾਰੂ ਪੀਂਦਾ ਤੇ ਬਿਨਾਂ ਰੋਟੀ ਖਾਧੇ ਸੌਂ ਜਾਂਦਾ।

ਮੈਨੂੰ ਯਾਦ ਹੈ ਇਕ ਵਾਰ ਜਦੋਂ ਸਾਰੇ ਘਰਦਿਆਂ ਨੇ ਫੁੱਫੜ ਦੀ ਮਕਾਣ ਜਾਣਾ ਸੀ ਤਾਂ ਬੇਬੇ ਨੇ ਬਾਪੂ ਦੀ ਜੁੱਤੀ ਗੰਢਵਾਉਣ ਮੈਨੂੰ ਜੀਤੇ ਮੋਚੀ ਕੋਲ ਭੇਜਿਆ ਸੀ। ਜੀਤੇ ਮੋਚੀ ਨੇ ਜੁੱਤੀ ਨੂੰ ਪੁੱਠੀ-ਸਿੱਧੀ ਕਰਦਿਆਂ ਕਿਹਾ ਸੀ, ਕੁੜੀਏ! ਇਹ ਨੀ ਗੰਢੀ ਜਾ ਸਕਦੀ ਹੋਰ ਕਿਤਿਉਂ, ਪਹਿਲਾਂ ਈ ਬਥੇਰੀ ਵਾਰ ਗੰਢ ਚੁੱਕਾਂ।

ਤੇ ਫਿਰ ਉਸ ਆਪਣੇ ਬਕਸੇ ਜਿਹੇ 'ਚੋਂ ਇਕ ਜੁੱਤੀ ਕੱਢ ਮੈਨੂੰ ਦਿੰਦਿਆਂ ਕਿਹਾ ਸੀ, ਲੈ ਫੜ ਮੱਲਾ! ਆਹ ਲੈਜਾ, ਸਾਲ ਭਰ ਤੋਂ ਪਈ ਆ ਐਥੇ। ਇਹਦਾ ਕੋਈ ਵਾਲੀ ਵਾਰਸ ਨੀ ਹੈਗਾ।

ਮੈਂ ਜੁੱਤੀ ਫੜ ਸਾਹੋ-ਸਾਹ ਹੋਈ ਬਾਪੂ ਕੋਲ ਭੂਰੇ ਆਲੀ ਮੋਟਰ 'ਤੇ ਜਾ ਪਹੁੰਚੀ। ਪਰ ਜੁੱਤੀ ਨੂੰ ਵੇਖ ਬਾਪੂ ਪਤਾ ਨੀ ਕਿਉਂ ਅੱਗ ਵਾਂਗ ਮੱਚ ਉਠਿਆ ਸੀ। ਸ਼ਾਮ ਨੂੰ ਘਰ ਦੀ ਕੱਢੀ ਦਾ ਗਿਲਾਸ ਅੰਦਰ ਸਿੱਟ ਉਸ ਜੀਤੇ ਮੋਚੀ ਸਮੇਤ ਸਾਰੇ ਪਿੰਡ ਦੀ ਮਾਂ-ਭੈਣ ਇਕ ਕਰ ਦਿੱਤੀ ਸੀ। ਅਖੇ ਅਸੀਂ ਜੱਫ਼ਟ ਹੁੰਨੇ ਆਂ, ਮੰਗਤੇ ਨੀ।

ਮੈਨੂੰ ਤਾਂ ਇਹ ਵੀ ਯਾਦ ਐ ਕਿ ਮਾਂ ਜਦੋਂ ਵੀ ਪੇਕਿਆਂ ਤੋਂ ਆਉਂਦੀ, ਕੁੱਜੇ, ਭੜੋਲੀਆਂ ਵਿਚ ਕੁਝ ਲੁਕੋਂਦੀ ਰਹਿੰਦੀ। ਜਦੋਂ ਮੈਂ ਤੇ ਮੇਰਾ ਛੋਟਾ ਭਰਾ ਸਕੂਲ ਦੀ ਫੀਸ ਲਈ ਪੈਸੇ ਮੰਗਦੇ ਜਾਂ ਕੋਈ ਨਿੱਕੀ-ਮੋਟੀ ਚੀਜ਼ ਲੈਣ ਦੀ ਜਿੱਦ ਕਰਦੇ ਤਾਂ ਮਾਂ ਉਹੀ ਕੁੱਜੇ, ਭੜੋਲੀਆਂ ਫੋਲ ਮੁੜੇ-ਤੁੜੇ ਨੋਟ ਸਾਨੂੰ ਦਿੰਦੀ।

ਹਾਂ ਸੱਚ, ਇਹ ਤਾਂ ਦੱਸਣੋਂ ਰਹਿ ਈ ਗਿਆ ਕਿ ਜਿਵੇਂ ਮੇਰਾ ਬਾਪੂ ਸਰਦਾਰ ਸੀ ਉਵੇਂ ਮੇਰੀ ਬੇਬੇ ਵੀ ਸਰਦਾਰਨੀ ਸੀ। ਨਰਮਾ ਜਾਂ ਕਪਾਹ ਚੁੱਗ ਕੇ ਆਈਆਂ ਚੁਗਾਵੀਆਂ ਉਸ ਦੇ ਬਰਾਬਰ ਮੰਜੇ 'ਤੇ ਨਹੀਂ ਸੀ ਬਹਿੰਦੀਆਂ ਸਗੋਂ ਭੁੰਜੇ ਬਹਿੰਦੀਆਂ ਤੇ ਮਾਂ ਨੂੰ ਸਰਦਾਰਨੀ-ਸਰਦਾਰਨੀ ਕਹਿੰਦੀਆਂ।

ਜ਼ਮੀਨ ਤਾਂ ਬਾਪੂ ਦੇ ਜਿਉਂਦਿਆਂ ਹੀ ਮੁੱਕ ਗਈ ਸੀ ਤੇ ਬਾਪੂ ਦੇ ਨਹਿਰ 'ਚ ਡੁੱਬਣ ਤੋਂ ਬਾਅਦ ਘਰ ਵੀ ਕੁਰਕੀ ਹੋ ਗਿਆ ਸੀ। ਮਾਂ ਨੇ ਅਜਿਹਾ ਹਉਕਾ ਲਿਆ ਕਿ ਪੇਕੇ ਜਾ ਦਿਨਾਂ ਵਿਚ ਹੀ ਮੁੱਕ ਗਈ।

ਉਸਦੀਆਂ ਅੰਤਿਮ ਰਸਮਾਂ ਨਿਭਾਉਣ ਆਏ ਮਾਮੇ ਪਿੰਡ ਦੀਆਂ ਸਾਰੀਆਂ ਲਾਗਣਾਂ ਨੂੰ ਸੂਟ ਦੇ ਕੇ ਗਏ ਸੀ। ਅਖੇ 'ਤਾਂ ਕੀ ਹੋਇਆ ਜੇ ਅੱਜ ਘਰ ਬਾਰ ਨੀ ਰਿਹਾ, ਆਖਿਰ ਨੂੰ ਜੱਟ ਹੁੰਨੇ ਆਂ, ਲਾਗੀਆਂ ਦਾ ਲਾਗ ਥੋੜ੍ਹੀ ਮਾਰਨਾ।'

ਹੁਣ ਹਾਲਾਤ ਕੁਝ ਬਦਲ ਗਏ ਨੇ। ਮੈਂ ਆਪਣੇ ਦਹਾਜੂ ਪਤੀ ਤੇ ਉਸਦੇ ਪਹਿਲੇ ਤਿੰਨ ਨਿਆਣਿਆਂ ਨਾਲ ਇੱਥੇ ਬਾਹਰਲੇ ਮੁਲਕ ਵਿਚ ਸੈਟ ਹਾਂ। ਰਾਤ ਨੂੰ ਫੈਕਟਰੀ ਵਿਚ ਕੰਮ ਕਰਦੀ ਹਾਂ ਤੇ ਦਿਨੇ ਜੇ ਵਿਹਲੇ ਮਿਲੇ ਤਾਂ ਆਹ ਸਭ ਲਿਖ ਲੈਂਦੀ ਹਾਂ।

ਕਦੀ ਕਦੀ ਵੀਰੇ ਦੀ ਬਹੁਤ ਯਾਦ ਆਉਂਦੀ ਆ ਜਿਸਨੇ ਪਿੰਡ ਤੋਂ ਕਿਤੇ ਦੂਰ ਚਾਹ ਦੀ ਦੁਕਾਨ ਕਰ ਲਈ ਸੀ। ਅਖੇ ਪਿੰਡ 'ਚ ਇਹ ਕੰਮ ਕੀਤਾ ਤਾਂ ਲੋਕ ਕੀ ਕਹਿਣਗੇ, ਫਿਰ ਵੀ ਆਪਾਂ ਜੱਟ ਹੁੰਦੇ ਆਂ।

ਕੋਟਲੇ ਧਾਗਾ ਮਿੱਲ 'ਚ ਕੰਮ ਕਰਦੀ ਭਰ-ਜਾਈ ਨਾਲ ਦੁੱਖ-ਸੁੱਖ ਕਰ ਲਈਦਾ। ਉਹ ਵੀ ਕਈ ਵਾਰ ਨਿਰਾਸ਼ ਜਿਹੀ ਹੋ ਕੇ ਆਖਦੀ ਆ, ਬੀਬੀ! ਤੇਰੇ ਭਤੀਜੇ ਦੇ ਲੱਛਣ ਠੀਕ ਜੇ ਨੀ ਲੱਗਦੇ। ਬਾਣੀਆਂ ਦੀ ਕੁੜੀ ਦਾ ਖਹਿੜਾ ਈ ਨੀ ਛੱਡਦਾ। ਭੈੜਾ, ਡਰ ਲੱਗਦਾ ਕਿਤੇ ਹੋਰ ਜਾਤ-ਕੁਜਾਤ ਨਾ ਵਿਆਹ ਲਿਆਵੇ। ਐ ਜਰਿਆ ਨੀ ਜਾਣਾ ਅੜੀਏ। ਆਪਾਂ ਤਾਂ ਫੇਰ ਵੀ ਜੱਟ ਆਂ।

ਤੇ ਓਧਰ ਭਤੀਜਾ ਸਾਰਾ ਦਿਨ ਫੇਸਬੁੱਕ 'ਤੇ ਸੈਲਫੀਆਂ ਜਿਹੀਆਂ ਖਿੱਚ-ਖਿੱਚ ਪਾਈ ਜਾਂਦਾ। ਅਖੇ ਜੱਟ ਤਾਂ ਜੁਗਾੜੀ ਹੁੰਦੇ ਆ।

ਪਤਾ ਨੀ ਉਹ ਕਿਹੜਾ ਜੁਗਾੜ ਸੀ ਜੋ ਬਾਪੂ ਤੇ ਵੀਰੇ ਨੂੰ ਲੜਾਉਣਾ ਨੀ ਆਇਆ। ਜੱਟ ਹੋਣਾ ਵਰ ਹੈ ਕਿ ਸ਼ਰਾਪ? ਸਮਝ ਨੀ ਆਉਂਦੀ।

# ਵੋਟਾਂ ਦਾ ਮੇਲਾ ਲੋਕ-ਜਾਗ ਦਾ ਵੇਲਾ

ਅੰਗ-ਸੰਗ



ਸ਼ਾਮ ਸਿੰਘ
98141-13338

**ਨੇਤਾਜਨਾਂ ਵਿੱਚ ਤਜਰਬੇ ਨਾਲ ਸ਼ੈਤਾਨੀ ਘਰ ਕਰ ਜਾਂਦੀ ਹੈ, ਜਿਸ ਨਾਲ ਦੇਸ਼ ਦੀ ਭੋਲੀ-ਭਾਲੀ ਜਨਤਾ ਨੂੰ ਧੋਖੇ ਨਾਲ ਚਾਰਨ ਤੋਂ ਬਾਜ਼ ਨਹੀਂ ਆਉਂਦੇ। ਭਾਰਤ ਨੂੰ ਦੋ ਤਰ੍ਹਾਂ ਦਾ ਰੰਗ ਦਿੰਦੇ ਹਨ, ਇੱਕ ਅਮੀਰਾਂ ਦਾ ਅਤੇ ਦੂਜਾ ਗਰੀਬਾਂ ਦਾ। ਫੇਰ ਧਾਰਮਿਕ ਵਿਚਾਰਾਂ ਦੀ ਕੂਚੀ ਫੇਰਦੇ ਹਨ, ਤਾਂ ਜੋ ਸਭ ਕੁਝ ਸਫੈਦ ਦਿਸੇ। ਨਫ਼ਰਤ ਦੀ ਜ਼ਹਿਰ ਫੈਲਾਉਂਦੇ ਹਨ ਅਤੇ ਫਿਰਕਾਪ੍ਰਸਤੀ ਦੀ ਹਵਾ ਚਲਾਉਂਦੇ ਹੋਏ ਲੋਕਾਂ 'ਚ ਵੰਡੀਆਂ ਪਾ ਦਿੰਦੇ ਹਨ, ਜਿਸ ਕਾਰਨ ਉਨ੍ਹਾਂ 'ਚ ਏਕਤਾ ਨਹੀਂ ਰਹਿੰਦੀ।**

ਹਰ ਪੰਜ ਸਾਲ ਬਾਅਦ ਦੇਸ਼ ਵਿੱਚ ਚੋਣਾਂ ਹੁੰਦੀਆਂ ਹਨ ਅਤੇ ਥਾਂ-ਥਾਂ ਵੋਟਾਂ ਦਾ ਮੇਲਾ ਲੱਗ ਜਾਂਦਾ, ਜਿਸ ਦੌਰਾਨ ਲੋਕ ਮਨਮਰਜ਼ੀ ਕਰਦੇ ਹੋਏ ਉਨ੍ਹਾਂ ਨੇਤਾਵਾਂ ਨੂੰ ਜਿਤਾਉਂਦੇ ਹਨ, ਪਰ ਉਨ੍ਹਾਂ ਨੂੰ ਹਰਾ ਕੇ ਘਰ ਭੇਜ ਦਿੰਦੇ ਹਨ, ਜਿਨ੍ਹਾਂ ਨੂੰ ਨਹੀਂ ਚਾਹੁੰਦੇ। ਵੋਟਾਂ ਦੇ ਮੇਲੇ ਸਮੇਂ ਲੋਕਾਂ ਦੇ ਸਿਆਸੀ ਨਜ਼ਰੀਏ ਦਾ ਪਤਾ ਲੱਗਦਾ ਹੈ ਅਤੇ ਮੁਲਕ ਦੇ ਹਾਲਾਤ ਬਾਰੇ ਸੂਝ-ਬੂਝ ਦਾ ਵੀ। ਇਹ ਮੇਲਾ ਮਨੋਰੰਜਨ ਦਾ ਸਾਧਨ ਨਹੀਂ ਹੁੰਦਾ, ਸਗੋਂ ਲੋਕ-ਜਾਗ ਦਾ ਵੇਲਾ ਹੁੰਦਾ ਹੈ, ਜਿਸ ਦੌਰਾਨ ਚੰਗੇ ਅਤੇ ਲੋਕ-ਹਿੱਤ ਵਾਲੇ ਆਗੂ ਅੱਗੇ ਲਿਆਂਦੇ ਜਾ ਸਕਦੇ ਹਨ, ਪਰ ਮਾੜੇ ਕਿਰਦਾਰ ਵਾਲੇ ਨੇਤਾਵਾਂ ਨੂੰ ਸਬਕ ਸਿਖਾਇਆ ਜਾ ਸਕਦੈ ਤਾਂ ਕਿ ਖੁਦ ਨੂੰ ਸੁਧਾਰ ਸਕਣ।

ਨੇਤਾਜਨਾਂ ਵਿੱਚ ਤਜਰਬੇ ਨਾਲ ਸ਼ੈਤਾਨੀ ਘਰ ਕਰ ਜਾਂਦੀ ਹੈ, ਜਿਸ ਨਾਲ ਦੇਸ਼ ਦੀ ਭੋਲੀ-ਭਾਲੀ ਜਨਤਾ ਨੂੰ ਧੋਖੇ ਨਾਲ ਚਾਰਨ ਤੋਂ ਬਾਜ਼ ਨਹੀਂ ਆਉਂਦੇ। ਭਾਰਤ ਨੂੰ ਦੋ ਤਰ੍ਹਾਂ ਦਾ ਰੰਗ ਦਿੰਦੇ ਹਨ, ਇੱਕ ਅਮੀਰਾਂ ਦਾ ਅਤੇ ਦੂਜਾ ਗਰੀਬਾਂ ਦਾ। ਫੇਰ ਧਾਰਮਿਕ ਵਿਚਾਰਾਂ ਦੀ ਕੂਚੀ ਫੇਰਦੇ ਹਨ, ਤਾਂ ਜੋ ਸਭ ਕੁਝ ਸਫੈਦ ਦਿਸੇ।

ਨਫ਼ਰਤ ਦੀ ਜ਼ਹਿਰ ਫੈਲਾਉਂਦੇ ਹਨ ਅਤੇ ਫਿਰਕਾਪ੍ਰਸਤੀ ਦੀ ਹਵਾ ਚਲਾਉਂਦੇ ਹੋਏ ਲੋਕਾਂ 'ਚ ਵੰਡੀਆਂ ਪਾ ਦਿੰਦੇ ਹਨ, ਜਿਸ ਕਾਰਨ ਉਨ੍ਹਾਂ 'ਚ ਏਕਤਾ ਨਹੀਂ ਰਹਿੰਦੀ।

ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾ ਇੱਕ-ਦੂਜੇ 'ਤੇ ਚਿੱਕੜ ਸੁੱਟਦੇ ਹਨ, ਜਿਸ ਨਾਲ ਬਦਨਾਮੀ ਦਾ ਮਾਹੌਲ ਪੈਦਾ ਹੋ ਸਕੇ। ਅਜਿਹਾ ਹੋਣ ਨਾਲ ਲੋਕਾਂ ਵਿੱਚ ਭੰਬਲਭੂਸਾ ਪੈਦਾ ਹੋ ਜਾਂਦਾ ਹੈ, ਕਿਉਂਕਿ ਅਸੱਭਿਆ ਭਾਸ਼ਾ ਦੇ ਘੁਸਮੁਸੇ ਵਿੱਚ ਸਾਫ਼ ਨਜ਼ਰ ਨਹੀਂ ਆਉਂਦਾ। ਧੁੰਦਲੇ ਹੋਏ ਮਾਹੌਲ 'ਚ ਮੁੱਦੇ ਤਾਂ ਲੱਭਦੇ ਹੀ ਨਹੀਂ। ਨੇਤਾਵਾਂ ਵੱਲੋਂ ਜਾਣ-ਬੁੱਝ ਕੇ ਸ਼ੋਰੀਲਾ ਮਾਹੌਲ ਪੈਦਾ ਕੀਤਾ ਜਾਂਦਾ ਹੈ, ਜਿਸ ਵਿੱਚ ਲੋਕਾਂ ਨੂੰ ਅਸਾਨੀ ਨਾਲ ਭਰਮਾਇਆ ਜਾ ਸਕੇ।

ਜਿਹੜੇ ਲੋਕ ਤਾਂ ਸ਼ੋਰੀਲੇ ਮਾਹੌਲ ਵਿੱਚ ਸਹੀ ਰਾਹ ਲੱਭ ਲੈਂਦੇ ਹਨ, ਉਹ ਨੇਤਾਵਾਂ ਦੇ ਭਰਮ-ਭੁਲੇਖਿਆਂ ਵਿੱਚ ਕਿਸੇ ਤਰ੍ਹਾਂ ਨਹੀਂ ਫਸਦੇ। ਜਿਨ੍ਹਾਂ ਦੇ ਪੈਰਾਂ ਥੱਲੇ ਜ਼ਮੀਨ ਨਹੀਂ ਹੁੰਦੀ, ਉਹ ਬਚਦੇ ਨਹੀਂ।

ਜਿਸ ਬਿਨਾਂ ਦੁਨੀਆਂ ਭਰ ਦੇ ਮੁਲਕਾਂ ਦਾ ਕੰਮ ਚੱਲ ਰਿਹਾ ਹੈ, ਇਥੇ ਭਾਰਤ ਵਿੱਚ ਨੇਤਾਵਾਂ ਦਾ ਵੱਡਾ ਹਥਿਆਰ ਹੈ ਜਾਤਪਾਤ। ਸਦੀਆਂ ਤੋਂ ਚਲੀ ਆ ਰਹੀ ਇਸ ਵਰਣ-ਵਿਵਸਥਾ ਨੇ ਲੋਕ-ਭਾਈਚਾਰੇ ਵਿਚਕਾਰ ਅਜਿਹੀਆਂ ਦੀਵਾਰਾਂ ਖੜ੍ਹੀਆਂ ਕੀਤੀਆਂ ਹੋਈਆਂ ਹਨ, ਜਿਨ੍ਹਾਂ ਨੂੰ ਨੇਤਾਜਨ ਢਾਹੁੰਦੇ ਘੱਟ ਹਨ ਅਤੇ ਉਸਾਰਦੇ ਵੱਧ, ਜਿਸ ਕਾਰਨ ਦੇਸ਼ ਵਿਨਾਸ਼ ਵੱਲ ਵਧਦਾ ਰਹਿੰਦਾ ਹੈ, ਵਿਕਾਸ ਵੱਲ ਘੱਟ। ਇਸ ਨਾਲ ਨੇਤਾ ਤਾਂ ਲਾਹਾ ਲੈ ਜਾਂਦੇ ਹਨ, ਪਰ ਦੇਸ਼ ਨੂੰ ਇਸ ਤੋਂ ਕਦੇ ਵੀ ਕੋਈ ਫਾਇਦਾ ਨਹੀਂ ਹੁੰਦਾ।

ਦੇਸ਼ ਦੇ ਲੋਕਾਂ ਦੀ ਪ੍ਰੀਖਿਆ ਦਾ ਸਮਾਂ ਆ ਗਿਆ ਹੈ, ਜਿਸ ਨਾਲ ਉਨ੍ਹਾਂ ਦੀ ਸਿਆਸੀ ਸਮਝ ਦਾ ਪਤਾ ਲੱਗੇਗਾ। ਦੇਖਣਾ ਇਹ ਪਵੇਗਾ ਕਿ ਉਹ ਜੁਮਲਿਆਂ ਦਾ ਮੁੜ ਸ਼ਿਕਾਰ ਹੁੰਦੇ ਹਨ ਜਾਂ ਫੇਰ ਝੂਠ ਬੋਲਣ ਵਾਲਿਆਂ ਨੂੰ ਜ਼ਰਾ ਮਾਤਰ ਵੀ ਨੇੜੇ ਨਹੀਂ ਲੱਗਣ ਦਿੰਦੇ। ਕੀ ਉਹ ਨਫ਼ਰਤ ਦੀ ਜ਼ਹਿਰ ਫੈਲਾਉਣ ਵਾਲਿਆਂ, ਹਰ ਖੇਤਰ ਵਿੱਚ ਦਹਿਸ਼ਤ ਪੈਦਾ ਕਰਨ ਵਾਲਿਆਂ ਅਤੇ ਹਰ ਕੰਮ ਵਾਸਤੇ ਦਿੱਲੀ ਦੀ ਤਰਜ਼ 'ਤੇ ਚਲਾਉਣ ਵਾਲਿਆਂ ਨੂੰ ਅੱਖਾਂ ਦਿਖਾਉਂਦੇ ਹਨ ਜਾਂ ਫੇਰ ਮੁੜ ਉਨ੍ਹਾਂ ਦੀ ਚਾਲ ਤੋਂ ਨਹੀਂ ਬਚ ਪਾਉਂਦੇ।

ਜੇ ਲੋਕ-ਜਾਗ ਦੇ ਵੇਲੇ ਜਨਤਾ ਜਾਗ ਪਈ ਤਾਂ ਦੇਸ਼ ਭਰ ਵਿੱਚ ਇੱਕੋ ਆਵਾਜ਼ ਸੁਣਨ ਦੀ ਰਟ ਬੰਦ ਹੋ ਕੇ ਰਹਿ ਜਾਵੇਗੀ ਅਤੇ ਦੂਜੇ ਨੇਤਾਵਾਂ ਦੀਆਂ ਆਵਾਜ਼ਾਂ ਸੁਣਨ ਲੱਗ ਪੈਣਗੀਆਂ। ਭਾਰਤ ਦੇ ਲੋਕ ਹੁਣ ਕਿਸੇ ਕੀਮਤ 'ਤੇ ਅਵੇਸਲੇ ਨਾ ਹੋਣ ਕਿਉਂਕਿ ਲੋਕ-ਜਾਗ ਦਾ ਵੇਲਾ ਹੋ ਗਿਆ ਹੈ, ਜਿਸ ਦੌਰਾਨ ਉਹ ਆਪਣੇ ਦੇਸ਼ ਦੇ ਵੋਟ ਮੇਲੇ ਦੌਰਾਨ ਪੂਰੀ ਤਰ੍ਹਾਂ ਜਾਗ ਕੇ ਅਤੇ ਪੂਰੇ ਚੌਕਸ ਹੋ ਕੇ ਆਪਣੇ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨ, ਤਾਂ ਕਿ ਮੁਲਕ ਬਚ ਸਕੇ।

ਦੇਸ਼ ਦਾ ਗੇੜਾ ਮਾਰਦਿਆਂ ਇੱਕ ਆਵਾਜ਼ ਜ਼ਰੂਰ ਸੁਣਨ ਨੂੰ ਮਿਲਦੀ ਹੈ ਕਿ ਸੱਤਾਧਾਰੀਆਂ ਨੂੰ ਖਦੇੜਨ ਲਈ ਗੱਠਜੋੜ ਬਣਾਏ ਜਾਣ ਜਾਂ ਫਿਰ ਮਹਾਂਗਠਬੰਧਨ। ਵਿਰੋਧੀ ਧਿਰ ਦੀਆਂ ਇਸ ਸੁਰ ਵਾਲੀਆਂ ਗੱਲਾਂ ਤਾਂ ਅਕਸਰ ਹਵਾ 'ਤੇ ਸਵਾਰ ਰਹਿੰਦੀਆਂ ਹਨ, ਪਰ ਇਨ੍ਹਾਂ 'ਤੇ ਅਮਲ ਬਹੁਤ ਘੱਟ ਹੁੰਦਾ ਹੈ, ਜਿਸ ਕਾਰਨ ਪੂਰੇ ਦੇਸ਼ ਅੰਦਰ ਕੋਈ ਵੱਡਾ ਬਦਲ ਤਿਆਰ ਨਹੀਂ ਹੋ ਸਕਿਆ।

ਲੋਕਾਂ ਨੂੰ ਪਾਰਟੀਆਂ ਵਿੱਚ ਵੰਡ ਤਾਂ ਨਜ਼ਰ ਆਉਂਦੀ ਹੈ ਪਰ ਇਹ ਪਤਾ ਨਹੀਂ ਲੱਗਦਾ ਕਿ ਇਸ ਵੰਡ ਵਿੱਚ ਉਹ ਕਿੱਧਰ ਜਾਣ ਅਤੇ ਕਿੱਧਰ ਨਾ ਜਾਣ।

ਵੋਟ-ਮੇਲੇ ਨੂੰ ਆਮ ਮੇਲੇ ਵਾਂਗ ਨਾ ਮੰਨਦਿਆਂ ਇਸ ਨੂੰ ਗੰਭੀਰਤਾ ਦਾ ਕਾਰਜ ਸਮਝਦਿਆਂ ਹਰ ਨਾਗਰਿਕ ਵੋਟਰ ਬਣਨ ਵੇਲੇ ਜਾਗਦਾ ਰਹੇ ਅਤੇ ਜਾਗਣ ਲਈ ਕਿਸੇ ਚੌਕੀਦਾਰ ਵੱਲੋਂ ਉੱਚੀ ਆਵਾਜ਼ ਵਿੱਚ ਕਹਿੰਦੇ 'ਜਾਗਦੇ ਰਹੋ' ਨੂੰ ਨਾ ਸੁਣੀਏ, ਕਿਉਂਕਿ ਚੌਕੀਦਾਰਾਂ ਦੀ ਤਾਂ ਹੁਣ ਘਾਟ ਹੀ ਨਹੀਂ ਰਹੀ। ਪਰ ਮੇਰੇ ਦੇਸ਼ ਦੇ ਭੋਲੇ ਲੋਕੋ ਲਾਲਚਾਂ, ਲਾਰਿਆਂ ਅਤੇ ਝੂਠੇ ਵਾਅਦਿਆਂ ਤੋਂ ਬਚੋ ਅਤੇ ਇਸ ਗੱਲ ਦਾ ਵੀ ਖਿਆਲ ਰੱਖਿਓ ਕਿ ਦੇਸ਼ ਦੇ ਸੰਵਿਧਾਨ ਵਿੱਚ 'ਚੌਕੀਦਾਰ' ਦੀ ਤਾਂ ਕੋਈ ਆਸਾਮੀ ਹੀ ਨਹੀਂ।

### ਪੰਜਾਬ ਦਾ ਸਿਆਸੀ ਦ੍ਰਿਸ਼

ਪੰਜਾਬ ਦੀ ਸਿਆਸਤ ਵਿੱਚ ਜੋੜ-ਤੋੜ ਲੱਗਭੱਗ ਮੁਕੰਮਲ ਹੋ ਗਏ, ਪਰ ਲੋਕ ਸਭਾ ਹਲਕਿਆਂ ਵਾਸਤੇ ਉਮੀਦਵਾਰ ਲੱਭੇ ਜਾ ਰਹੇ ਨੇ, ਜਿਸ ਕਾਰਨ ਕਿਸੇ ਹਲਕੇ ਬਾਰੇ ਅਜੇ ਟਿੱਪਣੀਆਂ ਮੁਨਾਸਬ ਨਹੀਂ। ਕਿਸੇ-ਕਿਸੇ ਪਾਰਟੀ ਨੇ ਉਮੀਦਵਾਰ ਖੜ੍ਹੇ ਕਰ ਦਿੱਤੇ, ਪਰ ਦੂਜੀਆਂ ਪਾਰਟੀਆਂ ਅਜੇ ਉਮੀਦਵਾਰਾਂ ਬਾਰੇ ਫੈਸਲਾ ਨਹੀਂ ਕਰ ਸਕੀਆਂ। ਕਈ ਥਾਵਾਂ 'ਤੇ ਟੱਕਰਾਂ ਫਸਵੀਆਂ ਤਾਂ ਹੋਣਗੀਆਂ ਹੀ, ਪਰ ਨਾਲ ਦੀ ਨਾਲ ਪੂਰੀ ਤਰ੍ਹਾਂ ਰੌਚਿਕ ਵੀ ਹੋਣਗੀਆਂ।

ਕਾਂਗਰਸ ਅਜੇ ਤੱਕ ਸਾਬਤ ਸਬੂਤੀ ਹੈ, ਜਿਹੜੀ ਆਪਣੀ ਹਾਈ ਕਮਾਂਡ ਬਿਨਾਂ ਚੋਣ ਲਈ ਉਮੀਦਵਾਰਾਂ ਦੇ ਫ਼ੈਸਲੇ ਨਹੀਂ ਲੈਂਦੀ। ਕੁਝ ਨਾਵਾਂ ਬਾਰੇ ਫ਼ੈਸਲਾ ਹੋ ਵੀ ਗਿਆ ਹੈ, ਪਰ ਬਾਕੀ ਅਜੇ ਉਡੀਕਣੇ ਪੈਣਗੇ। ਇੰਜ ਹੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਕੁਝ ਨਾਵਾਂ ਦਾ ਐਲਾਨ ਕਰ ਦਿੱਤਾ ਹੈ ਜਿਸ ਨਾਲ ਕੁਝ ਫਸਵੇਂ ਮੁਕਾਬਲੇ ਹੋਣ ਦੀ ਸੰਭਾਵਨਾ ਪੈਦਾ ਹੋ ਰਹੀ ਹੈ, ਜਿਨ੍ਹਾਂ ਨੂੰ ਦੇਖਣਾ ਦਿਲਚਸਪ ਵੀ ਰਹੇਗਾ ਅਤੇ ਸੱਚਮੁੱਚ ਦੇ ਮੇਲੇ ਵਰਗਾ ਵੀ।

ਪੰਜਾਬ ਡੈਮੋਕਰੇਟਿਕ ਅਲਾਇੰਸ ਅਤੇ ਹੋਰ ਪਾਰਟੀਆਂ ਨੇ ਵੀ ਉਮੀਦਵਾਰ ਐਲਾਨ ਦਿੱਤੇ ਹਨ ਅਤੇ ਹਰ ਪਾਰਟੀ ਆਪੋ-ਆਪਣੀ ਜਿੱਤ ਹੋਣ ਤੋਂ ਪਿੱਛੇ ਨਹੀਂ। ਅਜੇ ਥੋੜ੍ਹੇ ਦਿਨਾਂ ਬਾਅਦ ਹੀ ਅਸਲੀ ਵਿਸ਼ਲੇਸ਼ਣ ਕਰਨ ਦੀ ਸਥਿਤੀ ਪੈਦਾ ਹੋਵੇਗੀ, ਤਦ ਹੀ ਜ਼ਮੀਨੀ ਹਕੀਕਤ ਦੇ ਨੇੜੇ ਪਹੁੰਚਿਆ ਜਾ ਸਕੇਗਾ। ਹਾਂ ਏਨਾ ਜ਼ਰੂਰ ਕਿਹਾ ਜਾ ਸਕਦੈ ਕਿ ਜੇ ਕਾਂਗਰਸ ਇਕਮੁੱਠ ਰਹੀ ਤਾਂ ਵਿਰੋਧੀ ਧਿਰ ਦੇ ਵੰਡੇ ਹੋਣ ਕਾਰਨ ਕਾਂਗਰਸ ਦਾ ਹੱਥ ਉੱਪਰ ਰਹੇਗਾ। ਬਾਕੀ ਪਾਰਟੀਆਂ ਕਈ ਤਰ੍ਹਾਂ ਦੀਆਂ ਮਾਰਾਂ ਦਾ ਸ਼ਿਕਾਰ ਹਨ, ਉਹ ਨਹੀਂ ਉੱਭਰ ਸਕਣਗੀਆਂ।

### ਲਤੀਫ਼ੇ ਦਾ ਚਿਹਰਾ ਮੋਹਰਾ

ਪੁੱਤਰ : ਡੈਡ ਮੈਨੂੰ ਪਤਾ ਲੱਗਾ ਕਿ ਤਰੇਤਾ ਯੁੱਗ 'ਚ ਪ੍ਰਹਿਲਾਦ ਜੱਸ ਖੱਟ ਗਿਆ, ਕਿਉਂਕਿ ਉਸ ਨੇ ਆਪਣੇ ਡੈਡ ਦੀ ਨਹੀਂ

ਸੁਣੀ। ਸਤਯੁੱਗ 'ਚ ਆਪਣੇ ਪਿਤਾ ਨੂੰ ਨਾ ਸੁਣਨ ਕਰਕੇ ਰਾਮ ਰੱਬ ਬਣ ਗਿਆ। ਕੀ ਮੈਂ ਤੁਹਾਡੀ ਮੰਨਾ ਜਾਂ ਨਾ ਮੰਨਾ?

ਪਿਤਾ : ਮੇਰੇ ਪਿਆਰੇ ਪੁੱਤਰ ਹੁਣ ਕਲਯੁੱਗ ਹੈ ਜਿਸ ਵਿੱਚ ਅਸੀਂ ਰਹਿ ਰਹੇ ਹਾਂ। ਤੂੰ ਵੱਡਾ ਬਣਨ ਦਾ ਭੁਲੇਖਾ ਛੱਡ ਦੇ। ਸਾਡੇ

ਦੋਹਾਂ ਲਈ ਚੰਗਾ ਹੋਵੇਗਾ ਕਿ ਸ਼ਾਂਤਮਈ ਜ਼ਿੰਦਗੀ ਲਈ ਤੇਰੀ ਮਾਤਾ ਸ੍ਰੀ ਦੀ ਮੰਨ ਕੇ ਤੁਰੀ ਚਲੀਏ।

# ਗੁਜਰਾਤ ਦੇ ਪੰਜਾਬੀਆਂ ਦਾ ਦਰਦ : ਕੀ ਕੋਈ ਸਾਰ ਲਵੇਗਾ?



ਜਸਵੰਤ ਸਿੰਘ 'ਅਜੀਤ'
91 9 827-19890

ਦੋ ਦਹਾਕਿਆਂ ਤੋਂ ਵੀ ਕਿਤੇ ਵੱਧ ਸਮੇਂ ਸਿਰ 'ਤੇ ਲਟਕ ਰਹੀ ਉਜਾੜੇ ਦੀ ਤਲਵਾਰ ਤੋਂ ਸਹਿਮੇ ਚਲੇ ਆ ਰਹੇ, ਗੁਜਰਾਤ ਵਿੱਚ ਵਸਦੇ ਪੰਜਾਬੀ ਕਿਸਾਨਾਂ, ਜਿਨ੍ਹਾਂ ਵਿੱਚ ਬਹੁਤੀ ਗਿਣਤੀ ਸਿੱਖਾਂ ਦੀ ਹੈ, ਦਾ ਦਰਦ ਉਸ ਸਮੇਂ ਫੁਟ ਬਾਹਰ ਆ ਗਿਆ, ਜਦੋਂ ਉਨ੍ਹਾਂ ਵੇਖਿਆ ਕਿ ਸੰਸਾਰ ਭਰ ਵਿੱਚ ਵਸਦੇ ਸਿੱਖਾਂ ਸਹਿਤ ਸਮੁਚੇ ਪੰਜਾਬੀਆਂ ਦੇ ਹਿਤਾਂ-ਅਧਿਕਾਰਾਂ ਦੀ ਰਖਿਆ ਕਰਨ ਦੇ ਦਾਅਵੇਦਾਰ ਚਲੇ ਆ ਰਹੇ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਆਪਣੇ ਗੁਜਰਾਤ ਦੌਰੇ ਦੌਰਾਨ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੂੰ ਜਿੱਤ ਦਾ ਅਸ਼ੀਰਵਾਦ ਦੇ, ਰਾਜ ਵਿੱਚ ਵਸਦੇ ਪੰਜਾਬੀਆਂ ਦਾ ਦੁਖ-ਦਰਦ ਵੇਖੇ-ਸੁਣੇ ਬਿਨਾ ਹੀ ਵਾਪਸ ਮੁੜ ਗਏ। ਉਹ ਉਨ੍ਹਾਂ ਦੇ ਦੁਖ-ਦਰਦ ਨੂੰ ਸੁਣਨ ਤੇ ਸਮਝਣ ਲਈ ਪੰਜ-ਕੁ ਮਿੰਟਾਂ ਦਾ ਸਮਾਂ ਵੀ ਨਾ ਕਢ ਸਕੇ।

ਗਲ 1964-65 ਦੀ ਹੈ, ਜਦੋਂ ਗੁਜਰਾਤ ਸਹਿਤ, ਸਮੁਚੀਆਂ ਭਾਰਤੀ ਸੀਮਾਵਾਂ 'ਤੇ ਪਾਕਿਸਤਾਨੀ ਫੌਜ ਦੀਆਂ ਸਰਗਰਮੀਆਂ ਲਗਾਤਾਰ ਵੱਧਦੀਆਂ ਜਾਣ ਲਗ ਪਈਆਂ ਸਨ, ਤਾਂ ਅਜਿਹੇ ਸਮੇਂ 'ਤੇ ਭਾਰਤ ਦੇ ਉਸ ਸਮੇਂ ਦੇ ਪ੍ਰਧਾਨ ਮੰਤ੍ਰੀ ਲਾਲ ਬਹਾਦੁਰ ਸ਼ਾਸਤ੍ਰੀ ਨੇ ਗੁਜਾਰਤ ਦੀਆਂ ਸੀਮਾਵਾਂ ਦੀ ਸੁਰਖਿਆ ਨਿਸ਼ਚਿਤ ਕਰਨ ਅਤੇ ਉਸਦੇ 'ਕਛ' ਵਿਚਲੇ ਇਲਾਕੇ ਦੀਆਂ ਬੰਜਰ ਜ਼ਮੀਨਾਂ ਨੂੰ ਅਬਾਦ ਕਰ ਜ਼ਰਖੇਜ਼ ਬਣਾਉਣ ਦੇ ਉਦੇਸ਼ ਨਾਲ ਪੰਜਾਬ ਤੋਂ ਕਿਸਾਨਾਂ, ਜਿਨ੍ਹਾਂ ਵਿੱਚ ਬਹੁਤੀ ਗਿਣਤੀ ਸਿੱਖਾਂ ਦੀ ਸੀ, ਨੂੰ ਲਿਜਾ ਕੇ ਉਥੇ ਵਸਾ ਦਿੱਤਾ। ਜਿਨ੍ਹਾਂ ਨੇ ਦਿਨ-ਰਾਤ ਦੀ ਸਖਤ ਮਿਹਨਤ ਕਰ ਤੇ ਖੂਨ ਪਸੀਨਾ ਵਹਾ, ਨਾ ਕੇਵਲ ਗੁਜਰਾਤ ਦੀਆਂ ਸੀਮਾਵਾਂ ਨੂੰ ਹੀ ਸੁਰਖਿਅਤ ਕੀਤਾ ਸਗੋਂ 'ਕਛ' ਦੇ ਇਲਾਕੇ ਦੀਆਂ ਬੰਜਰ ਜ਼ਮੀਨਾਂ ਨੂੰ ਵੀ ਸੋਨਾ ਉਗਲਣ ਵਾਲੀਆਂ ਜ਼ਮੀਨਾਂ ਵਿਚ ਬਦਲ ਦਿੱਤਾ। ਦਸਿਆ ਜਾਂਦਾ ਹੈ ਕਿ 'ਕਛ' ਦੀਆਂ ਬੰਜਰ ਜ਼ਮੀਨਾਂ ਦੇ ਸੋਨਾ ਉਗਲਣ ਵਾਲੀਆਂ ਜ਼ਮੀਨਾਂ ਵਿੱਚ ਬਦਲ ਜਾਣ ਦੇ ਫਲਸਰੂਪ ਸਥਾਨਕ ਲੋਕਾਂ ਦੀਆਂ ਨਜ਼ਰਾਂ ਬਦਲ ਗਈਆਂ ਤੇ ਉਨ੍ਹਾਂ ਜ਼ਮੀਨਾਂ ਪੁਰ ਕਬਜ਼ਾ ਕਰਨ ਦੇ ਉਦੇਸ਼ ਨਾਲ ਉਨ੍ਹਾਂ ਕਈ ਤਰ੍ਹਾਂ ਦੇ ਹੱਥਕੰਡਿਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਪ੍ਰੰਤੂ ਰਾਜ ਸਰਕਾਰ ਦਾ ਸਹਿਯੋਗ ਨਾ ਮਿਲ ਪਾਣ ਦੇ ਕਾਰਣ ਉਨ੍ਹਾਂ ਨੂੰ ਆਪਣੇ ਉਦੇਸ਼ ਵਿੱਚ ਸਫਲਤਾ ਨਾ ਮਿਲ ਸਕੀ। ਸਮੇਂ ਦੇ ਨਾਲ ਰਾਜ ਸਰਕਾਰਾਂ ਬਦਲੀਆਂ ਅਤੇ ਉਨ੍ਹਾਂ ਪੁਰ 'ਕਛ' ਦੇ ਸਥਾਨਕ ਲੋਕਾਂ ਦਾ ਪ੍ਰਭਾਵ ਵੀ ਵੱਧਣ ਲਗ ਪਿਆ, ਇਸਦੇ ਨਾਲ ਹੀ ਪੰਜਾਬੀ ਕਿਸਾਨਾਂ ਲਈ ਮੁਸ਼ਕਲਾਂ ਵੀ ਖੜੀਆਂ ਹੋਣੀਆਂ ਸ਼ੁਰੂ ਹੋ ਗਈਆਂ। ਕਿਹਾ ਜਾਂਦਾ ਹੈ ਕਿ ਅਜਿਹੇ ਸਮੇਂ ਵਿੱਚ ਸਥਾਨਕ ਲੋਕਾਂ ਦੇ ਪ੍ਰਭਾਵ ਵਿੱਚ ਆ ਰਾਜ ਸਰਕਾਰ ਵਲੋਂ ਪੰਜਾਬੀ ਕਿਸਾਨਾਂ ਪੁਰ ਗੁਜਰਾਤ ਤੋਂ ਪਲਾਇਨ ਕਰ ਜਾਣ ਦਾ ਦਬਾਉ ਵਧਾਇਆ ਜਾਣ ਲਗ ਪਿਆ। ਕੁਝ ਪੰਜਾਬੀ ਕਿਸਾਨਾਂ ਨੂੰ ਉਨ੍ਹਾਂ ਦੀਆਂ ਖੂਨ ਪਸੀਨੇ ਨਾਲ ਸਿੰਜੀਆਂ ਜ਼ਮੀਨਾਂ ਤੋਂ ਬੇ-ਦਖਲ ਵੀ ਕਰ ਦਿੱਤਾ ਗਿਆ। ਜਿਸਦੇ ਵਿਰੁਧ ਉਨ੍ਹਾਂ ਹਾਈਕੋਰਟ ਦੀ ਜਾ ਸ਼ਰਨ ਲਈ। ਜਿਥੇ ਲੰਮੀ ਲੜਾਈ ਲੜਨ ਤੋਂ ਬਾਅਦ ਉਨ੍ਹਾਂ ਨੂੰ ਰਾਹਤ ਮਿਲ ਸਕੀ। ਦਸਿਆ ਗਿਆ ਹੈ ਕਿ ਸਥਾਨਕ ਲੋਕਾਂ ਦੇ ਦਬਾਉ ਹੇਠ ਰਾਜ ਸਰਕਾਰ ਨੇ ਹਾਈਕੋਰਟ ਦੇ ਫੈਸਲੇ ਨੂੰ ਸੁਪ੍ਰੀਮ ਕੋਰਟ ਜਾ ਵਿੱਚ ਚੁਨੌਤੀ ਦਿੱਤੀ। ਜਿਥੇ ਪਿਛਲੇ ਪੰਜ ਸਾਲਾ ਤੋਂ ਉਨ੍ਹਾਂ ਦੀ ਲੜਾਈ ਜਾਰੀ ਹੈ। ਇਉਂ ਜਾਪਦਾ ਹੈ ਕਿ ਜਿਵੇਂ ਰਾਜ ਸਰਕਾਰ ਪੰਜਾਬੀ ਕਿਸਾਨਾਂ ਨੂੰ ਉਥੋਂ ਉਜਾੜਨ ਲਈ ਲਕ ਬੰਨ੍ਹ ਕੇ ਜੁਟ ਗਈ ਹੋਈ ਹੈ।

ਆਪਣੇ ਇਸੇ ਉਦੇਸ਼ ਨੂੰ ਮੁੱਖ ਰਖਕੇ ਉਸਨੇ ਉਨ੍ਹਾਂ ਨੂੰ ਤੰਗ ਤੇ ਪ੍ਰੇਸ਼ਾਨ ਕਰ ਗੁਜਰਾਤ ਤੋਂ ਪਲਾਇਨ ਕਰ ਜਾਣ ਤੇ ਮਜਬੂਰ ਕਰਨ ਲਈ ਬੈਂਕਾਂ ਤੋਂ ਉਨ੍ਹਾਂ ਨੂੰ ਮਿਲਣ ਵਾਲੇ ਕਰਜ਼ਿਆਂ ਪੁਰ ਰੋਕ ਲਾ ਦਿੱਤੀ ਹੈ। ਇਤਨਾ ਹੀ ਨਹੀਂ ਆਪਣੀਆਂ ਜ਼ਮੀਨਾਂ ਨੂੰ ਵੇਚਣ ਤੇ ਉਨ੍ਹਾਂ ਦੇ ਕਿਸੇ ਹੋਰ ਨਾਂ 'ਤੇ ਬਦਲਣ ਦੇ ਰਸਤੇ ਵਿੱਚ ਵੀ ਰੁਕਾਵਟਾਂ ਖੜੀਆਂ ਕਰ ਦਿੱਤੀਆਂ ਗਈਆਂ ਹਨ।



ਕਈ ਵਾਰ ਗੁਹਾਰ ਲਾਈ : ਇਹ ਵੀ ਦਸਿਆ ਗਿਆ ਕਿ ਗੁਜਰਾਤ ਦੇ ਪੰਜਾਬੀ ਕਿਸਾਨਾਂ ਦੇ ਪ੍ਰਤਿਨਿਧੀ ਬਾਰ-ਬਾਰ ਪੰਜਾਬ ਜਾ, ਅਕਾਲੀ ਆਗੂਆਂ ਦੇ ਦਰ ਤਕ ਪਹੁੰਚ, ਉਨ੍ਹਾਂ ਦੇ ਦਰਬਾਰ ਵਿੱਚ ਆਪਣਾ ਬਚਾਉ ਕਰਨ ਦੀ ਗੁਹਾਰ ਲਾਉਂਦੇ ਰਹੇ। ਉਨ੍ਹਾਂ ਨੇ ਉਨ੍ਹਾਂ ਪਾਸੋਂ ਇਥੋਂ ਤਕ ਮੰਗ ਕੀਤੀ ਕਿ ਉਹ ਆਪਣੀ ਭਾਈਵਾਲ ਪਾਰਟੀ ਪੁਰ ਦਬਾਉ ਬਣਾ, ਉਨ੍ਹਾਂ ਨੂੰ ਇਨਸਾਫ ਦੁਆਉਣ। ਪਰ ਉਨ੍ਹਾਂ ਦੇ ਕੰਨਾਂ ਪੁਰ ਜੂੰ ਤਕ ਨਹੀਂ ਰੈਂਗੀ। ਉਨ੍ਹਾਂ ਅਕਾਲੀ ਆਗੂਆਂ ਨੂੰ ਇਹ ਵੀ ਕਿਹਾ ਕਿ ਉਹ ਪ੍ਰਧਾਨ ਮੰਤ੍ਰੀ ਨੂੰ ਉਨ੍ਹਾਂ ਵਲੋਂ ਲੁਧਿਆਣਾ ਰੈਲੀ ਵਿੱਚ ਕੀਤੇ ਗਏ ਉਸ ਵਾਇਦੇ ਦੀ ਯਾਦ ਕਰਵਾ ਉਨ੍ਹਾਂ ਦੀ ਸੁਰਖਿਆ ਨਿਸਚਿਤ ਕਰਵਾਣ ਜਿਸ ਵਿੱਚ ਉਨ੍ਹਾਂ ਭਰੋਸਾ ਦੁਆਇਆ ਸੀ ਕਿ ਗੁਜਰਾਤ ਵਿਚੋਂ ਕਿਸੇ ਵੀ ਪੰਜਾਬੀ ਨੂੰ ਉਜਾੜਿਆ ਨਹੀਂ ਜਾਇਗਾ।

**ਸਿੱਖ ਕਤਲੇਆਮ ਬਨਾਮ ਪੁਲਿਸ :** ਨਵੰਬਰ-84 ਕਦ ਸਿੱਖ ਕਤਲੇਆਮ ਨਾਲੇ ਸੰਬੰਧਤ ਅਗਰਵਾਲ-ਜੈਨ ਅਤੇ ਕਪੂਰ-ਮਿੱਤਲ ਜਾਂਚ ਕਮੇਟੀਆਂ ਦੀਆਂ ਜਾਂਚ ਰਿਪੋਰਟਾਂ ਵਿੱਚ ਜਿਨ੍ਹਾਂ 72 ਪੁਲਿਸ ਕਰਮਚਾਰੀਆਂ, ਜਿਨ੍ਹਾਂ ਵਿੱਚ 6 ਆਈਪੀਐਸ ਅਧਿਕਾਰੀ ਵੀ ਸ਼ਾਮਲ ਹਨ, ਨੂੰ ਸਿੱਖ ਕਤਲੇਆਮ ਦੇ ਦੌਰਾਨ ਮੂਕ ਦਰਸ਼ਕ ਬਣੇ ਰਹਿਣ, ਕਾਤਲਾਂ ਅਤੇ ਲੁਟੇਰਿਆਂ ਦੀ ਸਹਾਇਤਾ ਕਰਨ ਕਦ ਦੋਸ਼ੀ ਕਰਾਰ ਦਿੱਤਾ ਗਿਆ ਹੈ, ਉਨ੍ਹਾਂ ਦੇ ਵਿਰੁਧ ਐਫਆਇਨੂੰਆਰ ਦਰਜ ਕਰ ਕਾਨੂੰਨੀ ਕਾਰਵਾਈ ਅਤੇ ਕਤਲੇਆਮ ਨਾਲ ਸੰਬੰਧਤ ਮਾਮਲਿਆਂ ਪੁਰ ਲਗਾਤਾਰ ਸੁਣਵਾਈ ਕਰ, ਉਨ੍ਹਾਂ ਦਾ ਜਲਦੀ ਨਿਪਟਾਰਾ ਕੀਤੇ ਜਾਣ ਦੀ ਮੰਗ ਨੂੰ ਲੈ ਕੇ, ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਮੈਂਬਰ ਸ. ਗੁਰਲਾਡ ਸਿੰਘ ਕਾਹਲੋਂ ਵਲੋਂ ਸੁਪ੍ਰੀਮ ਕੋਰਟ ਵਿੱਚ ਇੱਕ ਲਜਨਹਿਤ ਯਾਚਕਾ (ਪੀਆਈਐਲ) ਦਾਖਲ ਕੀਤੀ ਗਈ। ਜਿਸਪੁਰ ਅਰੰਭਕ ਸੁਣਵਾਈ ਕਰਨ ਤੋਂ ਬਾਅਦ ਮਾਣਯੋਗ ਅਦਾਲਤ ਨੇ ਉਸਨੂੰ ਸੁਣਵਾਈ ਲਈ ਸਵੀਕਾਰ ਕਰ ਲਿਆ ਤੇ ਇਨ੍ਹਾਂ ਮਾਮਲਿਆਂ ਵਿੱਚ ਆਪਣਾ ਜਵਾਬ ਦਾਖਲ ਕਰਨ ਲਈ ਸਰਕਾਰ ਦੇ ਨਾਂ ਨੋਟਿਸ ਜਾਰੀ ਕਰ ਦਿੱਤਾ। ਇਹ ਜਾਣਕਾਰੀ ਦਿੰਦਿਆਂ ਸ. ਗੁਰਲਾਡ ਸਿੰਘ ਕਾਹਲੋਂ ਨੇ ਦਸਿਆ ਕਿ ਉਨ੍ਹਾਂ ਇਹ ਯਾਚਿਕਾ ਇਸੇ ਸਾਲ ਜਨਵਰੀ ਵਿੱਚ ਦਾਖਲ ਕੀਤੀ ਸੀ।

ਇਥੇ ਇਹ ਗਲ ਵਰਨਣਯੋਗ ਹੈ ਕਿ ਨਵੰਬਰ-84 ਦੇ ਸਿੱਖ ਕਤਲੇਆਮ ਤੋਂ ਬਾਅਦ ਇਸ ਕਾਂਡ ਨਾਲ ਸੰਬੰਧਤ ਸਾਰੇ ਹਾਲਾਤ ਦੀ ਜਾਂਚ ਕਰਨ ਲਈ ਸਰਕਾਰੀ ਅਤੇ ਗੈਰ-ਸਰਕਾਰੀ ਕਈ ਕਮਿਸ਼ਨਾਂ ਅਤੇ ਕਮੇਟੀਆਂ ਦਾ ਗਠਨ ਕੀਤਾ ਗਿਆ ਸੀ, ਜਿਨ੍ਹਾਂ ਆਪਣੀਆਂ ਜਾਂਚ ਰਿਪੋਰਟਾਂ ਵਿੱਚ ਕਤਲੇਆਮ ਲਈ ਜ਼ਿਮੇਂਦਾਰ ਦੋਸ਼ੀਆਂ ਦੀ ਪਛਾਣ ਸਥਾਪਤ ਕਰਦਿਆਂ, ਉਨ੍ਹਾਂ ਵਿਰੁੱਧ ਕਾਰਵਾਈ ਕੀਤੇ ਜਾਣ ਦੀ ਸਿਫਾਰਿਸ਼ ਕੀਤੀ ਸੀ। ਇਸੇ ਉਦੇਸ਼ ਲਈ ਗਠਤ ਕਪੂਰ-ਮਿੱਤਲ ਤੇ ਅਗਰਵਾਲ-ਜੈਨ ਜਾਂਚ ਕਮੇਟੀਆਂ ਨੇ ਆਪਣੀਆਂ ਜਾਂਚ ਰਿਪੋਰਟਾਂ ਵਿੱਚ ਸਿੱਖ ਕਤਲੇਆਮ ਦੌਰਾਨ ਦਿੱਲੀ ਪੁਲਿਸ ਵਲੋਂ ਨਿਭਾਈ ਗਈ ਭੂਮਿਕਾ ਦੀ ਜਾਂਚ ਕਰਦਿਆਂ, ਜਿਥੇ ਤਿੰਨ ਦਿਨ ਲਗਾਤਾਰ ਚਲਦੇ ਰਹੇ ਕਤਲੇਆਮ ਦੌਰਾਨ, ਉਸਦੇ ਮੂਕ ਦਰਸ਼ਕ ਬਣੇ ਰਹਿਣ ਅਤੇ ਉਸ ਵਲੋਂ ਕਾਤਲਾਂ-ਲੁਟੇਰਿਆਂ ਦੀ ਮਦਦ ਕੀਤੇ ਜਾਣ ਨੂੰ ਉਸਦਾ ਬਹੁਤ ਹੀ ਗੰਭੀਰ ਅਪਰਾਧ ਮੰਨਿਆ, ਉਥੇ ਹੀ ਅਜਿਹੇ ਅਪਰਾਧ ਲਈ ਦੋਸ਼ੀ 72 ਅਜਿਹੇ ਪੁਲਿਸ ਕਰਮਚਾਰੀਆਂ, ਜਿਨ੍ਹਾਂ ਵਿੱਚ ੬ ਆਈਪੀਐਸ ਅਧਿਕਾਰੀ ਵੀ ਸ਼ਾਮਲ ਸਨ, ਦੀ ਪਛਾਣ ਸਥਾਪਤ ਕਰ, ਉਨ੍ਹਾਂ ਵਿਰੁੱਧ ਸਖਤ-ਤੋਂ-ਸਖਤ ਕਾਰਵਾਈ ਕੀਤੇ ਜਾਣ ਦੀ ਸਿਫਾਰਿਸ਼ ਵੀ ਕੀਤੀ ਸੀ। ਮੰਨਿਆ ਜਾਂਦਾ ਹੈ ਕਿ ਉਸ ਸਮੇਂ ਰਾਜਸੀ ਪ੍ਰਭਾਵ ਦੇ ਚਲਦਿਆਂ ਅਜਿਹੀਆਂ ਜਾਂਚ ਰਿਪੋਰਟਾਂ ਪੁਰ ਕੋਈ ਕਾਰਵਾਈ ਨਹੀਂ ਸੀ ਹੋ ਸਕੀ ਅਤੇ ਉਹ ਰਿਪੋਰਟਾਂ ਫਾਈਲਾਂ ਵਿੱਚ ਦਬ ਕੇ ਰਹਿ ਗਈਆਂ। ਸ. ਗੁਰਲਾਡ ਸਿੰਘ ਕਾਹਲੋਂ ਨੇ ਦਸਿਆ ਕਿ ਦਿੱਲੀ ਪੁਲਿਸ ਅਤੇ ਸੀਬੀਆਈ ਵਲੋਂ ਇਸ ਕਤਲੇਆਮ ਨਾਲ ਸੰਬੰਧਤ ਕਈ ਮਾਮਲਿਆਂ ਨੂੰ ਗਵਾਹ ਜਾਂ ਸਬੂਤ ਨਾ ਮਿਲ ਪਾਣ, ਨੂੰ ਅਧਾਰ ਬਣਾ, ਬੰਦ ਕਰ ਦਿੱਤਾ ਗਿਆ ਸੀ। ਜਿਨ੍ਹਾਂ ਨੂੰ ਫਿਰ ਤੋਂ ਖੋਲ੍ਹਣ ਅਤੇ ਉਨ੍ਹਾਂ ਦੀ ਜਾਂਚ ਕਰਵਾਏ ਜਾਣ ਦੀ ਮੰਗ ਦੇ ਵਧਦਿਆਂ ਜਾਣ ਦੇ ਦਬਾਅ ਦੇ ਚਲਦਿਆਂ ਕੇਂਦ੍ਰੀ ਸਰਕਾਰ ਦੇ ਗ੍ਰਹਿ ਵਿਭਾਗ ਵਲੋਂ ਇਨ੍ਹਾਂ ਮਾਮਲਿਆਂ ਨੂੰ ਫਿਰ ਤੋਂ ਖੋਲ੍ਹਣ ਅਤੇ ਉਨ੍ਹਾਂ ਦੀ ਜਾਂਚ ਕਰਨ ਲਈ ਵਿਸ਼ੇਸ਼ ਜਾਂਚ ਦਲ (ਸਿਟ) ਦਾ ਗਠਨ ਕੀਤਾ ਗਿਆ।

ਅਤੇ ਅੰਤ ਵਿੱਚ : ਦਿੱਲੀ ਪੁਲਿਸ ਅਤੇ ਸੀਬੀਆਈ ਵਲੋਂ ਸਿੱਖ ਕਤਲੇਆਮ ਨਾਲ ਸੰਬੰਧਤ ਮਾਮਲਿਆਂ ਨੂੰ ਬੰਦ ਕਰਨ ਦੀ ਸ਼ੁਰੂ ਕੀਤੀ ਗਈ ਕਾਰਵਾਈ ਵਿਰੁਧ ਸ. ਗੁਰਲਾਡ ਸਿੰਘ ਕਾਹਲੋਂ ਨੇ ੨੦੧੬ ਵਿੱਚ ਸੁਪ੍ਰੀਮ ਕੋਰਟ ਵਿੱਚ ਇੱਕ ਜਨਹਿਤ ਯਾਚਕਾ ਦਾਖਲ ਕੀਤੀ, ਜਿਸ ਵਿੱਚ ਉਨ੍ਹਾਂ ਇਸ ਕਾਰਵਾਈ ਪੁਰ ਸ਼ੰਕਾ ਪ੍ਰਗਟ ਕਰਦਿਆਂ, ਮੰਗ ਕੀਤੀ ਕਿ ਅਦਾਲਤ ਆਪਣੀ ਨਿਗਰਾਨੀ ਹੇਠ 'ਵਿਸ਼ੇਸ਼ ਜਾਂਚ ਦਲ' ਦਾ ਗਠਨ ਕਰ, ਇਨ੍ਹਾਂ ਮਾਮਿਆਂ ਦੀ ਜਾਂਚ ਕਰਵਾਏ। ਉਨ੍ਹਾਂ ਦੀ ਇਸ ਮੰਗ ਨੂੰ ਸਵੀਕਾਰ ਕਰਦਿਆਂ ਅਦਾਲਤ ਨੇ ਜਸਟਿਸ ਐਸਐਨ ਢੀਂਗਰਾ ਦੀ ਅਗਵਾਈ ਵਿੱਚ ਵਿਸ਼ੇਸ਼ ਜਾਂਚ ਦਲ ਦਾ ਗਠਨ ਕਰ ਦਿੱਤਾ। ਸ. ਗੁਰਲਾਡ ਸਿੰਘ ਕਾਹਲੋਂ ਅਨੁਸਾਰ ਇਨ੍ਹਾਂ ਜਤਨਾਂ ਸਦਕਾ ਹੀ ਬੰਦ ਕਰ ਦਿੱਤੇ ਗਏ ਕਈ ਮਾਮਲੇ ਫਿਰ ਤੋਂ ਖੁਲ੍ਹੇ ਅਤੇ ਉਨ੍ਹਾਂ ਪੁਰ ਕਾਰਵਾਈ ਹੋਈ, ਜਿਸਦੇ ਚਲਦਿਆਂ ਕਈ ਮੁੱਖ ਦੋਸ਼ੀਆਂ ਨੂੰ ਸਜ਼ਾ ਮਿਲ ਪਾਣ ਦਾ ਰਸਤਾ ਸਾਫ ਹੋਇਆ ਅਤੇ ਹੇਠਲੀਆਂ ਅਦਾਲਤਾਂ ਵਿੱਚ ਚਲ ਰਹੇ ਮਾਮਲਿਆਂ ਦੀ ਸੁਣਵਾਈ ਵਿੱਚ ਵੀ ਤੇਜ਼ੀ ਆਈ।

The minorities in India have loyally accepted the rule of the majority which is basically a communal majority and not a political majority. It is for the majority to realize its duty not to discriminate against minorities. Whether the minorities will continue or will vanish must depend upon this habit of majority. The moment the majority looses the habit of discriminating against the minority, the minorities can have no ground to exist. They will vanish.

Dr. Ambedkar





## Heartiest congratulations on

# Dr. Ambedkar's 128th birth anniversary



**Bihari Lal Chahal**



**Amardeep Chahal with his wife Promila Chahal**

## ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ

# THINKING OF BUYING OR SELLING COMMERCIAL PROPERTIES IN CALIFORNIA? CALL US NOW !



BH HS

BERKSHIRE HATHAWAY HomeServices

Elite Real Estate

COMMERCIAL DIVISION



**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## *SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND*




"$134,000 Indian Restaurant with beer and wine license"




"$599,900 High volume liquor store", "Gross $100k+/Month"




"$649,000 High Volume Liquor Store", "Gross $90k+/Month"




"$4.4 Million Gas Station with Real Estate", "High Volume"

**CALL US FOR FREE CONSULTATION ABOUT SELLING YOUR GAS STATION OR HOTEL. WE CAN ALSO GIVE YOU OUR EXPERT ADVISE ON VALUE OF YOUR GAS STATION OR ANY COMMERCIAL PROPERTY.**

*SPEAK WITH A PROFESSIONAL REALTOR TODAY!*

*WE HAVE QUALIFIED BUYERS FOR GAS STATIONS AND LIQUOR STORES.*

**THE RIGHT AGENT HELPS GUIDE YOU TO YOUR DREAM PROPERTY.**

**WWW.BHHCOMMERCIAL.COM**

Chevron SHELL ARCO ampm Mobil Holiday Inn Best Western

# 7412 ELSIE AVE, SACRAMENTO CA 95828

# ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਤ 19 ਵਾਂ ਸਲਾਨਾ ਮੇਲਾ ਫਰਿਜਨੋ ਵਿਚ ਸੰਪਨ






























(ਸੰਬੰਧਤ ਖਬਰ ਦੇਖੋ ਸਫ਼ਾ 5 'ਤੇ)

ਜੈ ਭੀਮ

ਅਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ।

ਜੈ ਭਾਰਤ



# ਬਹੁਜਨ ਸਮਾਜ ਪਾਰਟੀ ਸਮਰਥਕ ਯੂਨਿਟ

## ਨਿਊਯਾਰਕ (ਯੂ.ਐੱਸ.ਏ.) ਵਲੋਂ

**ਮਿਤੀ 14 ਅਪ੍ਰੈਲ 2019 ਦਿਨ ਐਤਵਾਰ ਨੂੰ**

ਭਾਰਤੀ ਐਜੂਕੇਸ਼ਨ ਦੇ ਜਨਕ **ਮਹਾਤਮਾ ਜੋਤੀਬਾ ਫੂਲੇ ਮਹਾਰਾਜ ਜੀ,**
ਵਿਸ਼ਵ ਰਤਨ ਬਾਬਾ ਸਾਹਿਬ **ਡਾ. ਭੀਮ ਰਾਓ ਅੰਬੇਡਕਰ ਜੀ** ਅਤੇ
ਯੁੱਗ ਪੁਰਸ਼ ਸਾਹਿਬ **ਸ੍ਰੀ ਕਾਂਸ਼ੀ ਰਾਮ ਜੀ** ਦਾ

# ਜਨਮ ਦਿਨ

**14 ਅਪ੍ਰੈਲ 2019 ਦਿਨ ਐਤਵਾਰ**

ਸਮਾਂ: ਸਵੇਰੇ 11:00 ਵਜੇ ਤੋਂ ਸ਼ਾਮ 5:00 ਵਜੇ ਤੱਕ

ਸਥਾਨ:

**FIVE STAR BANQUET**

13-05 43rd Ave, Long Island City,
NY 11101

ਬਹੁਤ ਹੀ ਉਤਸ਼ਾਹ ਨਾਲ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਮਨਾਇਆ ਜਾ ਰਿਹਾ ਹੈ।

ਜਿਸ ਵਿੱਚ ਮਿਸ਼ਨਰੀ ਬੁਲਾਰੇ, ਢਾਡੀ ਜੱਥੇ ਅਤੇ ਪ੍ਰਸਿੱਧ ਕਲਾਕਾਰ ਪਹੁੰਚਣਗੇ ਜੋ ਕਿ ਬਹੁਜਨ ਸਮਾਜ ਦੇ ਰਹਿਬਰਾਂ ਦੇ ਜੀਵਨ, ਸੰਘਰਸ਼ ਅਤੇ ਸਿਧਾਂਤ ਬਾਰੇ ਚਾਨਣਾ ਪਾਉਣਗੇ। ਆਜ਼ਾਦੀ ਤੋਂ ਬਾਅਦ ਨਿਰੰਤਰ ਬਹੁਜਨ ਸਮਾਜ ਤੇ ਹੋ ਰਹੀ ਧੱਕੇਸ਼ਾਹੀ ਨੂੰ ਰੋਕਣ ਵਾਸਤੇ ਮਿਸ਼ਨ 2019 ਲਈ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾਉਣਾ ਬਹੁਤ ਹੀ ਜ਼ਰੂਰੀ ਹੈ। ਆਜ਼ਾਦ ਭਾਰਤ ਦੀ ਆਜ਼ਾਦ ਕੌਮ ਕਿੰਨਾ ਚਿਰ ਹੋਰ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜੀ ਰਹੇਗੀ। ਜੇਕਰ ਇਨ੍ਹਾਂ ਜੰਜ਼ੀਰਾਂ ਨੂੰ ਤੋੜਨਾ ਚਾਹੁੰਦੇ ਹੋ ਤਾਂ ਆਓ ਬਹੁਜਨ ਸਮਾਜ ਪਾਰਟੀ ਦਾ ਤਨੋ, ਮਨੋ, ਅਤੇ ਧਨੋ ਸਾਥ ਦਿਓ। ਸੋ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਪ ਪਰਿਵਾਰਾਂ ਸਮੇਤ ਪਹੁੰਚੋਂ ਜੀ। ਅਸੀਂ ਆਪ ਜੀ ਦੇ ਬਹੁਤ ਹੀ ਧੰਨਵਾਦੀ ਹੋਵਾਂਗੇ।

**SPEAKER**



ਪ੍ਰੇਮ ਕੁਮਾਰ ਚੁੰਬਰ
ਸੰਪਾਦਕ: 'ਅੰਬੇਡਕਰ ਟਾਈਮਜ਼' (ਅੰਗਰੇਜ਼ੀ)
'ਦੇਸ਼ ਦੁਆਬਾ' (ਹਫਤਾਵਾਰੀ ਪੰਜਾਬੀ)

**ਪਹੁੰਚ ਰਹੇ ਕਲਾਕਾਰ**



ਲਖਵਿੰਦਰ ਲੱਕੀ



ਸੀਮਾ ਮੱਟੂ



ਰਮਨਦੀਪ ਕਲਸੀ

**ਪਹੁੰਚ ਰਿਹਾ ਢਾਡੀ ਜੱਥਾ**



ਢਾਡੀ ਜੱਥਾ ਮੋਹਣ ਸਿੰਘ ਭੜ੍ਹਾਣਾ ਤੇ ਸਾਥੀ

**- Harmesh Bharsinghpuri**
(Ex. Gen. Sec. BSP Punjab &
Founder of BSP Smarthak Unit, NY)

- Chairman: Gurdial Singh
- Incharge: Parmjit Singh & Ram Saroop
- President: Harblas Lalli
- General Secretory: Harjinder Kumar
- Cashier: Master Kirpal Singh
- Senior Vice President: Ashwani Kumar
- Joint Cashier: Vijay Ghera

**Sponsor: CHARANJIT SINGH (JHALLLY) Jhally & Jhally Construction Company of NY.**

**SPEAKERS:**

- Prem Kumar Chumber
- BACHCHU LAL
  (Phd. Johns Hcpkins University Dr. Ambedkar NRI Association)
- B.R. GAUTAM
- TAJWINDER KHALSA

**SUPPORTERS**

- Santokh Bangay, Balvinder Bhaura,
- Kulwinder Singh Mahay, Paramjit Phillaur,
- Ramesh Singh, Manohar Kaler, Bhola Kaler,
- Makhan Singh Lotia, Chaman
- Lal Thapper, Surmit Sahota, JPR

**ORGANIZATIONS SUPPORT:**

- SHRI GURU RAVIDASS WELFARE SOCIETY OF NY
- MAHARISHI BHAGWAN BALMIK SOCIETY OF NY
- Dr. AMBEDKAR NRY ASSOCIATION OF AMERICA
- INDO AMERICAN HERITAGE FOUNDATION OF NY
- AR HELPING HANDS NY

Contact for more information: HARJINDER KUMAR 347-614-8026, PARMJIT SINGH 347-545-8224

Ptd. By : Parmindra Art Press